# ਪੰਜਾਬੀ ਪੁਸਤਕ-8

## ਅੱਠਵੀਂ ਜਮਾਤ

ਦੂਜੀ ਭਾਸ਼ਾ

K9T2Q9

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਰਿਵਾਇਜ਼ਡ ਐਡੀਸ਼ਨ 2022................................29,500 ਕਾਪੀਆਂ

All rights, including those of translation, reproduction and annotation etc., are reserved by the Punjab Government.

### ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)।
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਦੇ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।

ਸਮੱਗਰ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ- 160002 ਰਾਹੀਂ ਪ੍ਰਕਾਸ਼ਿਤ ਅਤੇ ਮੈਸ : ਕੰਨਵੀਨੀਅਟ ਪ੍ਰਿੰਟਿਰਜ਼, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਦੀ ਰਾਜ-ਭਾਸ਼ਾ ਹੋਣ ਸਦਕਾ ਪੰਜਾਬੀ ਨੂੰ ਰਾਜ ਦੇ ਸਕੂਲ ਸਿੱਖਿਆ-ਕ੍ਰਮ ਵਿੱਚ ਇੱਕ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਮੁੱਢ ਤੋਂ ਹੀ ਇਸ ਦੇ ਵਿਕਾਸ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਰਹੇ ਹਨ। ਇਸ ਸਿਲਸਿਲੇ ਵਿੱਚ ਬੋਰਡ ਦੁਆਰਾ ਰਾਜ ਦੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖਦੇ ਹੋਏ ਸਮੇ-ਸਮੇਂ 'ਤੇ ਪਾਠ-ਕ੍ਰਮਾਂ ਅਤੇ ਪਾਠ-ਪੁਸਤਕਾਂ ਨੂੰ ਨਵਿਆਇਆ ਜਾਂਦਾ ਹੈ।

ਹਥਲੀ ਪਾਠ-ਪੁਸਤਕ ਅੱਠਵੀਂ ਸ਼੍ਰੇਣੀ (ਦੂਜੀ ਭਾਸ਼ਾ) ਦੇ ਵਿਦਿਆਰਥੀਆਂ ਲਈ ਐੱਨ. ਸੀ. ਐੱਫ਼. 2005 ਅਤੇ ਪੀ. ਸੀ. ਐੱਫ਼. 2013 ਦੀਆਂ ਸਿਫ਼ਾਰਸ਼ਾਂ ਨੂੰ ਮੱਦੇਨਜ਼ਰ ਰੱਖਦਿਆਂ ਤਿਆਰ ਕੀਤੀ ਗਈ ਹੈ। ਇਸ ਪੁਸਤਕ ਨੂੰ ਤਿਆਰ ਕਰਦੇ ਸਮੇਂ ਛੋਟੇ ਬੱਚਿਆਂ ਦੀਆਂ ਰੁਚੀਆਂ ਦਾ ਪੂਰਾ ਧਿਆਨ ਰੱਖਿਆ ਗਿਆ ਹੈ। ਇਸ ਲਈ ਇਸ ਪੁਸਤਕ ਵਿੱਚ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਲੇਖ ਅਤੇ ਵਾਰਤਾਲਾਪ ਵਾਲ਼ੇ ਪਾਠ ਸ਼ਾਮਲ ਕਰਕੇ ਸੁੰਦਰ ਚਿੱਤਰਾਂ ਰਾਹੀਂ ਇਸ ਨੂੰ ਮਨਮੋਹਣਾ ਬਣਾਉਣ ਦਾ ਯਤਨ ਕੀਤਾ ਗਿਆ ਹੈ। ਬੱਚਿਆਂ ਦੀ ਸਹੂਲਤ ਲਈ ਇਸ ਪੁਸਤਕ ਦੇ ਪਾਠ-ਅਭਿਆਸਾਂ ਨੂੰ ਹੱਲ ਕਰਨ ਲਈ ਅਭਿਆਸ-ਪੁਸਤਕ ਦਾ ਰੂਪ ਦਿੱਤਾ ਗਿਆ ਹੈ।

ਇਹ ਪਾਠ-ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਉੱਪ ਡਾਇਰੈਕਟਰ ਅਕਾਦਮਿਕ ਸ੍ਰੀਮਤੀ ਅਮਰਜੀਤ ਕੌਰ ਦਾਲਮ ਦੀ ਅਗਵਾਈ ਹੇਠ ਸ੍ਰੀਮਤੀ ਪਰਮਿੰਦਰ ਕੌਰ ਵਿਸ਼ਾ-ਮਾਹਰ ਵੱਲੋਂ ਡਾ. ਵਰਿੰਦਰਜੀਤ ਵਾਤਿਸ਼, ਸ੍ਰੀ ਜਸਵੀਰ ਸਿੰਘ ਲੰਗੜੋਆ, ਸ੍ਰੀਮਤੀ ਆਸ਼ਾ ਪੁਰੀ, ਸ੍ਰੀ ਕਰਮਜੀਤ ਸਿੰਘ ਗਰੇਵਾਲ, ਸ੍ਰੀਮਤੀ ਸੁਨੀਲਮ ਮੰਡ ਅਤੇ ਸ੍ਰੀ ਅਮਰੀਕ ਸਿੰਘ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਉਹਨਾਂ ਸਭਨਾਂ ਲੇਖਕਾਂ ਦਾ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਧੰਨਵਾਦ ਕੀਤਾ ਜਾਂਦਾ ਹੈ, ਜਿਨ੍ਹਾਂ ਦੀਆਂ ਰਚਨਾਵਾਂ ਇਸ ਪਾਠ-ਪੁਸਤਕ ਵਿੱਚ ਸ਼ਾਮਲ ਕੀਤੀਆਂ ਗਈਆਂ ਹਨ। ਇਸ ਪੁਸਤਕ ਨੂੰ ਹੋਰ ਵਧੀਆ ਬਣਾਉਣ ਲਈ ਆਏ ਸੁਝਾਵਾਂ ਦਾ ਬੋਰਡ ਵੱਲੋਂ ਸਤਿਕਾਰ ਕੀਤਾ ਜਾਵੇਗਾ।

**ਚੇਅਰਮੈਨ**
**ਪੰਜਾਬ ਸਕੂਲ ਸਿੱਖਿਆ ਬੋਰਡ**

## ਤਤਕਰਾ


| ਲੜੀ ਨੰ. | ਪਾਠ | | ਲੇਖਕ | ਪੰਨਾ ਨੰ. |
|---|---|---|---|---|
| 1. | ਰਾਸ਼ਟਰੀ ਝੰਡਾ | ਕਵਿਤਾ | ਡਾ . ਹਰਨੇਕ ਸਿੰਘ ਕਲੇਰ | 1-3 |
| 2. | ਜਿੱਥੇ ਨਾਨੀ — ਉੱਥੇ ਨਾਨਕੇ | ਲੇਖ | ਦਰਸ਼ਨ ਸਿੰਘ ਬਨੂੜ | 4-8 |
| 3. | ਕਬੱਡੀ ਦੀ ਖੇਡ | ਲੇਖ | ਪ੍ਰਿੰ. ਸਰਵਣ ਸਿੰਘ | 9-13 |
| 4. | ਰਾਕ-ਗਾਰਡਨ ਦਾ ਨਿਰਮਾਤਾ — ਨੇਕ ਚੰਦ | ਜੀਵਨੀ | ਕੋਮਲ ਸਿੰਘ | 14-17 |
| 5. | ਵਿਸਾਖੀ ਦਾ ਮੇਲਾ | ਕਵਿਤਾ | ਮਾਨ ਸਿੰਘ ਹਕੀਰ | 18-20 |
| 6. | ਜਨਮ-ਦਿਨ ਦੀ ਪਾਰਟੀ | ਕਹਾਣੀ | ਡਾ. ਫ਼ਕੀਰ ਚੰਦ ਸ਼ੁਕਲਾ | 21-26 |
| 7. | ਸਫਲਤਾਵਾਂ ਅਤੇ ਅਸਫਲਤਾਵਾਂ | ਲੇਖ | ਦਲੀਪ ਸਿੰਘ ਵਾਸਣ | 27-30 |
| 8. | ਗੋਦੜੀ ਦਾ ਲਾਲ-ਯੋਗ ਰਾਜ | ਜੀਵਨੀ | ਅਮਰੀਕ ਸਿੰਘ ਦਿਆਲ | 31-36 |
| 9. | ਸਾਡੀ ਧਰਤੀ | ਕਵਿਤਾ | ਸੁਨੀਲਮ ਮੰਡ | 37-39 |
| 10. | ਗਿੱਦੜ-ਸਿੰਗੀ | ਕਹਾਣੀ | ਕਰਤਾਰ ਸਿੰਘ ਦੁੱਗਲ | 40-47 |
| 11. | ਸ਼ਹਿਦ ਦੀਆਂ ਮੱਖੀਆਂ | ਲੇਖ | ਪਵਨ ਕੁਮਾਰ | 48-52 |
| 12. | ਸ਼ਹੀਦ ਰਾਜਗੁਰੂ | ਜੀਵਨੀ | | 53-59 |
| 13. | ਵਤਨ | ਕਵਿਤਾ | | 60-63 |
| 14. | ਜੜ੍ਹ | ਕਹਾਣੀ | ਦਰਸ਼ਨ ਸਿੰਘ ਆਸ਼ਟ | 64-68 |
| 15. | ਅਲੋਪ ਹੋ ਰਹੇ ਜੀਵ-ਜੰਤੂ ਅਤੇ ਬਨਸਪਤੀ | ਲੇਖ | ਹਰੇਸ਼ ਕੁਮਾਰ ਸੈਣੀ | 69-74 |
| 16. | ਉਲੰਪਿਕ ਚੈਂਪੀਅਨ — ਅਭਿਨਵ ਬਿੰਦਰਾ | ਜੀਵਨੀ | ਪ੍ਰਿੰ: ਸਰਵਣ ਸਿੰਘ | 75-80 |
| 17. | ਪੰਜਾਬੀ | ਕਵਿਤਾ | ਸੁਰਜੀਤ ਸਖੀ | 81-83 |
| 18. | ਆਓ ਕਸੌਲੀ ਚੱਲੀਏ | ਸੈਰ-ਸਫ਼ਰ | ਦਰਸ਼ਨ ਸਿੰਘ ਬਨੂੜ | 84-88 |
| 19. | ਗੀਤ | ਕਵਿਤਾ | ਪ੍ਰੋ.ਜੋਗਾ ਸਿੰਘ | 89-91 |
| 20. | ਈਦਗਾਹ | ਕਹਾਣੀ | ਮੁਨਸ਼ੀ ਪ੍ਰੇਮ ਚੰਦ | 92-102 |
| 21. | ਡਾ. ਏ. ਪੀ. ਜੇ. ਅਬਦੁਲ ਕਲਾਮ | ਲੇਖ | ਡਾ. ਕੁਲਦੀਪ ਸਿੰਘ ਧੀਰ | 103-106 |
| 22. | ਅਸੀਂ ਮਨਾਉਂਦੇ ਹਾਂ | ਕਵਿਤਾ | ਰਾਜਮਿੰਦਰਪਾਲ ਸਿੰਘ ਪਰਮਾਰ | 107-109 |
| 23. | ਪਹਿਲ | ਕਹਾਣੀ | ਸਤਵਿੰਦਰ ਸਿੰਘ ਮੜੌਲਵੀ | 110-115 |
| 24. | ਸਮੇਂ-ਸਮੇਂ ਦੀ ਗੱਲ | ਲੇਖ | ਅਮਰੀਕ ਸਿੰਘ ਦਿਆਲ | 116-119 |
| 25. | ਘਰ ਦਾ ਜਿੰਦਰਾ | ਇਕਾਂਗੀ | ਡਾ. ਵਰਿੰਦਰਜੀਤ ਵਾਤਿਸ਼ | 120-124 |

ਪਾਠ-1

# ਰਾਸ਼ਟਰੀ ਝੰਡਾ

ਰਾਸ਼ਟਰੀ ਝੰਡਾ ਤਿਰੰਗਾ ਪਿਆਰਾ,
ਝੂੱਲੇ ਹਵਾ ਵਿੱਚ ਲੱਗਦਾ ਨਿਆਰਾ।

ਹਰੇ ਰੰਗ ਦੀ ਏ ਸ਼ਾਨ ਨਿਰਾਲੀ,
ਖੇਤਾਂ ਬੰਨੇ ਖੇੜੇ ਖ਼ੁਸ਼ਹਾਲੀ।
ਸੋਨਾ ਉਪਜੇ ਹਰ ਖੇਤ ਦਾ ਕਿਆਰਾ,
ਰਾਸ਼ਟਰੀ ਝੰਡਾ ਤਿਰੰਗਾ ਪਿਆਰਾ।

ਅਮਨ ਦੀ ਨਿਸ਼ਾਨੀ, ਰੰਗ ਹੈ ਚਿੱਟਾ,
ਜੀਓ ਤੇ ਜੀਣ ਦਿਓ, ਮੇਵਾ ਹੈ ਮਿੱਠਾ।
ਵਗਦੀ ਰਹੇ ਸਦਾ ਸ਼ਾਂਤੀ ਦੀ ਧਾਰਾ,
ਰਾਸ਼ਟਰੀ ਝੰਡਾ ਤਿਰੰਗਾ ਪਿਆਰਾ।

ਕੇਸਰੀ ਰੰਗ ਹੈ ਕੁਰਬਾਨੀ ਵਾਲ਼ਾ,
ਜੀਵੇ ਸਰਹੱਦਾਂ ਦਾ ਰਖਵਾਲਾ।
ਸੂਰਜ ਬਣ ਕੇ ਚਮਕੇ, ਦੇਸ ਦਾ ਸਿਤਾਰਾ,
ਰਾਸ਼ਟਰੀ ਝੰਡਾ ਤਿਰੰਗਾ ਪਿਆਰਾ।

ਗੀਤ ਤਿਰੰਗੇ ਦੇ ਰਲ਼ ਕੇ ਗਾਈਏ,
ਭਾਰਤ ਮਾਂ ਦੀ ਸ਼ਾਨ ਵਧਾਈਏ।
ਸਿਫ਼ਤਾਂ ਕਰਦਾ ਏ ਜੱਗ ਸਾਰਾ,
ਰਾਸ਼ਟਰੀ ਝੰਡਾ ਤਿਰੰਗਾ ਪਿਆਰਾ।

## ਪਾਠ- ਅਭਿਆਸ

1. **ਪ੍ਰਸ਼ਨਾਂ ਦੇ ਉੱਤਰ ਦਿਓ : .**

(ੳ) ਰਾਸ਼ਟਰੀ ਝੰਡੇ ਨੂੰ ਤਿਰੰਗਾ ਕਿਉਂ ਕਹਿੰਦੇ ਹਨ?

(ਅ) ਹਰਾ ਰੰਗ ਕਿਸ ਗੱਲ ਦਾ ਪ੍ਰਤੀਕ ਹੈ?

(ੲ) ਅਮਨ ਦੀ ਨਿਸ਼ਾਨੀ ਕਿਹੜਾ ਰੰਗ ਦਰਸਾਉਂਦਾ ਹੈ?

(ਸ) ਕੇਸਰੀ ਰੰਗ ਕਿਸ ਗੱਲ ਦਾ ਪ੍ਰਤੀਕ ਹੈ?

2. **ਖ਼ਾਲੀ ਸਥਾਨ ਭਰੋ :**

(ੳ) ਰਾਸ਼ਟਰੀ ਝੰਡਾ ---------ਪਿਆਰਾ।

(ਅ) ਹਰੇ ਰੰਗ ਦੀ ਏ ---------।

(ੲ) ------------- ਰੰਗ ਹੈ ਚਿੱਟਾ।

(ਸ) ਭਾਰਤ ਮਾਂ ਦੀ -------------।

(ਹ) -------- ਦੇਸ ਦਾ ਸਿਤਾਰਾ।

**ਪ੍ਰਸ਼ਨ 3. ਹੇਠਾਂ ਲਿਖੇ ਸ਼ਬਦਾਂ ਵਿੱਚੋਂ ਵਿਸ਼ੇਸ਼ਣ ਚੁਣੋ : -**

ਤਿਰੰਗਾ

ਖ਼ੁਸ਼ਹਾਲ

ਨਿਸ਼ਾਨੀ

ਗੀਤ

ਸ਼ਾਨ

ਸੂਰਜ

**ਪ੍ਰਸ਼ਨ3. ਹੇਠ ਲਿਖੇ ਸ਼ਬਦਾਂ ਨਾਲ਼ ਰਲ਼ਦੇ ਸ਼ਬਦ ਲਿਖੋ :**

ਪਿਆਰਾ ____________

ਨਿਰਾਲੀ ____________

ਚਿੱਟਾ ____________

ਸਿਤਾਰਾ ____________

ਗਾਈਏ ____________

5. ਪ੍ਰਸ਼ਨਾਂ ਦੇ ਉੱਤਰ ਦਿਓ : .

(ੳ) ਹਰੇ, ਚਿੱਟੇ ਤੇ ਕੇਸਰੀ ਰੰਗ ਦੀ ਕੀ ਮਹੱਤਤਾ ਹੈ?

(ਅ) ਕਵੀ ਨੇ ਕਿਨ੍ਹਾਂ ਸਤਰਾਂ ਵਿੱਚ ਭਾਰਤ ਪ੍ਰਤਿ ਪਿਆਰ ਪ੍ਰਗਟ ਕੀਤਾ ਹੈ?

(ੲ) ਖੇਤਾਂ ਵਿੱਚ ਖ਼ੁਸ਼ਹਾਲੀ ਕਿਵੇਂ ਟਹਿਕ ਰਹੀ ਹੈ?

(ਸ) ਤੁਸੀਂ ਰਾਸ਼ਟਰੀ ਝੰਡੇ ਬਾਰੇ ਹੋਰ ਕੀ ਜਾਣਕਾਰੀ ਰੱਖਦੇ ਹੋ?

(ਹ) ਕਵਿਤਾ ਵਿੱਚ ਪ੍ਰਮੁੱਖ ਤੌਰ 'ਤੇ ਕੀ ਵਰਨਣ ਕੀਤਾ ਗਿਆ ਹੈ?

ਪ੍ਰਸ਼ਨ 6. 'ਰਾਸ਼ਟਰੀ ਝੰਡਾ' ਕਵਿਤਾ ਨੂੰ ਰਲ਼ ਕੇ ਗਾਓ।

***

ਪਾਠ-2

# ਜਿੱਥੇ ਨਾਨੀ—ਉੱਥੇ ਨਾਨਕੇ

ਸਕੂਲ ਵਿੱਚ ਜੂਨ ਮਹੀਨੇ ਦੀਆਂ ਛੁੱਟੀਆਂ ਹੋ ਗਈਆਂ ਸਨ। ਸਹਿਜ ਪੂਰੇ ਜ਼ੋਰਾਂ-ਸ਼ੋਰਾਂ ਨਾਲ਼ ਆਪਣਾ ਛੁੱਟੀਆਂ ਦਾ ਕੰਮ ਮੁਕਾਉਣ ਲੱਗਿਆ ਹੋਇਆ ਸੀ। ਉਹ ਜਲਦੀ ਤੋਂ ਜਲਦੀ ਆਪਣਾ ਸਾਰਾ ਕੰਮ ਮੁਕਾ ਲੈਣਾ ਚਾਹੁੰਦਾ ਸੀ ਕਿਉਂਕਿ ਉਸ ਨੂੰ ਆਪਣੇ ਨਾਨਕੇ ਘਰ ਜਾਣ ਦੀ ਕਾਹਲ਼ੀ ਪਈ ਹੋਈ ਸੀ।

ਸਿਮਰਨ ਕਈ ਵਾਰ ਉਸ ਨੂੰ ਟੋਕਦੀ ਹੋਈ ਕਹਿੰਦੀ, "ਸਹਿਜ ਵੀਰੇ! ਏਦਾਂ ਨਹੀਂ ਕਰੀਦਾ ਕਿ ਛੁੱਟੀਆਂ ਦਾ ਸਾਰਾ ਕੰਮ ਇੱਕੋ ਦਿਨ ਵਿੱਚ ਨਿਬੇੜ ਦੇਈਏ। ਇਹ ਤਾਂ ਹਰ ਰੋਜ਼ ਥੋੜ੍ਹਾ-ਥੋੜ੍ਹਾ ਕਰਕੇ ਮੁਕਾਉਣਾ ਹੁੰਦਾ ਹੈ।"

ਸਹਿਜ ਨੇ ਸਿਮਰਨ ਦੀ ਗੱਲ ਨੂੰ ਅਣਗੌਲ਼ਿਆਂ ਕਰਦਿਆਂ ਹੋਇਆਂ ਕਿਹਾ, "ਬੱਸ, ਆਪਣਾ ਤਾਂ ਦੋ ਕਾਪੀਆਂ ਦਾ ਕੰਮ ਰਹਿ ਗਿਆ ਹੈ। ਉਹ ਵੀ ਅੱਜ ਸ਼ਾਮ ਤੱਕ ਨਿਬੇੜ ਦੇਣਾ ਹੈ। ਫੇਰ ਆਪਾਂ ਵਿਹਲੇ।"

ਸਿਮਰਨ ਸਹਿਜ ਨੂੰ ਸਮਝਾਉਣ ਦੀ ਕੋਸ਼ਸ਼ ਕਰਦੀ ਪਰ ਉਸ ਨੂੰ ਤਾਂ ਕੰਮ ਮੁਕਾਉਣ ਦੀ ਕਾਹਲ਼ੀ ਸੀ। ਸਹਿਜ ਨੇ ਦੋ ਦਿਨਾਂ ਵਿੱਚ ਹੀ ਆਪਣਾ ਕੰਮ ਨਿਬੇੜ ਕੇ ਸਕੂਲ-ਬੈਗ ਕਿੱਲੀ ਉੱਤੇ ਟੰਗ ਦਿੱਤਾ।



ਸਿਮਰਨ ਨੇ ਸਮਾਂ-ਸਾਰਨੀ ਬਣਾ ਕੇ ਆਪਣਾ ਕੰਮ ਸ਼ੁਰੂ ਕੀਤਾ। ਉਹ ਹਰ ਰੋਜ਼ ਹਰ ਵਿਸ਼ੇ ਦਾ ਅੱਧਾ-ਅੱਧਾ ਘੰਟਾ ਲਾ ਕੇ ਕੰਮ ਕਰਦੀ।

"ਮੰਮੀ, ਮੇਰਾ ਕੰਮ ਖ਼ਤਮ ਹੋ ਗਿਆ ਹੈ। ਹੁਣ ਆਪਾਂ ਕਦੋਂ ਜਾਣਾ ਹੈ, ਨਾਨਕੇ?" ਸਹਿਜ ਨੇ ਆਪਣੀ ਮੰਮੀ ਦੇ ਲਾਗੇ ਬੈਠਦਿਆਂ ਕਿਹਾ।

"ਸਹਿਜ, ਇਸ ਵਾਰ ਗਰਮੀ ਬਹੁਤ ਹੈ। ਅਰਾਮ ਨਾਲ਼ ਘਰ ਬੈਠੋ। ਨਾਲ਼ੇ ਪਿੰਡ ਕਿੰਨਾ-ਕਿੰਨਾ ਚਿਰ ਬਿਜਲੀ ਨਹੀਂ ਆਉਂਦੀ। ਹਾਂ, ਸੱਚ, ਨਾਲ਼ੇ ਸਿਮਰਨ ਕਹਿੰਦੀ ਸੀ ਕਿ ਤੂੰ ਸਾਰੇ ਮਹੀਨੇ ਦਾ ਸਕੂਲ ਦਾ ਕੰਮ ਦੋ

ਦਿਨਾਂ ਵਿੱਚ ਹੀ ਨਿਬੇੜ ਦਿੱਤਾ ਹੈ। ਛੁੱਟੀਆਂ ਦਾ ਇਹ ਮਤਲਬ ਨਹੀਂ ਹੁੰਦਾ ਕਿ ਦੋ ਦਿਨਾਂ ਵਿੱਚ ਹੀ ਛੁੱਟੀਆਂ ਦਾ ਹੀ ਸਾਰਾ ਕੰਮ ਨਿਬੇੜ ਲਵੋ ਤੇ ਬਾਕੀ ਸਾਰਾ ਮਹੀਨਾ ਵਿਹਲੇ ਰਹੋ। ਥੋੜ੍ਹਾ-ਥੋੜ੍ਹਾ ਕੰਮ ਹਰ ਰੋਜ਼ ਕਰਨਾ ਹੁੰਦਾ ਹੈ ਤਾਂਕਿ ਪੜ੍ਹਾਈ ਵਿੱਚ ਲਗਾਤਾਰ ਰੁਚੀ ਬਣੀ ਰਹੇ," ਸਹਿਜ ਦੀ ਮੰਮੀ ਨੇ ਉਸ ਨੂੰ ਸਮਝਾਉਂਦਿਆਂ ਕਿਹਾ।

"ਮੰਮੀ, ਇਸ ਨੂੰ ਸਮਝਾਉਣ ਦਾ ਕੋਈ ਫ਼ਾਇਦਾ ਨਹੀਂ," ਸਿਮਰਨ ਨੇ ਆਪਣੀ ਮੰਮੀ ਕੋਲ਼ੋਂ ਸਵਾਲ ਸਮਝਣ ਲੱਗਿਆਂ ਕਿਹਾ।

ਸਹਿਜ ਨਾਨਕੇ ਜਾਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਉਹ ਕਦੇ ਆਪਣੀ ਮੰਮੀ ਦੀਆਂ ਮਿੰਨਤਾਂ ਕਰਦਾ ਤੇ ਕਦੇ ਪਾਪਾ ਦੇ ਤਰਲੇ ਕੱਢਦਾ।

"ਪਾਪਾ, ਪਲੀਜ਼......! ਮੈਨੂੰ ਨਾਨਕੇ ਛੱਡ ਆਓ। ਮੈਂ ਆਪਣਾ ਛੁੱਟੀਆਂ ਦਾ ਕੰਮ ਵੀ ਮੁਕਾ ਲਿਆ ਹੈ।" ਸਹਿਜ ਨੇ ਪਾਪਾ ਨੂੰ ਲਾਡ ਨਾਲ਼ ਕਿਹਾ।

"ਨਹੀਂ-ਨਹੀਂ, ਇਸ ਵਾਰ ਕਿਤੇ ਨਹੀਂ ਜਾਣਾ। ਪਿਛਲੀ ਵਾਰ ਜਦੋਂ ਤੂੰ ਨਾਨਕੇ ਗਿਆ ਸੀ ਤਾਂ ਕੋਠੇ ਤੋਂ ਡਿਗ ਕੇ ਬਾਂਹ ਤੁੜਵਾ ਲਈ ਸੀ। ਯਾਦ ਹੈ ਕਿ ਨਾ! ਇੱਕ ਮਹੀਨਾ ਬੈਠਾ ਰਿਹਾ ਸੀ, ਮੰਜੇ 'ਤੇ।" ਸਹਿਜ ਦੇ ਪਾਪਾ ਨੇ ਉਸ ਨੂੰ ਘੂਰਦਿਆਂ ਕਿਹਾ। "ਨਹੀਂ, ਪਾਪਾ, ਪਲੀਜ਼.....! ਇਸ ਵਾਰ ਸ਼ਰਾਰਤਾਂ ਨਹੀਂ ਕਰਾਂਗਾ।" ਸਹਿਜ ਨੇ ਆਪਣੀ ਮੰਮੀ ਵੱਲ ਵੇਖਦਿਆਂ ਕਿਹਾ।

ਸਿਮਰਨ ਪਾਪਾ ਦੀਆਂ ਸਾਰੀਆਂ ਗੱਲਾਂ ਨੂੰ ਧਿਆਨ ਨਾਲ਼ ਸੁਣ ਰਹੀ ਸੀ। ਉਹ ਹੈ ਵੀ ਬੜੀ ਸਿਆਣੀ ਸੀ, ਸਹਿਜ ਵਾਂਗ ਹਰ ਗੱਲ 'ਤੇ ਜ਼ਿਦ ਨਹੀਂ ਸੀ ਕਰਦੀ।

"ਮੰਮੀ, ਇਸ ਵਾਰ ਆਪਾਂ ਨਾਨੀ ਜੀ ਨੂੰ ਆਪਣੇ ਕੋਲ਼ ਹੀ ਲੈ ਆਉਂਦੇ ਹਾਂ। ਨਾਲ਼ੇ ਉਹਨਾਂ ਦੀ ਤਬੀਅਤ ਠੀਕ ਨਹੀਂ ਰਹਿੰਦੀ, ਹਸਪਤਾਲ ਵਿੱਚੋਂ ਉਹਨਾਂ ਦੇ ਟੈਸਟ ਕਰਵਾ ਦੇਵਾਂਗੇ," ਸਿਮਰਨ ਨੇ ਆਪਣੀ ਮੰਮੀ ਨਾਲ਼ ਰਸੋਈ ਦੇ ਕੰਮ ਵਿੱਚ ਹੱਥ ਵਟਾਉਂਦਿਆਂ ਕਿਹਾ।

"ਠੀਕ ਹੈ, ਆਪਾਂ ਤੇਰੇ ਪਾਪਾ ਨਾਲ਼ ਗੱਲ ਕਰਾਂਗੇ," ਸਿਮਰਨ ਦੀ ਮੰਮੀ ਨੇ ਕਿਹਾ। ਰਾਤੀਂ ਖਾਣੇ ਦੇ ਮੇਜ਼ ਦੁਆਲ਼ੇ ਬੈਠਦਿਆਂ ਸਹਿਜ ਦੇ ਪਾਪਾ ਨੇ ਕਿਹਾ, "ਸਿੰਮੀ! ਕੀ ਗੱਲ, ਅੱਜ ਸਹਿਜ ਦਾ ਮੂਡ ਠੀਕ ਨਹੀਂ ਲੱਗਦਾ।"

"ਹਾਂ ਪਾਪਾ, ਅੱਜ ਇਹਨੇ ਦੁਪਹਿਰੇ ਵੀ ਖਾਣਾ ਨਹੀਂ ਖਾਧਾ। ਬੱਸ, ਨਾਨਕੇ ਜਾਣ ਦੀ ਜ਼ਿਦ ਫੜੀ ਹੋਈ ਹੈ," ਸਿਮਰਨ ਨੇ ਪਾਪਾ ਨੂੰ ਖਾਣਾ ਪਰੋਸਦਿਆਂ ਕਿਹਾ। "ਹਾਂ ਸੱਚ, ਪਾਪਾ! ਮੈਂ ਅਤੇ ਮੰਮੀ ਨੇ ਇਹ ਸਲਾਹ ਕੀਤੀ ਹੈ ਕਿ ਇਸ ਵਾਰ ਅਸੀਂ ਨਾਨੀ ਜੀ ਨੂੰ ਆਪਣੇ ਕੋਲ਼ ਹੀ ਲੈ ਆਉਂਦੇ ਹਾਂ, ਨਾਲ਼ੇ ਉਹਨਾਂ ਨੂੰ ਦਵਾਈ ਵੀ ਦਿਵਾ ਦਿਆਂਗੇ।"

"ਠੀਕ ਹੈ ਪੁੱਤਰ, ਤੁਸੀਂ ਕੱਲ੍ਹ ਹੀ ਚਲੇ ਜਾਓ, ਨਾਲ਼ੇ ਸਹਿਜ ਦੀ ਜ਼ਿਦ ਵੀ ਪੂਰੀ ਹੋ ਜਾਵੇਗੀ।"

ਨਾਨਕੇ ਜਾਣ ਦੀ ਗੱਲ ਸੁਣਦੇ ਸਾਰ ਹੀ ਸਹਿਜ ਨੂੰ ਚਾਅ ਚੜ੍ਹ ਗਿਆ। ਅਗਲੀ ਸਵੇਰ ਸਹਿਜ ਅਤੇ ਸਿਮਰਨ ਆਪਣੇ ਮੰਮੀ ਨਾਲ਼ ਨਾਨਕੇ ਘਰ ਪਹੁੰਚ ਗਏ। ਸਹਿਜ ਅਤੇ ਸਿਮਰਨ ਨੂੰ ਆਏ ਵੇਖ ਕੇ ਉਸ ਦੀ ਨਾਨੀ ਬਹੁਤ ਖ਼ੁਸ਼ ਹੋਈ। ਉਸ ਨੇ ਬੱਚਿਆਂ ਦਾ ਸਿਰ ਪਲੋਸਦਿਆਂ ਗੋਦੀ ਵਿੱਚ ਬਿਠਾ ਲਿਆ।

"ਨਾਨੀ! ਬਿੱਲੂ ਤੇ ਰੋਜ਼ੀ ਕਿੱਥੇ ਨੇ?" ਸਹਿਜ ਨੇ ਕਮਰਿਆਂ 'ਚ ਘੁੰਮ ਕੇ ਦੇਖਣ ਤੋਂ ਬਾਅਦ ਨਾਨੀ ਕੋਲ਼ੋਂ ਪੁੱਛਿਆ।

"ਪੁੱਤਰ, ਉਹ ਵੀ ਕੱਲ੍ਹ ਦੇ ਆਪਣੇ ਨਾਨਕੇ ਗਏ ਹੋਏ ਨੇ। ਤੁਸੀਂ ਬੈਠੋ, ਮੈਂ ਹੁਣੇ ਚਾਹ ਬਣਾ ਕੇ ਲਿਆਉਂਦੀ ਹਾਂ," ਨਾਨੀ ਨੇ ਕਿਹਾ।

ਸਹਿਜ ਦੇ ਮੰਮੀ ਵੀ ਉਸ ਦੀ ਨਾਨੀ ਨਾਲ਼ ਹੀ ਰਸੋਈ ਵਿੱਚ ਚਲੇ ਗਏ।

ਸਹਿਜ ਰਿਮੋਟ ਫੜ ਕੇ ਟੈਲੀਵੀਜ਼ਨ ਮੂਹਰੇ ਬੈਠ ਗਿਆ। ਟੈਲੀਵੀਜ਼ਨ ਚੱਲਦਾ ਨਾ ਵੇਖ ਕੇ ਉਸ ਨੇ ਅਵਾਜ਼ ਮਾਰਦਿਆਂ ਕਿਹਾ, "ਨਾਨੀ ਜੀ! ਆਹ ਟੈਲੀਵੀਜ਼ਨ ਕਿਉਂ ਨਹੀਂ ਚੱਲਦਾ?"

"ਪੁੱਤ, ਰਾਤ ਦੀ ਬਿਜਲੀ ਹੀ ਨਹੀਂ ਆਈ। ਤੂੰ ਚਿੰਤਾ ਨਾ ਕਰ, ਆ ਜਾਂਦੀ ਐ, ਹੁਣੇ, ਤੇਰਾ ਮਾਮਾ ਕਹਿੰਦਾ ਸੀ ਕਿ ਠੀਕ ਕਰ ਰਹੇ ਨੇ," ਰਸੋਈ ਵਿੱਚੋਂ ਬੋਲਦਿਆਂ ਸਹਿਜ ਦੀ ਨਾਨੀ ਨੇ ਕਿਹਾ।

ਨਾ ਟੈਲੀਵੀਜ਼ਨ, ਨਾ ਕੰਪਿਊਟਰ ਤੇ ਨਾ ਹੀ ਖੇਡਣ ਲਈ ਬਿੱਲੂ ਤੇ ਰੋਜ਼ੀ। ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਇੱਕ ਦਿਨ ਵਿੱਚ ਹੀ ਮੱਠਾ ਪੈ ਗਿਆ।

ਅਗਲੀ ਸਵੇਰ ਉਹ ਨਾਨੀ ਨੂੰ ਨਾਲ਼ ਲੈ ਕੇ ਆਪਣੇ ਘਰ ਆ ਗਏ।

"ਪਾਪਾ, ਇਹਨੂੰ ਸਮਝਾਓ, ਜਿਹੜਾ ਕੰਮ ਇਹਨੇ ਦੋ ਦਿਨਾਂ ਵਿੱਚ ਹੀ ਖ਼ਤਮ ਕਰ ਲਿਆ ਹੈ, ਹੁਣ ਹਰ ਰੋਜ਼ ਥੋੜ੍ਹੀ-ਥੋੜ੍ਹੀ ਦੁਹਰਾਈ ਕਰੇ," ਸਿਮਰਨ ਨੇ ਸਕੂਲ-ਬੈਗ ਚੁੱਕ ਕੇ ਨਾਨੀ ਕੋਲ਼ ਬੈਠਦਿਆਂ ਕਿਹਾ।

"ਹਾਂ ਬਈ, ਸਹਿਜ! ਜਿਸ ਤਰ੍ਹਾਂ ਦੀਦੀ ਕਹਿੰਦੀ ਐ, ਉਸੇ ਤਰ੍ਹਾਂ ਕਰ।" ਸਹਿਜ ਦੇ ਪਾਪਾ ਨੇ ਥੋੜ੍ਹਾ ਸਖ਼ਤ ਹੁੰਦਿਆਂ ਕਿਹਾ।

"ਠੀਕ ਹੈ, ਪਾਪਾ।" ਸਹਿਜ ਬੋਲਿਆ।

ਹੁਣ ਸਿਮਰਨ ਸਕੂਲ ਦਾ ਕੰਮ ਕਰਦੀ ਅਤੇ ਸਹਿਜ ਕੋਲ਼ ਬੈਠ ਕੇ ਕੀਤੇ ਹੋਏ ਕੰਮ ਦੀ ਦੁਹਰਾਈ ਕਰਦਾ। ਰਾਤੀਂ ਦੋਵੇਂ ਭੈਣ-ਭਰਾ ਕਹਾਣੀ ਸੁਣਨ ਲਈ ਨਾਨੀ ਦੇ ਦੁਆਲ਼ੇ ਹੋ ਜਾਂਦੇ ਅਤੇ ਦੇਰ ਰਾਤ ਤੱਕ ਕਹਾਣੀਆਂ ਸੁਣਦੇ ਰਹਿੰਦੇ। ਕਦੇ-ਕਦੇ ਸਿਮਰਨ ਸਹਿਜ ਨੂੰ ਚਿੜਾਉਣ ਖ਼ਾਤਰ ਆਖਦੀ "ਹਾਂ, ਵੀਰੇ! ਹੁਣ ਦੱਸ, ਜਾਣਾ ਨਾਨਕੇ?" ਸਹਿਜ ਹੱਸ ਕੇ ਬੋਲਦਾ, "ਜਿੱਥੇ ਨਾਨੀ– ਉੱਥੇ ਹੀ ਨਾਨਕੇ।"

## ਪਾਠ- ਅਭਿਆਸ

### 1. ਛੋਟੇ ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਸਹਿਜ ਕਿੱਥੇ ਜਾਣ ਲਈ ਕਾਹਲ਼ਾ ਸੀ?

(ਅ) ਸਿਮਰਨ ਸਹਿਜ ਨੂੰ ਕੀ ਸਮਝਾਉਂਦੀ ਸੀ?

(ੲ) ਛੁੱਟੀਆਂ ਦਾ ਕੰਮ ਸਹਿਜੇ-ਸਹਿਜੇ ਕਿਉਂ ਨਿਬੇੜਨਾ ਚਾਹੀਦਾ ਹੈ?

(ਸ) ਪਿੰਡ ਵਿੱਚ ਟੈਲੀਵੀਜ਼ਨ ਕਿਉਂ ਨਹੀਂ ਸੀ ਚੱਲ ਰਿਹਾ?

(ਹ) ਸਹਿਜ ਦਾ ਨਾਨਕੇ ਜਾਣ ਦਾ ਸਾਰਾ ਚਾਅ ਕਿਉਂ ਮੱਠਾ ਪੈ ਗਿਆ ਸੀ?

2. **ਖ਼ਾਲੀ ਥਾਂਵਾਂ ਭਰੋ :**

1. ਸਕੂਲ ਵਿੱਚ ________ਮਹੀਨੇ ਛੁੱਟੀਆਂ ਹੋ ਗਈਆਂ ਸਨ। (ਮਈ, ਜੂਨ)
2. ਸਹਿਜ ਸਿਮਰਨ ਦੀ ਗੱਲ ਨੂੰ ________ ਕਰਦਾ। (ਧਿਆਨ ਨਾਲ਼, ਅਣਗੌਲਿਆਂ)
3. ਸਿਮਰਨ ਹਰ ਰੋਜ਼________ਲਾ ਕੇ ਕੰਮ ਕਰਦੀ। (ਘੰਟਾ-ਘੰਟਾ, ਅੱਧਾ-ਅੱਧਾ ਘੰਟਾ)
4. ਸਹਿਜ ਨੇ ਨਾਨਕੇ ਪਿੰਡ ਜਾ ਕੇ________ਤੁੜਵਾ ਲਈ ਸੀ। (ਬਾਂਹ, ਲੱਤ)
5. ਸਹਿਜ ਨੇ _______ ਘਰ ਜਾਣ ਦੀ ਜ਼ਿਦ ਫੜੀ ਹੋਈ ਸੀ। (ਨਾਨਕੇ, ਦਾਦਕੇ)

3. **ਪ੍ਰਸ਼ਨਾਂ ਦੇ ਉੱਤਰ ਵਿਸਤਾਰ ਸਹਿਤ ਦਿਓ :**

(1) ਸਿਮਰਨ ਸਹਿਜ ਨੂੰ ਕਿਉਂ ਟੋਕਦੀ ਸੀ?

(2) ਪੜ੍ਹਾਈ ਵਿੱਚ ਲਗਾਤਾਰ ਰੁਚੀ ਬਣਾਈ ਰੱਖਣ ਲਈ ਛੁੱਟੀਆਂ ਦਾ ਕੰਮ ਕਿਵੇਂ ਮੁਕਾਉਣਾ ਚਾਹੀਦਾ ਹੈ?

(3) ਪਿੰਡ ਵਿੱਚ ਸਹਿਜ ਨੂੰ ਕੀ ਘਾਟ ਮਹਿਸੂਸ ਹੋਈ?

(4) ਸਿਮਰਨ ਤੇ ਸਹਿਜ ਨੇ ਆਖ਼ਰ ਵਿੱਚ ਕਿਸ ਤਰ੍ਹਾਂ ਆਪਸੀ ਸਹਿਯੋਗ ਕੀਤਾ?

(5) 'ਜਿੱਥੇ ਨਾਨੀ—ਉੱਥੇ ਹੀ ਨਾਨਕੇ' ਲੇਖਕ ਦਾ ਇਹਨਾਂ ਸ਼ਬਦਾਂ ਤੋਂ ਕੀ ਭਾਵ ਹੈ?

4. **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :**

ਜਲਦੀ

ਥੋੜ੍ਹਾ-ਥੋੜ੍ਹਾ

ਵਿਹਲੇ

ਸਿਆਣੀ

ਸਖ਼ਤ

5. **ਵਾਕਾਂ ਵਿੱਚ ਵਰਤੋ :**

ਨਿਬੇੜ

ਪਲ਼ੋਸਦਿਆਂ

ਰੁਚੀ

ਚਿੜਾਉਣ

ਦੁਆਲ਼ੇ

6. ਖ਼ਾਲੀ ਥਾਂਵਾਂ ਭਰੋ :

ਟੋਕਦੀ, ਗਰਮੀ, ਮਤਲਬ, ਕਿੱਲੀ, ਜ਼ਿਦ

1. ਸਹਿਜ ਦੀ ________ ਪੂਰੀ ਹੋ ਗਈ।
2. ਸਿਮਰਨ ਸਹਿਜ ਨੂੰ ________ ਰਹਿੰਦੀ।
3. ਛੁੱਟੀਆਂ ਦਾ ਕੁਝ ਨਾ ਕੁਝ ________ ਹੁੰਦਾ ਹੈ।
4. ਜੂਨ ਵਿੱਚ ________ ਹੁੰਦੀ ਹੈ।
5. ਸਹਿਜ ਨੇ ਸਕੂਲ ਦਾ ਬੈਗ ________ 'ਤੇ ਟੰਗ ਦਿੱਤਾ ਸੀ।

7. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :

| | | ਹਿੰਦੀ | ਅੰਗਰੇਜ਼ੀ |
|---|---|---|---|
| 1. | ਰੋਜ਼ | रोज़ | Daily |
| 2. | ਦਵਾਈ | ________ | ________ |
| 3. | ਚਾਅ | ________ | ________ |
| 4. | ਸਮਾਂ-ਸਾਰਨੀ | ________ | ________ |
| 5. | ਛੁੱਟੀਆਂ | ________ | ________ |
| 6. | ਰਸੋਈ | ________ | ________ |

ਤੁਸੀਂ ਆਪਣੀਆਂ ਗਰਮੀਆਂ ਦੀਆਂ ਛੁੱਟੀਆਂ ਇਸ ਵਾਰ ਕਿੱਥੇ ਬਤੀਤ ਕੀਤੀਆਂ ਸਨ, ਆਪਣੇ ਸ਼ਬਦਾਂ ਵਿੱਚ ਲਿਖੋ।

***

ਪਾਠ-3

# ਕਬੱਡੀ ਦੀ ਖੇਡ

ਕਬੱਡੀ ਪੰਜਾਬੀਆਂ ਦੀ ਮਾਂ-ਖੇਡ ਕਹੀ ਜਾਂਦੀ ਹੈ। ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜਿਸ ਨੇ ਇਹ ਖੇਡ ਖੇਡੀ, ਵੇਖੀ ਜਾਂ ਮਾਣੀ ਨਾ ਹੋਵੇ। ਅਜੋਕੇ ਪੇਂਡੂ ਪੰਜਾਬ ਵਿੱਚ ਕਬੱਡੀ ਸਭ ਤੋਂ ਵੱਧ ਹਰਮਨ-ਪਿਆਰੀ ਖੇਡ ਹੈ।

ਕਬੱਡੀ ਦੀ ਖੇਡ ਪੰਜਾਬ ਦੇ ਇਤਿਹਾਸ 'ਚੋਂ ਸੁਭਾਵਿਕ ਤੌਰ 'ਤੇ ਉਪਜੀ ਹੈ। ਪੰਜਾਬ ਦੀ ਧਰਤੀ ਸਦੀਆਂਬੱਧੀ ਹੱਲਿਆਂ ਤੇ ਉਹਨਾਂ ਦੀਆਂ ਠੱਲ੍ਹਾਂ ਦਾ ਮੈਦਾਨ ਬਣੀ ਰਹੀ ਹੈ। ਕਬੱਡੀ ਦੀ ਖੇਡ ਰਾਹੀਂ ਪੰਜਾਬ ਦਾ ਇਤਿਹਾਸ ਰੂਪਮਾਨ ਹੁੰਦਾ ਹੈ। ਮਿਸਾਲ ਵਜੋਂ ਇੱਕ ਖਿਡਾਰੀ ਕਬੱਡੀ ਪਾਉਣ ਜਾਂਦਾ 'ਧਾਵੀ' ਦੇ ਰੂਪ ਵਿੱਚ ਹੱਲਾ ਬੋਲਦਾ ਹੈ। ਅੱਗੋਂ ਕੋਈ ਖਿਡਾਰੀ ਉਸ ਨੂੰ ਠੱਲ੍ਹ ਪਾਉਣ ਲਈ ਨਿੱਤਰਦਾ ਹੈ। ਧਾਵੀ ਤਕੜਾ ਹੋਵੇ ਤਾਂ ਉਹ ਡੱਕਣ ਵਾਲ਼ੇ ਨੂੰ ਭੰਨ ਕੇ ਸੁੱਖੀਂ-ਸਾਂਦੀਂ ਆਪਣੇ ਘਰ ਪਰਤ ਆਉਂਦਾ ਹੈ। ਜੇਕਰ ਮਾੜਾ ਹੋਵੇ ਤਾਂ ਖ਼ੁਦ ਮਾਰਿਆ ਜਾਂਦਾ ਹੈ। ਇਹੋ ਪੰਜਾਬ ਦਾ ਇਤਿਹਾਸ ਹੈ।

ਜਿਹੜਾ ਹਮਲਾਵਰ ਪੰਜਾਬ 'ਤੇ ਚੜ੍ਹਿਆ, ਜੇ ਉਹ ਤਕੜਾ ਸੀ ਤਾਂ ਉਹਨੇ ਪੰਜਾਬੀਆਂ ਨੂੰ ਲੁੱਟਿਆ - ਮਾਰਿਆ ਅਤੇ ਜੇ ਮਾੜਾ ਸੀ ਤਾਂ ਪੰਜਾਬੀਆਂ ਹੱਥੋਂ ਕੋਹਿਆ ਤੇ ਮਾਰਿਆ ਜਾਂਦਾ ਰਿਹਾ।

ਜੇਕਰ ਕਬੱਡੀ-ਖੇਡ ਦਾ ਵਿਗਿਆਨਿਕ ਅਧਿਐਨ ਕਰੀਏ ਤਾਂ ਇਹ ਇੱਕ ਸੰਪੂਰਨ ਤੇ ਅਮੀਰ ਖੇਡ ਸਿੱਧ ਹੁੰਦੀ ਹੈ। ਇਹਦੇ ਵਿੱਚ ਦਮ, ਦੌੜ, ਚੁਸਤੀ-ਚਲਾਕੀ ਤੇ ਤਾਕਤ ਦਾ ਨਿਤਾਰਾ ਹੋ ਜਾਂਦਾ ਹੈ। ਇੱਕੋਸਾਹ ਕਬੱਡੀ-ਕਬੱਡੀ ਦਾ ਅਲਾਪ ਫੇਫੜਿਆਂ ਦੀ ਗੰਦੀ ਹਵਾ ਨਿਚੋੜ ਕੇ ਉਹਨਾਂ 'ਚ ਤਾਜ਼ੀ-ਨਿਰੋਈ ਹਵਾ ਦੀ ਆਵਾਜਾਈ ਦਾ ਦਰ ਖੋਲ੍ਹਦਾ ਹੈ। ਹਰੇਕ ਸਾਹ ਨਾਲ਼ ਇੱਕ ਮਿੰਨੀ ਕੁਸ਼ਤੀ ਘੁਲ਼ਦਿਆਂ ਸਰੀਰ ਦੀ ਹੰਢਣਸਾਰੀ ਵਧਦੀ ਹੈ। ਸਾਹ ਨਾ ਟੁੱਟਣ ਦੇਣ ਦਾ ਸਿਰੜ ਬੰਦੇ ਨੂੰ ਔਖੀਆਂ ਘੜੀਆਂ ਵਿੱਚ ਵੀ ਜਿਊਂਣ ਦਾ ਵੱਲ ਸਿਖਾਉਂਦਾ ਹੈ ਪਰ ਸਮੇਂ ਨਾਲ ਕਬੱਡੀ ਦੇ ਨਿਯਮਾਂ ਵਿਚ ਬਦਲਾਅ ਆ ਜਾਣ ਕਾਰਨ 'ਕਬੱਡੀ -ਕਬੱਡੀ ' ਬੋਲ ਕੇ ਦਮ ਪਾਉਣਾ ਬੰਦ ਕਰ ਦਿੱਤਾ ਗਿਆ ਹੈ ਅਤੇ ਉਸ ਦੀ ਥਾਂ ਸਮਾਂਬੱਧ ਸਕਿੰਟਾਂ ਨਾਲ ਕਬੱਡੀ ਪੁਆਈ ਜਾਣ ਲਗੀ ਹੈ। ਸਿਆਲ਼ਾਂ ਦੀ ਰੁੱਤੇ ਪੰਜਾਬ ਦੇ ਸੈਂਕੜੇ ਪਿੰਡਾਂ ਵਿੱਚ ਕਬੱਡੀ ਦੇ ਟੂਰਨਾਮੈਂਟ ਹੁੰਦੇ ਹਨ। ਉਹਨਾਂ 'ਚ ਹਜ਼ਾਰਾਂ ਖਿਡਾਰੀ ਭਾਗ ਲੈਂਦੇ ਹਨ ਜੋ ਲੱਖਾਂ ਦਰਸ਼ਕਾਂ ਦਾ ਮਨੋਰੰਜਨ ਕਰਦੇ ਹਨ।

ਕਬੱਡੀ ਦੀ ਖੇਡ ਦੀਆਂ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿੱਚ ਕਈ ਕਿਸਮਾਂ ਪ੍ਰਚਲਿਤ ਰਹੀਆਂ ਹਨ। ਇਸ ਦੀ ਇੱਕ ਵਿਸ਼ੇਸ਼ ਕਿਸਮ 'ਸੌਂਚੀ ਪੱਕੀ' ਹੁੰਦੀ ਸੀ। ਅਸਲ ਵਿੱਚ ਸੌਂਚੀ ਤੋਂ ਹੀ ਕਬੱਡੀ ਦੀਆਂ ਹੋਰ ਕਿਸਮਾਂ ਵਿਕਸਿਤ ਹੋਈਆਂ ਹਨ। ਇੱਕ ਕਿਸਮ 'ਗੂੰਗੀ ਕੌਡੀ' ਜਾਂ 'ਚੁੱਪ ਕੌਡੀ' ਸੀ ਜਿਸ ਨੂੰ 'ਅੰਬਰਸਰੀ ਕੌਡੀ' ਵੀ ਕਿਹਾ ਜਾਂਦਾ ਸੀ। ਇਸ ਕੌਡੀ ਵਿੱਚ ਮਾਰ-ਕੁਟਾਈ ਕਾਫ਼ੀ ਹੁੰਦੀ ਸੀ। 'ਅੰਬਾਲ਼ਵੀ ਕੌਡੀ' ਦਾ ਦਾਇਰਾ ਬਹੁਤ ਤੰਗ ਹੁੰਦਾ ਸੀ, 'ਲਾਹੌਰੀ ਕੌਡੀ' ਵਿੱਚ ਦਾਇਰਾ ਹੁੰਦਾ ਹੀ ਨਹੀਂ ਸੀ। ਲਾਇਲਪੁਰੀ ਕੌਡੀ ਵਿੱਚ ਖੇਡ ਦੌਰਾਨ ਪਾਣੀ ਦੀ ਘੁੱਟ ਵੀ ਨਹੀਂ ਸੀ ਪੀਣ ਦਿੱਤੀ ਜਾਂਦੀ। 'ਫ਼ਿਰੋਜ਼ਪੁਰੀ ਕੌਡੀ' ਵਿੱਚ ਖਿਡਾਰੀ ਹੱਥਿਆਂ ਉੱਤੇ ਖੜ੍ਹਣ ਦੀ ਥਾਂ ਪਾੜੇ ਉੱਤੇ ਖੜ੍ਹਦੇ ਸਨ। ਇੱਕ ਕਿਸਮ 'ਸ਼ਮਲਿਆਂ ਵਾਲ਼ੀ ਕੌਡੀ' ਦੀ ਵੀ ਸੀ। 'ਪੀਰ ਕੌਡੀ' ਧਨ-ਪੋਠੋਹਾਰ ਦੇ ਇਲਾਕੇ ਵਿੱਚ ਖੇਡੀ ਜਾਂਦੀ ਸੀ। ਇਸ ਕੌਡੀ ਦੀ ਵਿਸ਼ੇਸ਼ਤਾ ਇਹ ਸੀ ਕਿ ਧਾਵੀ ਨੂੰ ਅੱਗਿਓਂ ਦੋ ਬੰਦੇ ਘੇਰਦੇ ਸਨ।

'ਬੈਠਵੀਂ ਕੌਡੀ', 'ਘੋੜ-ਕਬੱਡੀ', 'ਚੀਰਵੀਂ ਕੌਡੀ', 'ਲੰਮੀ ਕਬੱਡੀ', 'ਦੋਧੇ' ਤੇ ਬੁਰਜੀਆਂ ਵਾਲ਼ੀ ਕੌਡੀ ਆਦਿ ਕਬੱਡੀ ਦੀਆਂ ਕੁਝ ਹੋਰ ਸਥਾਨਿਕ ਵੰਨਗੀਆਂ ਵੀ ਸਨ ਪਰ ਹੁਣ ਸਾਰੀਆਂ ਕੌਡੀਆਂ ਨੇ ਅਜੋਕੀ ਦਾਇਰੇ ਵਾਲ਼ੀ ਕਬੱਡੀ ਦਾ ਰੂਪ ਧਾਰਨ ਕਰ ਲਿਆ ਹੈ। ਕਬੱਡੀ 'ਨੈਸ਼ਨਲ ਸਟਾਈਲ' ਇਸ ਤੋਂ ਵੱਖਰੀ ਹੈ। ਉਸ ਦਾ ਮੈਦਾਨ ਚਕੋਨਾ ਤੇ ਛੋਟਾ ਜਿਹਾ ਹੁੰਦਾ ਹੈ। ਪੰਜਾਬ-ਕਬੱਡੀ ਜਿਸ ਨੂੰ ਹੁਣ ਦਾਇਰੇ ਵਾਲ਼ੀ ਕਬੱਡੀ ਕਿਹਾ ਜਾਂਦਾ ਹੈ, ਧਾਵੀ ਨੂੰ 'ਕੱਲੇ ਜਾਫੀ ਰਾਹੀਂ ਫੜਨ ਵਾਲ਼ੀ ਕਬੱਡੀ ਹੈ ਜਦਕਿ 'ਨੈਸ਼ਨਲ ਸਟਾਈਲ' ਕਬੱਡੀ ਵਿੱਚ ਧਾਵੀ ਨੂੰ ਸਾਰੀ ਟੀਮ ਰਲ਼ ਕੇ ਵੀ ਫੜ ਸਕਦੀ ਹੈ।

'ਪੰਜਾਬ-ਕਬੱਡੀ' ਹੁਣ ਚਾਲ਼ੀ ਮੀਟਰ ਦੇ ਦਾਇਰੇ ਵਿੱਚ ਖੇਡੀ ਜਾਂਦੀ ਹੈ। ਦਾਇਰੇ ਦੇ ਅੱਧ ਵਿਚਕਾਰ ਲਕੀਰ ਲਾ ਕੇ ਦੋ ਪਾਸੇ ਬਣਾ ਲਏ ਜਾਂਦੇ ਹਨ। ਦਸ ਖਿਡਾਰੀਆਂ ਦੀ ਟੋਲੀ ਇੱਕ ਪਾਸੇ ਹੁੰਦੀ ਹੈ ਤੇ ਦਸਾਂ ਦੀ ਹੀ ਦੂਜੇ ਪਾਸੇ। ਖੇਡ-ਪੁਸ਼ਾਕ ਸਿਰਫ਼ ਕੱਛਾ ਹੀ ਹੁੰਦੀ ਹੈ। ਵਾਰੋ-ਵਾਰੀ ਕਬੱਡੀਆਂ ਪਾਉਣ ਲਈ ਇੱਕ ਮਿੰਟ ਦਾ ਸਮਾਂ ਦਿੱਤਾ ਜਾਂਦਾ ਹੈ। ਪੰਜ ਮਿੰਟਾਂ ਦਾ ਅਰਾਮ ਦਿੱਤਾ ਜਾਂਦਾ ਹੈ। ਪੁਆਇੰਟ ਬਰਾਬਰ ਰਹਿ ਜਾਣ ਤਾਂ ਜਿਸ ਟੋਲੀ ਨੇ ਪਹਿਲਾਂ ਪੁਆਇੰਟ ਲਿਆ ਹੋਵੇ, ਉਹ ਜੇਤੂ ਮੰਨੀ ਜਾਂਦੀ ਹੈ। ਖੇਡ ਖਿਡਾਉਣ ਲਈ ਦੋ ਨਿਗਰਾਨ ਹੁੰਦੇ ਹਨ, ਇੱਕ ਗਿਣਤੀਆ ਤੇ ਇੱਕ-ਸਮਾਂ-ਪਾਲ਼। ਰੌਲ਼ੇ-ਗੌਲ਼ੇ ਦੀ ਸੂਰਤ ਵਿੱਚ ਮਾਮਲਾ ਰੈਫ਼ਰੀ ਦੇ ਵਿਚਾਰ-ਗੋਚਰੇ ਲਿਆਂਦਾ ਜਾਂਦਾ ਹੈ।

ਇਸ ਸਮੇਂ ਕਬੱਡੀ ਕੌਮਾਂਤਰੀ ਖੇਡ ਬਣਨ ਦੇ ਰਾਹ ਪਈ ਹੋਈ ਹੈ। ਇੱਧਰਲੇ ਤੇ ਉੱਧਰਲੇ ਪੰਜਾਬ ਤੋਂ ਬਿਨਾਂ ਇਹ ਹੋਰ ਪੰਜਾਂ-ਛਿਆਂ ਮੁਲਕਾਂ ਵਿੱਚ ਵੀ ਖੇਡੀ ਜਾਣ ਲੱਗੀ ਹੈ। ਇੰਗਲੈਂਡ ਜਾ ਵੱਸੇ ਪੰਜਾਬੀਆਂ ਦੇ ਸੱਤ-ਅੱਠ ਕਬੱਡੀ-ਕਲੱਬ ਹਨ ਜੋ ਗੁਰਪੁਰਬ ਤੇ ਹੋਰ ਦਿਨ-ਦਿਹਾਰਾਂ ਸਮੇਂ ਆਪਸ ਵਿੱਚ ਮੈਚ ਖੇਡਦੇ ਹਨ। ਕ੍ਰਿਕਟ ਵਾਂਗ ਉੱਥੇ ਕਬੱਡੀ ਦਾ ਵੀ 'ਸੀਜ਼ਨ' ਲੱਗਦਾ ਹੈ ਜਿਸ ਲਈ ਪੰਜਾਬ 'ਚੋਂ ਕਬੱਡੀ ਖਿਡਾਰੀ ਸੱਦੇ ਜਾਂਦੇ ਹਨ। ਕਬੱਡੀ ਦੀ ਹੁਣ ਏਨੀ ਕਦਰ ਹੈ ਕਿ ਚੰਗੇ ਕਬੱਡੀ ਖਿਡਾਰੀ ਇੱਕ-ਦੂਜੇ ਦੇਸ ਕਬੱਡੀ ਖੇਡਣ ਜਾਂਦੇ ਹਨ। ਕਬੱਡੀ ਦੇ ਜਗਤ-ਪ੍ਰਸਿੱਧ ਖਿਡਾਰੀ ਬਲਵਿੰਦਰ ਸਿੰਘ ਫਿੱਡੂ ਨੇ ਕਈ ਦੇਸਾਂ ਵਿੱਚ ਕਬੱਡੀ ਦੇ ਜੌਹਰ ਵਿਖਾਏ ਹਨ ਤੇ ਉਸ ਨੂੰ ਲੱਖਾਂ ਰੁਪਏ ਦੇ ਇਨਾਮ-ਸਨਮਾਨ ਮਿਲ਼ੇ ਹਨ।

ਕਬੱਡੀ-ਮੈਚ ਭਾਵੇਂ ਲੁਧਿਆਣੇ ਹੋ ਰਿਹਾ ਹੋਵੇ ਭਾਵੇਂ ਲਾਹੌਰ, ਭਾਵੇਂ ਸਾਊਥਾਲ, ਭਾਵੇਂ ਯੂਬਾ ਸਿਟੀ, ਭਾਵੇਂ ਵੈਨਕੂਵਰ ਤੇ ਭਾਵੇਂ ਸਿੰਘਾਪੁਰ; ਹਰ ਥਾਂ ਪੰਜਾਬੀ ਦਰਸ਼ਕਾਂ ਦਾ ਧੱਕਾ ਪੈਂਦਾ ਹੈ। ਗੋਰੇ ਹੈਰਾਨ ਹੁੰਦੇ ਹਨ ਕਿ ਇਹ ਕੇਹੀ ਖੇਡ ਹੈ, ਜੀਹਨੂੰ ਓਵਰਟਾਈਮ ਲਾਉਣ ਵਾਲ਼ੇ ਪੰਜਾਬੀ-ਦਿਹਾੜੀਆਂ ਭੰਨ ਕੇ ਵੀ ਵੇਖੀ ਜਾ ਰਹੇ ਹਨ। ਇਹ ਖੇਡ ਭਾਰਤ, ਪਾਕਿਸਤਾਨ, ਇੰਗਲੈਂਡ, ਅਮਰੀਕਾ, ਕਨੇਡਾ, ਕੀਨੀਆ ਤੇ ਮਲਾਇਆ-ਸਿੰਘਾਪੁਰ ਵਿੱਚ ਬਾਕਾਇਦਾ ਖੇਡੀ ਜਾਂਦੀ ਹੈ। ਪੰਜਾਬੀ ਜਿੱਥੇ ਵੀ ਗਏ ਹਨ, ਕਬੱਡੀ ਨੂੰ ਨਾਲ਼ ਹੀ ਲੈ ਗਏ ਹਨ।

ਕਬੱਡੀ ਦਰਅਸਲ ਪੰਜਾਬੀਆਂ ਦੇ ਲਹੂ ਵਿੱਚ ਸਮਾਈ ਹੋਈ ਹੈ। ਕਬੱਡੀ ਦਾ ਸਾਹ ਆਮ ਪੰਜਾਬੀਆਂ ਲਈ ਜੀਵਨ-ਸੁਆਸ ਹੈ। ਇਹ ਸੁਆਸ ਲਏ ਬਿਨਾਂ ਉਹਨਾਂ ਦਾ ਸਰਦਾ ਨਹੀਂ, ਭਾਵੇਂ ਉਹ ਪੰਜਾਬ ਦੀ ਧਰਤੀ 'ਤੇ ਰਹਿਣ ਤੇ ਭਾਵੇਂ ਵਲਾਇਤੀਂ ਜਾ ਵੱਸਣ। ਕਬੱਡੀ ਦੇ ਨਾਂ ਵਿੱਚ ਹੀ ਝਰਨਾਹਟ ਹੈ ਤੇ ਖੇਡ ਵਿੱਚ ਆਖ਼ਰਾਂ ਦੀ ਖਿੱਚ। ਇਸ ਖੇਡ ਨੇ ਪੰਜਾਬ ਦੇ ਗੱਭਰੂਆਂ ਨੂੰ ਤਕੜੇ ਵੀ ਬਣਾਈ ਰੱਖਿਆ ਹੈ, ਹਿੰਮਤੀ ਵੀ ਤੇ ਜੀਵਨ-ਪੰਧ ਦੀਆਂ ਰਗੜਾਂ ਸਹਿਣ ਜੋਗੇ ਵੀ। ਇਸ ਖੇਡ ਦਾ ਪੰਜਾਬੀਆਂ ਨਾਲ਼ ਪਹਿਲਾਂ ਵੀ ਲਹੂ ਤੇ ਸਾਹ ਦਾ ਰਿਸ਼ਤਾ ਸੀ ਤੇ ਹੁਣ ਵੀ ਹੈ। ਬੇਸ਼ੱਕ ਬਹੁਤ ਸਾਰੀਆਂ ਪੱਛਮੀ ਖੇਡਾਂ ਪੰਜਾਬੀਆਂ ਵਿੱਚ ਪ੍ਰਚਲਿਤ ਹੋ ਚੁੱਕੀਆਂ ਹਨ ਪਰ ਅਜੇ ਵੀ ਕਬੱਡੀ ਪੰਜਾਬੀਆਂ ਦੀ ਸਭ ਤੋਂ ਵੱਧ ਹਰਮਨ-ਪਿਆਰੀ ਖੇਡ ਹੈ।

## ਪਾਠ-ਅਭਿਆਸ

1. **ਛੋਟੇ ਪ੍ਰਸ਼ਨਾਂ ਦੇ ਉੱਤਰ ਦਿਓ :**

   (ੳ) ਕਬੱਡੀ ਨੂੰ ਪੰਜਾਬੀਆਂ ਦੀ ਕਿਹੜੀ ਖੇਡ ਕਿਹਾ ਜਾਂਦਾ ਹੈ?

   (ਅ) ਪੰਜਾਬੀਆਂ ਦੀਆਂ ਹੋਰ ਕਿਹੜੀਆਂ ਖੇਡਾਂ ਹਨ?

   (ੲ) ਕਬੱਡੀ ਦੇ ਕਿਸੇ ਇੱਕ ਖਿਡਾਰੀ ਦਾ ਨਾਮ ਲਿਖੋ।

   (ਸ) ਕਬੱਡੀ ਦੀਆਂ ਹੋਰ ਵੰਨਗੀਆਂ ਕਿਹੜੀਆਂ ਹਨ?

2. **ਹੇਠ ਲਿਖੇ ਵਾਕਾਂ ਵਿੱਚ ਠੀਕ (✔) ਤੇ ਗਲਤ (✘) ਦਾ ਨਿਸ਼ਾਨ ਲਾਓ :**

   (1) ਪੰਜਾਬੀਆਂ ਦੀ ਹਰਮਨ-ਪਿਆਰੀ ਖੇਡ ਕਬੱਡੀ ਹੈ।

   (2) ਕਬੱਡੀ ਦੀ ਖੇਡ ਰਾਹੀਂ ਪੰਜਾਬ ਦਾ ਇਤਿਹਾਸ ਰੂਪਮਾਨ ਹੁੰਦਾ ਹੈ।

   (3) ਪੰਜਾਬ-ਕਬੱਡੀ ਹੁਣ 25 ਮੀ. ਦੇ ਦਾਇਰੇ ਵਿੱਚ ਖੇਡੀ ਜਾਂਦੀ ਹੈ।

   (4) ਪੰਜਾਬ ਵਿੱਚ ਕਬੱਡੀ ਦੇ ਟੂਰਨਾਮੈਂਟ ਨਹੀਂ ਹੁੰਦੇ।

   (5) ਪੰਜਾਬੀ ਜਿੱਥੇ ਵੀ ਗਏ ਹਨ, ਕਬੱਡੀ ਨੂੰ ਨਾਲ਼ ਹੀ ਲੈ ਗਏ ਹਨ।

3. **ਪ੍ਰਸ਼ਨਾਂ ਦੇ ਉੱਤਰ ਦਿਓ :**

   (ੳ) ਕਬੱਡੀ ਦੀ ਖੇਡ ਪੰਜਾਬ ਦੇ ਇਤਿਹਾਸ 'ਚ ਸੁਭਾਵਿਕ ਤੌਰ 'ਤੇ ਉਪਜੀ ਹੈ, ਕਿਵੇਂ?

   (ਅ) ਕਬੱਡੀ ਦੀ ਖੇਡ ਕਿਸ ਤਰ੍ਹਾਂ ਸੰਪੂਰਨ ਸਿੱਧ ਹੁੰਦੀ ਹੈ?

   (ੲ) ਪਹਿਲਾਂ ਕਬੱਡੀ ਦੀ ਖੇਡ ਦੀਆਂ ਕਿਹੜੀਆਂ-ਕਿਹੜੀਆਂ ਵੰਨਗੀਆਂ ਸਨ?

   (ਸ) 'ਪੰਜਾਬ ਕਬੱਡੀ' ਜਾਂ 'ਨੈਸ਼ਨਲ ਸਟਾਈਲ ਕਬੱਡੀ' ਵਿੱਚ ਕੀ ਫ਼ਰਕ ਹੈ?

   (ਹ) ਕਬੱਡੀ ਪੰਜਾਬੀਆਂ ਦੀ ਹਰਮਨ-ਪਿਆਰੀ ਖੇਡ ਕਿਵੇਂ ਹੈ?

4. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

   ਹਮਲਾਵਰ

   ਸੰਪੂਰਨ

   ਨਿਚੋੜ

   ਪੰਜਾਬੀ

   ਦਰਅਸਲ

   ਹਰਮਨ-ਪਿਆਰੀ

   ਇਨਾਮ

5. **ਵਿਰੋਧੀ ਸ਼ਬਦ ਲਿਖੋ :**

ਤਕੜਾ – ਮਾੜਾ

ਤਾਜ਼ੀ

ਅਮੀਰ

ਪਰਤਣਾ

ਛੋਟਾ

ਵਿਕਸਿਤ

6. **ਹੇਠ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਸ਼ਬਦ ਲਿਖੋ :**

| | ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|---|
| 1. | ਫ਼ਰਕ | अन्तर | Differance |
| 2. | ਪੰਧ | ________ | ________ |
| 3. | ਖੋਹਣਾ | ________ | ________ |
| 4. | ਜੀਵਨ | ________ | ________ |
| 5. | ਖਿਡਾਰੀ | ________ | ________ |
| 6. | ਮਨੋਰੰਜਨ | ________ | ________ |

7. **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ:**

| ਅਸ਼ੁੱਧ | | ਸ਼ੁੱਧ |
|---|---|---|
| ਪਜਾਬ | – | ਪੰਜਾਬ |
| ਕਬਾਡੀ | – | |
| ਇਤੀਹਾਸ | – | |
| ਸਪੂਰਨ | – | |
| ਔਵਰਟਾਇਮ | – | |
| ਵਿਲਾਇਤ | – | |

8. **ਖ਼ਾਲੀ ਥਾਂਵਾਂ ਭਰੋ :**

ਸੁਭਾਵਿਕ, ਹਰਮਨ-ਪਿਆਰੀ, ਨੈਸ਼ਨਲ ਸਟਾਈਲ, ਕੌਮਾਂਤਰੀ, ਵਿਸ਼ੇਸ਼ਤਾ, ਇਤਿਹਾਸ

1. ਕਬੱਡੀ ਦੀ ਖੇਡ ਪੰਜਾਬ ਦੇ ਇਤਿਹਾਸ 'ਚ _______ਤੌਰ 'ਤੇ ਉਪਜੀ ਹੈ।
2. ਕਬੱਡੀ ਦੀ ਖੇਡ ਰਾਹੀਂ ਪੰਜਾਬ ਦਾ ________ਰੂਪਮਾਨ ਹੁੰਦਾ ਹੈ।
3. ਕਬੱਡੀ ________ ਇਸ ਤੋਂ ਵੱਖਰੀ ਹੈ। ਕਬੱਡੀ ਹੁਣ________ਖੇਡ ਬਣਨ ਦੇ ਰਾਹ ਪਈ ਹੋਈ ਹੈ।
4. 'ਪੀਰ ਕੌਡੀ' ਦੀ ________ ਇਹ ਸੀ ਕਿ ਧਾਵੀ ਨੂੰ ਅੱਗਿਓਂ ਦੋ ਬੰਦੇ ਘੇਰਦੇ ਸਨ।
5. ਕਬੱਡੀ ਪੰਜਾਬੀਆਂ ਦੀ ਸਭ ਤੋਂ ਵੱਧ _______ਖੇਡ ਹੈ।

9. **ਅਧਿਆਪਕ ਲਈ**

| |
|---|
| ਅਧਿਆਪਕ ਵਿਦਿਆਰਥੀਆਂ ਨੂੰ ਪੁੱਛੇਗਾ ਕਿ ਉਹ ਹੋਰ ਕਿਹੜੀਆਂ ਖੇਡਾਂ ਪਸੰਦ ਕਰਦੇ ਹਨ। |

* * *

ਪਾਠ-4

# ਰਾਕ-ਗਾਰਡਨ ਦਾ ਨਿਰਮਾਤਾ—ਨੇਕ ਚੰਦ

ਚੰਡੀਗੜ੍ਹ ਦਾ ਰਾਕ-ਗਾਰਡਨ ਕੇਵਲ ਸਾਡੇ ਦੇਸ ਵਿੱਚ ਹੀ ਨਹੀਂ, ਪੂਰੇ ਵਿਸ਼ਵ ਵਿੱਚ ਪ੍ਰਸਿੱਧ ਹੈ। ਰਾਕ-ਗਾਰਡਨ ਆਪਣੀ ਖ਼ੂਬਸੂਰਤੀ ਤੇ ਅਦਭੁਤ ਪਛਾਣ ਹੋਣ ਕਰਕੇ ਜਾਣਿਆ ਜਾਂਦਾ ਹੈ। ਸੈਲਾਨੀ ਆਪਮੁਹਾਰੇ ਇਸ ਵੱਲ ਖਿੱਚੇ ਚਲੇ ਆਉਂਦੇ ਹਨ।

ਰਾਕ-ਗਾਰਡਨ ਨੂੰ ਦੇਖ ਕੇ ਹਰ ਸੈਲਾਨੀ ਅਸ਼-ਅਸ਼ ਕਰਦਾ ਹੋਇਆ ਇਸ ਦੇ ਨਿਰਮਾਣਕਾਰ ਨੇਕ ਚੰਦ ਦੀ ਕਲਾ ਅਤੇ ਪੇਸ਼ਕਾਰੀ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦਾ।

ਚੰਡੀਗੜ੍ਹ ਸੜਕ-ਨਿਰਮਾਣ ਵਿਭਾਗ 'ਚ ਨੌਕਰੀ ਕਰਦਿਆਂ ਨੇਕ ਚੰਦ ਨੇ 1958 ਵਿੱਚ ਚੁੱਪ-ਚੁਪੀਤੇ ਸੁਖਨਾ ਝੀਲ ਲਾਗੇ ਪਈ ਉਜਾੜ ਥਾਂ ਵਿੱਚ ਮੂਰਤੀਆਂ ਬਣਾਉਣ ਦਾ ਕੰਮ ਸ਼ੁਰੂ ਕੀਤਾ। ਉਹ ਆਪਣੇ ਸਾਈਕਲ 'ਤੇ ਲੋਕਾਂ ਦਾ ਸੁੱਟਿਆ ਕਬਾੜ, ਫ਼ਾਲਤੂ ਚੀਜ਼ਾਂ ਇਕੱਠੀਆਂ ਕਰਦੇ ਤੇ ਜੰਗਲ਼ ਵਿੱਚ ਢੇਰ ਲਾਉਂਦੇ ਰਹਿੰਦੇ।

ਨੇਕ ਚੰਦ ਅਠਾਰਾਂ ਸਾਲ ਟੁੱਟੀਆਂ-ਭੱਜੀਆਂ ਚੀਜ਼ਾਂ ਇਕੱਠੀਆਂ ਕਰਦੇ ਰਹੇ। ਨਾਲ਼ ਦੀ ਨਾਲ਼ ਉਹ ਕਬਾੜ ਤੋਂ ਸ਼ਾਹਕਾਰ ਕਲਾ-ਕ੍ਰਿਤਾਂ ਦਾ ਨਿਰਮਾਣ ਵੀ ਕਰਦੇ ਰਹੇ। ਹੈਰਾਨੀ ਦੀ ਗੱਲ ਹੈ ਕਿ ਜੰਗਲ ਵਿੱਚ ਇਹ ਕਲਾ ਸਿਰਜਦਿਆਂ ਉਹਨਾਂ ਨੇ ਕਿਸੇ ਨੂੰ ਭਿਣਕ ਤੱਕ ਨਹੀਂ ਪੈਣ ਦਿੱਤੀ। ਇਸ ਕੰਮ ਵਿੱਚ ਨੇਕ ਚੰਦ ਦੀ ਪਤਨੀ ਵੀ ਕਦੇ-ਕਦਾਈਂ ਉਹਨਾਂ ਦਾ ਹੱਥ ਵਟਾਉਂਦੀ।

ਵਰਤਮਾਨ ਰਾਕ-ਗਾਰਡਨ ਉਦੋਂ ਜੰਗਲ਼, ਬੀਆਬਾਨ, ਉਜਾੜ ਥਾਂ ਸੀ। ਨੇਕ ਚੰਦ ਸਰਕਾਰੀ ਡਿਊਟੀ ਤੋਂ ਬਾਅਦ ਹਨੇਰਾ ਹੋਣ ਤੱਕ ਇੱਥੇ ਆ ਕੇ ਕੰਮ ਕਰਦੇ। ਕਲਾ-ਕ੍ਰਿਤਾਂ ਬਣਾਉਣ ਲਈ ਉਹ ਸਾਈਕਲਾਂ ਦੇ ਪੁਰਾਣੇ ਟਾਇਰ ਬਾਲ਼ ਕੇ ਚਾਨਣ ਕਰਦਾ। ਫੇਰ ਉਹ ਬਲ਼ਦੇ ਟਾਇਰ ਨੂੰ ਮਸ਼ਾਲ ਵਾਂਗ ਹੱਥ 'ਚ ਫੜ ਕੇ ਜੰਗਲ਼ ਚੋਂ ਬਾਹਰ ਆਉਂਦੇ।

ਅਠਾਰਾਂ ਸਾਲ ਚੋਰੀ-ਛਿਪੇ ਕੰਮ ਕਰਕੇ ਨੇਕ ਚੰਦ ਨੇ ਬਹੁਤ ਸਾਰੀਆਂ ਮੂਰਤੀਆਂ ਜਾਂ-ਬੁੱਤ ਤਿਆਰ ਕਰ ਲਏ। ਫਿਰ ਇੱਕ ਦਿਨ ਨੇਕ ਚੰਦ ਦੇ ਮਹਿਕਮੇ ਦੇ ਅਫ਼ਸਰਾਂ ਨੂੰ ਭਿਣਕ ਪੈ ਗਈ। ਉਹਨਾਂ ਜੰਗਲ਼ ਵਿੱਚ ਆ ਕੇ ਜਦੋਂ ਨੇਕ ਚੰਦ ਦਾ ਕੀਤਾ ਕੰਮ ਦੇਖਿਆ ਤਾਂ ਉਹਨਾਂ ਨੂੰ ਬਹੁਤ ਹੈਰਾਨੀ ਵੀ ਹੋਈ ਤੇ ਖ਼ੁਸ਼ੀ ਵੀ ਹੋਈ।

ਇਸ ਪ੍ਰਕਾਰ ਨੇਕ ਚੰਦ ਦੇ ਕੰਮ ਨੂੰ ਥੋੜ੍ਹੀ ਜਿਹੀ ਮਾਨਤਾ ਮਿਲ਼ ਗਈ। ਜੰਗਲ਼ ਵਿੱਚ ਇਸ ਥਾਂ ਤੱਕ ਆਉਣ ਲਈ ਸੜਕੀ ਰਸਤੇ ਦਾ ਪ੍ਰਬੰਧ ਕੀਤਾ ਜਾਣ ਲੱਗਾ।

ਪਹਿਲੀ ਵਾਰ ਸੰਨ 1976 ਵਿੱਚ ਇਸ ਜਗ੍ਹਾ ਨੂੰ ਲੋਕਾਂ ਦੇ ਦੇਖਣ ਲਈ ਸਰਕਾਰੀ ਤੌਰ 'ਤੇ ਖੋਲ੍ਹ ਦਿੱਤਾ ਗਿਆ। ਇਸ ਵਿਲੱਖਣ ਕਲਾ-ਸਥਾਨ ਦਾ ਨਾਂ ਨੇਕ ਚੰਦ ਨੇ 'ਰਾਕ-ਗਾਰਡਨ' ਭਾਵ 'ਪੱਥਰਾਂ ਦਾ ਬਾਗ਼' ਰੱਖ ਦਿੱਤਾ।

'ਰਾਕ-ਗਾਰਡਨ' ਦੇ ਸ਼ੁਰੂ ਹੁੰਦਿਆਂ ਹੀ ਇਸ ਦੀ ਪ੍ਰਸਿੱਧੀ ਦੂਰ-ਦੂਰ ਤਾਈਂ ਫੈਲ ਗਈ। ਚੰਡੀਗੜ੍ਹ

ਪ੍ਰਸ਼ਾਸਨ ਨੂੰ ਰਾਕ-ਗਾਰਡਨ ਅਤੇ ਨੇਕ ਚੰਦ 'ਤੇ ਮਾਣ ਹੋਣ ਲੱਗਾ।

ਰਾਕ-ਗਾਰਡਨ 30 ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ। ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਇਸ ਦੀ ਉਸਾਰੀ ਦਾ ਕੰਮ ਹੌਲ਼ੀ-ਹੌਲ਼ੀ ਚੱਲਦਾ ਆ ਰਿਹਾ ਹੈ।

ਰਾਕ-ਗਾਰਡਨ ਕਿਸੇ ਵੀ ਦਿਨ ਬੰਦ ਨਹੀਂ ਕੀਤਾ ਜਾਂਦਾ। ਲਗ-ਪਗ 4000 ਦਰਸ਼ਕ ਰੋਜ਼ਾਨਾ ਇਸ ਨੂੰ ਦੂਰੋਂ-ਦੂਰੋਂ ਦੇਖਣ ਆਉਂਦੇ ਹਨ।

ਨੇਕ ਚੰਦ ਦੱਸਦੇ ਹਨ ਕਿ ਉਹਨਾਂ ਨੇ ਰਾਕ-ਗਾਰਡਨ ਦੀ ਬਣਤਰ ਰਾਹੀਂ ਪੱਥਰਾਂ ਤੇ ਕਬਾੜ 'ਚ ਛੁਪੀ ਜ਼ਿੰਦਗੀ ਨੂੰ ਦਰਸਾਇਆ ਹੈ। ਇਸ ਦੇ ਨਿਰਮਾਣ ਰਾਹੀਂ ਫ਼ਾਲਤੂ ਸਮਾਨ, ਕਬਾੜ ਦੀ ਕਦਰ ਅਤੇ ਉਸ ਦੀ ਵਰਤੋਂ ਦੇ ਹੁਨਰ ਦਾ ਸੁਨੇਹਾ ਮਿਲ਼ਦਾ ਹੈ।

ਨੇਕ ਚੰਦ ਨੇ ਕਾਗ਼ਜ਼ 'ਤੇ ਪਹਿਲਾਂ ਪਲਾਨ ਬਣਾ ਕੇ ਕਦੇ ਕੰਮ ਨਹੀਂ ਕੀਤਾ। ਉਹਨਾਂ ਦੇ ਮਨ ਵਿੱਚ ਜਿਵੇਂ ਵੀ ਖ਼ਿਆਲ ਆਇਆ, ਕਲਾ-ਕ੍ਰਿਤਾਂ ਸਿਰਜ ਦਿੱਤੀਆਂ।

ਨੇਕ ਚੰਦ ਦੀ ਕਲਾ ਅਤੇ ਲੰਮੀ ਘਾਲਣਾ ਦਾ ਸਤਿਕਾਰ ਕਰਦਿਆਂ ਭਾਰਤ ਸਰਕਾਰ ਨੇ ਉਹਨਾਂ ਨੂੰ 'ਪਦਮ ਸ਼੍ਰੀ' ਦਾ ਉੱਚ-ਸਨਮਾਨ ਦਿੱਤਾ। ਨੇਕ ਚੰਦ ਪੈਰਿਸ, ਵਾਸ਼ਿੰਗਟਨ, ਵਿਸਕਾਨਸਿਨ, ਜਰਮਨ ਵਿਖੇ ਵੀ ਹੁਣ ਤੱਕ ਆਪਣੀ ਦੇਖ-ਰੇਖ ਵਿੱਚ ਛੋਟੇ ਰਾਕ-ਗਾਰਡਨਾਂ ਦਾ ਨਿਰਮਾਣ ਕਰ ਚੁੱਕੇ ਹਨ। ਉਹਨਾਂ ਦਾ ਬੇਟਾ ਅਨੁਜ ਸੈਣੀ ਵੀ ਅੱਜ-ਕੱਲ੍ਹ ਇਸੇ ਖੇਤਰ ਵਿੱਚ ਸਰਗਰਮੀ ਨਾਲ਼ ਕੰਮ ਕਰ ਰਿਹਾ ਹੈ।

ਨੇਕ ਚੰਦ ਸਿਰੜੀ ਕਾਮਾ ਤੇ ਫ਼ੱਕਰ ਸੁਭਾਅ ਵਾਲ਼ੀ ਸ਼ਖ਼ਸੀਅਤ ਦੇ ਮਾਲਕ ਸਨ। ਸ਼ੁਹਰਤ ਦੀ ਟੀਸੀ 'ਤੇ ਬਹਿ ਕੇ ਵੀ ਉਹ ਦੁਨੀਆ ਦੇ ਰੌਲ਼ੇ-ਗੌਲ਼ੇ ਤੋਂ ਦੂਰ ਰਹੇ।

15 ਦਸੰਬਰ, 1924 ਨੂੰ ਜਨਮੇ ਨੇਕ ਚੰਦ 91 ਸਾਲਾਂ ਦੀ ਉਮਰ ਤੱਕ ਮਸਤ ਧੁਨ ਵਿੱਚ ਆਪਣੇ ਕੰਮ ਵਿੱਚ ਲੱਗੇ ਰਹੇ। ਉਹ ਰਾਕ-ਗਾਰਡਨ ਸਥਿਤ ਆਪਣੇ ਦਫ਼ਤਰ ਵਿੱਚ ਬਹਿ ਕੇ ਆਖ਼ਰੀ ਸਾਹ ਤੱਕ ਰਾਕ-ਗਾਰਡਨ ਦੇ ਡਾਇਰੈਕਟਰ ਅਤੇ 'ਕ੍ਰੀਏਟਰ' (ਬਣਾਉਣ ਵਾਲ਼ਾ) ਦੇ ਅਹੁਦੇ 'ਤੇ ਕੰਮ ਕਰਦਿਆਂ ਹੋਇਆਂ 12 ਜੂਨ, 2015 ਨੂੰ ਕਲਾ ਦੀ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ।

## ਪਾਠ- ਅਭਿਆਸ

### 1. ਪ੍ਰਸ਼ਨਾਂ ਦੇ ਉੱਤਰਾਂ ਦਿਓ :

(ੳ) ਰਾਕ-ਗਾਰਡਨ ਕਿੱਥੇ ਸਥਿਤ ਹੈ?

(ਅ) ਨੇਕ ਚੰਦ ਜੀ ਕਿਸ ਵਿਭਾਗ ਵਿੱਚ ਨੌਕਰੀ ਕਰਦੇ ਸਨ?

(ੲ) ਨੇਕ ਚੰਦ ਜੀ ਨੇ ਮੂਰਤੀਆਂ ਬਣਾਉਣ 'ਚ ਕਿੰਨੇ ਸਾਲ ਲਾਏ?

(ਸ) ਰਾਕ-ਗਾਰਡਨ ਕਿੰਨੇ ਏਕੜ ਰਕਬੇ ਵਿੱਚ ਫੈਲਿਆ ਹੋਇਆ ਹੈ?

(ਹ) ਭਾਰਤ ਸਰਕਾਰ ਨੇ ਨੇਕ ਚੰਦ ਨੂੰ ਕੀ ਸਨਮਾਨ ਦਿੱਤਾ?

2. **ਖ਼ਾਲੀ ਸਥਾਨ ਭਰੋ :**

ਸੈਲਾਨੀ, ਜ਼ਿੰਦਗੀ, ਘਾਲਣਾ, ਨਿਰਮਾਣ, ਮਾਨਤਾ।

(ੳ) ਨੇਕ ਚੰਦ ਨੇ ਆਪਣੀ ਪੂਰੀ ________ਕਲਾ ਨੂੰ ਸਮਰਪਿਤ ਕੀਤੀ।

(ਅ) ਸਰਕਾਰ ਨੇ ਨੇਕ ਚੰਦ ਦੀ ਲੰਮੀ ________ ਦਾ ਸਤਿਕਾਰ ਕੀਤਾ।

(ੲ) ਨੇਕ ਚੰਦ ਨੇ ਰਾਕ-ਗਾਰਡਨ ਦਾ ________ਕੀਤਾ।

(ਸ) ਅਖ਼ੀਰ ਉਸ ਦੇ ਕੰਮ ਨੂੰ ________ ਮਿਲ਼ ਗਈ।

(ਹ) ਦੂਰੋਂ-ਦੂਰੋਂ ________ਰਾਕ-ਗਾਰਡਨ ਨੂੰ ਵੇਖਣ ਆਉਂਦੇ ਹਨ।

3. **ਵਾਕਾਂ ਵਿੱਚ ਵਰਤੋ :**

ਵਿਸ਼ਵ

ਆਪਮੁਹਾਰੇ

ਸ਼ਾਹਕਾਰ

ਪ੍ਰਸ਼ਾਸਨ

ਫ਼ੱਕਰ

4. **ਵਿਸਤਾਰ ਵਿੱਚ ਉੱਤਰ ਦਿਓ :**

(ੳ) ਨੇਕ ਚੰਦ ਜੀ ਦੇ ਜੀਵਨ ਬਾਰੇ ਚਾਰ ਸਤਰਾਂ ਲਿਖੋ।

(ਅ) ਵਰਤਮਾਨ ਰਾਕ-ਗਾਰਡਨ ਪਹਿਲਾਂ ਕਿਸ ਤਰ੍ਹਾਂ ਦਾ ਸਥਾਨ ਸੀ?

(ੲ) ਨੇਕ ਚੰਦ ਨੇ ਆਪਣੇ ਕੰਮਾਂ ਦਾ ਅਰੰਭ ਕਿਸ ਤਰ੍ਹਾਂ ਕੀਤਾ?

(ਸ) ਰਾਕ-ਗਾਰਡਨ ਦੀ ਬਣਤਰ ਬਾਰੇ ਤੁਸੀਂ ਕੀ ਜਾਣਦੇ ਹੋ?

(ਹ) ਨੇਕ ਚੰਦ ਨੂੰ ਕੀ-ਕੀ ਸਨਮਾਨ ਮਿਲ਼ੇ?

5. **ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :**

ਹੌਲ਼ੀ-ਹੌਲ਼ੀ

ਸਨਮਾਨ

ਪੁਰਾਣੇ

ਚਾਨਣ

ਖੋਲ੍ਹਣਾ

6. **ਹੇਠ ਲਿਖੇ ਨਾਂਵ-ਸ਼ਬਦਾਂ ਦੇ ਵਿਸ਼ੇਸ਼ਣ ਬਣਾਓ :**

ਕਲਾ

ਚੋਰੀ

ਨਿਰਮਾਣ

ਸਰਕਾਰ

ਪੱਥਰ

7. **ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

ਫ਼ਾਲਤੂ

ਨਿਰਮਾਣ

ਘਾਲਣਾ

ਸਰਗਰਮੀ

ਅਲਵਿਦਾ

**ਅਧਿਆਪਕਾਂ ਲਈ :**

ਤੁਹਾਨੂੰ ਨੇਕ ਚੰਦ ਜੀ ਦੀ ਜੀਵਨੀ ਤੋਂ ਜੋ ਪ੍ਰੇਰਨਾ ਮਿਲ਼ੀ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

***

ਪਾਠ-5

# ਵਿਸਾਖੀ ਦਾ ਮੇਲਾ

ਕਿੰਨਾ ਹੈ ਵਿਸਾਖੀ ਵਾਲ਼ਾ ਮੇਲਾ ਭਰਿਆ,
ਜਾਏ ਨਾ ਬਜ਼ਾਰਾਂ ਵਿੱਚ ਪੈਰ ਧਰਿਆ।

ਕਿੰਞ ਹਟਵਾਣੀਆਂ ਨੇ ਪਾਈਆਂ ਹੱਟੀਆਂ,
ਦੋਂਹੀਂ ਹੱਥੀਂ ਕਰਦੇ ਸਵਾਈਆਂ ਖੱਟੀਆਂ।

ਲੱਡੂਆਂ-ਜਲੇਬੀਆਂ ਦੇ ਭਰੇ ਥਾਲ਼ ਨੇ,
ਖਾਣ ਦੇ ਸ਼ੁਕੀਨ ਖੜ੍ਹੇ ਬੰਨ ਪਾਲ਼ ਨੇ।

ਟੋਲੀਆਂ ਬਣਾਈਆਂ ਵੱਖੋ-ਵੱਖ ਮੇਲੀਆਂ,
ਸੋਭਦੇ ਨੇ ਮੇਲੇ ਸਦਾ ਨਾਲ਼ ਬੇਲੀਆਂ।

ਸੀਟੀਆਂ, ਸਪੀਕਰਾਂ ਨੇ ਪਾਇਆ ਸ਼ੋਰ ਹੈ।
ਸ਼ੋਰ ਨਾਲ਼ ਮੇਲੇ ਵਿੱਚ ਆਉਂਦਾ ਲੋਰ ਹੈ।



ਕੱਪੜੇ ਨੇ ਪਾਏ ਲੋਕਾਂ ਰੰਗਾਂ-ਰੰਗ ਦੇ,
ਕੁੜਤੇ ਤੇ ਚਾਦਰੇ ਨੇ ਕਈ ਢੰਗ ਦੇ।

ਕੀਤੀ ਹੋਈ ਸ਼ੁਰੂ ਕਿਤੇ 'ਵਾਰ' ਢਾਡੀਆਂ,
ਗੱਲਾਂ ਨੇ ਸੁਣਾਉਂਦੇ ਸਾਡੀਆਂ-ਤੁਹਾਡੀਆਂ।

ਕਿਧਰੇ ਪੰਘੂੜੇ ਤੇ ਚੰਡੋਲ ਕਿਧਰੇ,
ਸੁਣਦੇ ਕਵੀਸ਼ਰਾਂ ਦੇ ਬੋਲ ਕਿਧਰੇ।

ਆਥਣੇ ਅਖਾੜੇ ਵਿੱਚ ਢੋਲ ਵੱਜਦੇ,
ਸ਼ੇਰਾਂ ਵਾਂਗੂੰ ਮੱਲ ਨੇ ਅਖਾੜੀਂ ਗੱਜਦੇ।

ਐਨਾ ਮੁਲਖੱਈਆ ਮੇਲੇ ਵਿੱਚ ਢੁੱਕਿਆ,
ਲੱਭਦਾ ਨਹੀਂ ਬੰਦਾ, ਸਾਥ ਨਾਲ਼ੋਂ ਉੱਕਿਆ।

ਭੀੜ ਹੋਵੇ ਐਨੀ ਵਿੱਚ ਬੱਸਾਂ, ਲਾਰੀਆਂ,
'ਤੋਬਾ-ਤੋਬਾ' ਕਹਿਣ, ਚੜ੍ਹ ਕੇ ਸਵਾਰੀਆਂ।

ਧੁੱਪ, ਧੂੜ, ਧੱਕੇ; ਜਿਹੜੇ ਜਰ ਸਕਦੇ,
ਮੇਲਿਆਂ ਦੀ ਸੈਰ, ਸੋਈ ਕਰ ਸਕਦੇ।

ਫੁੱਲਾਂ ਵਿੱਚੋਂ ਫੁੱਲ ਸੋਭਦੇ ਗੁਲਾਬ ਦੇ,
ਮੇਲਿਆਂ 'ਚੋਂ ਮੇਲੇ ਰੰਗਲੇ ਪੰਜਾਬ ਦੇ।

## ਪਾਠ- ਅਭਿਆਸ

1. **ਹਾਂ ਜਾਂ ਨਾਂਹ ਵਿੱਚ ਉੱਤਰ ਦਿਓ :**

(ੳ) ਵਿਸਾਖੀ ਦੇ ਮੇਲੇ 'ਤੇ ਬਹੁਤੀ ਭੀੜ ਨਹੀਂ ਹੁੰਦੀ।
(ਅ) ਹਟਵਾਣੀਏ ਮੇਲੇ ਵਿੱਚ ਬਹੁਤ ਖੱਟੀ ਕਰਦੇ ਹਨ।
(ੲ) ਵਿਸਾਖੀ 'ਤੇ ਲੋਕ ਆਮ ਕੱਪੜੇ ਪਾਉਂਦੇ ਹਨ।
(ਸ) ਕਵੀਸ਼ਰ ਵੀ ਵਿਸਾਖੀ ਦੇ ਮੌਕੇ ਆਪਣੇ ਬੋਲ ਸੁਣਾਉਂਦੇ ਹਨ।
(ਹ) ਮੱਲ ਵਿਸਾਖੀ ਦੇ ਮੌਕੇ 'ਤੇ ਆਪਣੀ ਕਲਾ ਦਾ ਪ੍ਰਦਰਸ਼ਨ ਨਹੀਂ ਕਰਦੇ।

2. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਵਿਸਾਖੀ ਦੇ ਮੇਲੇ 'ਤੇ ਕਿੰਨੀ ਕੁ ਭੀੜ ਹੁੰਦੀ ਹੈ?

(ਅ) ਇਸ ਕਵਿਤਾ ਵਿੱਚ ਕਿਨ੍ਹਾਂ ਮਿਠਿਆਈਆਂ ਦਾ ਜ਼ਿਕਰ ਆਇਆ ਹੈ?

(ੲ) ਮੇਲੇ ਵਿੱਚ ਲੋਕਾਂ ਨੇ ਕੱਪੜੇ ਕਿਸ ਤਰ੍ਹਾਂ ਦੇ ਪਾਏ ਹੁੰਦੇ ਹਨ?

(ੲ) ਮੇਲਿਆਂ ਦੀ ਸੈਰ ਕਿਹੜੇ ਲੋਕ ਕਰ ਸਕਦੇ ਹਨ?

(ਹ) ਪੰਜਾਬ ਦੇ ਰੰਗਲੇ ਮੇਲੇ ਕਿਸ ਫੁੱਲ ਵਾਂਗ ਲੱਗਦੇ ਹਨ?

3. **ਵਾਕਾਂ ਵਿੱਚ ਵਰਤੋ :**

ਪੈਰ ਧਰਨਾ

ਸ਼ੁਕੀਨ

ਕਵੀਸ਼ਰ

ਮੁਲਖੱਈਆ

ਸਵਾਰੀਆਂ

4. **ਹੇਠ ਲਿਖੇ ਸ਼ਬਦਾਂ ਨਾਲ਼ ਤੁਕਾਂਤ ਮਿਲ਼ਾਓ :**

ਹੱਟੀਆਂ

ਮੇਲੀਆਂ

ਢੁੱਕਿਆ

ਲਾਰੀਆਂ

ਗੁਲਾਬ

5. **ਖ਼ਾਲੀ ਸਥਾਨ ਭਰੋ :**

1. ਕਿੰਨਾ ਹੈ ਵਿਸਾਖੀ ਵਾਲ਼ਾ ________
2. ________ ਖੜੇ ਬੰਨ੍ਹ ਪਾਲ਼ ਨੇ।
3. ਕੱਪੜੇ ਨੇ ਪਾਏ ਲੋਕਾਂ ________
4. ਗੱਲਾਂ ਨੇ ਸੁਣਾਉਂਦੇ ________
5. ________ਵਿੱਚ ਬੱਸਾਂ, ਲਾਰੀਆਂ।

6. **ਤੁਸੀਂ ਕਦੇ ਕੋਈ ਮੇਲਾ ਜ਼ਰੂਰ ਵੇਖਿਆ ਹੋਵੇਗਾ, ਉਸ ਦਾ ਜ਼ਿਕਰ ਆਪਣੇ ਸ਼ਬਦਾਂ ਵਿੱਚ ਕਰੋ।**

***

ਪਾਠ - 6

# ਜਨਮ-ਦਿਨ ਦੀ ਪਾਰਟੀ

ਅੱਜ ਜਮਾਤ ਵਿੱਚ ਇੱਕ ਵਾਰ ਫੇਰ ਬਰਫ਼ੀ ਵੰਡੀ ਗਈ ਸੀ ਕਿਉਂਕਿ ਪ੍ਰਿੰਸੀ ਦਾ ਜਨਮ-ਦਿਨ ਸੀ। ਹਾਲੇ ਪਿਛਲੇ ਹਫ਼ਤੇ ਹੀ ਤਾਂ ਚਿੰਟੂ ਨੇ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਰਸਗੁੱਲੇ ਖੁਆਏ ਸਨ ਕਿਉਂਕਿ ਉਸ ਦਿਨ ਉਸ ਦਾ ਜਨਮ-ਦਿਨ ਸੀ।

ਇਸ ਸਕੂਲ ਵਿੱਚ ਇਸ ਤਰ੍ਹਾਂ ਜਨਮ-ਦਿਨ ਮਨਾਉਂਦਿਆਂ ਦੇਖ ਕੇ ਮਿੱਕੀ ਨੂੰ ਖ਼ੁਸ਼ੀ ਵੀ ਹੁੰਦੀ ਅਤੇ ਅਫ਼ਸੋਸ ਵੀ। ਖ਼ੁਸ਼ੀ ਇਸ ਗੱਲ ਦੀ ਕਿ ਮਹੀਨੇ ਵਿੱਚ ਦੋ-ਤਿੰਨ ਵਾਰੀ ਮੁਫ਼ਤ ਵਿੱਚ ਹੀ ਕੁਝ ਨਾ ਕੁਝ ਖਾਣ ਲਈ ਮਿਲ਼ ਜਾਂਦਾ ਸੀ। ਕਈ ਵਾਰੀ ਤਾਂ ਇੱਕ ਹਫ਼ਤੇ ਵਿੱਚ ਹੀ ਦੋ-ਤਿੰਨ ਬੱਚਿਆਂ ਦੇ ਜਨਮ-ਦਿਨ ਆ ਜਾਂਦੇ ਸਨ ਪਰ ਅਕਸਰ ਮਿੱਕੀ ਦਾ ਮਨ ਇਹ ਸੋਚ ਕੇ ਉਦਾਸ ਹੋ ਜਾਂਦਾ ਸੀ ਕਿ ਜਦੋਂ ਉਸ ਦਾ ਜਨਮ-ਦਿਨ ਆਵੇਗਾ ਤਾਂ ਉਹ ਕੀ ਕਰੇਗਾ? ਉਸ ਦੇ ਮਾਪੇ ਤਾਂ ਏਨਾ ਖ਼ਰਚ ਨਹੀਂ ਕਰ ਸਕਦੇ। ਉਹ ਤਾਂ ਉਸ ਦੀ ਸਕੂਲ ਦੀ ਫ਼ੀਸ ਅਤੇ ਕਾਪੀਆਂ-ਕਿਤਾਬਾਂ ਦਾ ਖ਼ਰਚਾ ਵੀ ਮੁਸ਼ਕਲ ਨਾਲ਼ ਕਰਦੇ ਸਨ।

ਮਿੱਕੀ ਦੇ ਪਿਤਾ ਜੀ ਇੱਕ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦੇ ਸਨ। ਗਰਮੀ ਦੀ ਰੁੱਤ ਵਿੱਚ ਵੀ ਉਹਨਾਂ ਨੂੰ ਲੋਹਾ ਪੱਘਰਾਉਣ ਵਾਲੀਆਂ ਭੱਠੀਆਂ 'ਤੇ ਕੰਮ ਕਰਨਾ ਪੈਂਦਾ ਸੀ ਅਤੇ ਉਸ ਦੇ ਮਾਤਾ ਜੀ ਸ੍ਵੈਟਰ-ਜਰਸੀਆਂ ਲਿਆ ਕੇ ਉਹਨਾਂ ਦੇ ਬਟਨ ਲਾਉਣ ਦਾ ਕੰਮ ਕਰਦੇ ਸਨ ਤਾਂਜੋ ਘਰ ਦੀ ਆਮਦਨ ਵਿੱਚ ਕੁਝ ਵਾਧਾ ਹੋ ਸਕੇ। ਉਹਨਾਂ ਕੋਲ਼ ਮਕਾਨ ਵੀ ਕਿਰਾਏ ਦਾ ਸੀ।

ਅਕਸਰ ਮਿੱਕੀ ਦੇ ਮਨ ਵਿੱਚ ਇਹੋ-ਜਿਹੇ ਖ਼ਿਆਲ ਆਉਂਦੇ ਰਹਿੰਦੇ, ਖ਼ਾਸ ਕਰਕੇ ਜਦੋਂ ਕੋਈ ਬੱਚਾ ਜਮਾਤ ਵਿੱਚ ਆਪਣੇ ਜਨਮ-ਦਿਨ ਦੀ ਪਾਰਟੀ 'ਤੇ ਮਿਠਿਆਈ ਵੰਡਦਾ ਤਾਂ ਮਿੱਕੀ ਕਈ-ਕਈ ਦਿਨ ਬੇਚੈਨ ਰਹਿੰਦਾ। ਘਰ ਦੀ ਆਰਥਿਕ ਹਾਲਤ ਤੋਂ ਚੰਗੀ ਤਰ੍ਹਾਂ ਵਾਕਫ਼ ਹੋਣ ਦੇ ਬਾਵਜੂਦ ਹਰ ਘੜੀ ਉਸ ਦੇ ਦਿਮਾਗ਼ ਵਿੱਚ ਇਹੋ ਗੱਲ ਘੁੰਮਦੀ ਰਹਿੰਦੀ ਕਿ ਘਰਵਾਲ਼ੇ ਉਸ ਦਾ ਜਨਮ-ਦਿਨ ਕਿਉਂ ਨਹੀਂ ਮਨਾਉਂਦੇ? ਹੋਰ ਵੀ ਤਾਂ ਬਥੇਰਾ ਖ਼ਰਚ ਕਰਦੇ ਹਨ! ਉਹ ਅਕਸਰ ਸੋਚਦਾ ਕਿ ਜੇ ਉਸ ਦੇ ਘਰ ਵਾਲ਼ੇ ਮੰਨ ਜਾਣ ਤਾਂ ਇਸ ਵਾਰ ਆਪਣੇ ਜਨਮ-ਦਿਨ 'ਤੇ ਉਹ ਵੀ ਹੋਰਨਾਂ ਬੱਚਿਆਂ ਵਾਂਗ ਜਮਾਤ ਵਿੱਚ ਮਿਠਿਆਈ ਵੰਡੇ ਅਤੇ ਇਸ ਤਰ੍ਹਾਂ ਉਸ ਦੀ ਵੀ ਜਮਾਤ ਵਿੱਚ ਟਹੁਰ ਬਣ ਜਾਵੇ ਪਰ ਘਰ ਦਾ ਖ਼ਿਆਲ ਆਉਂਦਿਆਂ ਹੀ ਉਸ ਦਾ ਜੋਸ਼ ਮੱਠਾ ਪੈ ਜਾਂਦਾ।

ਪਹਿਲਾਂ ਮਿੱਕੀ ਸਰਕਾਰੀ ਸਕੂਲ ਵਿੱਚ ਪੜ੍ਹਦਾ ਸੀ। ਉੱਥੇ ਸ਼ਾਇਦ ਹੀ ਕਦੇ ਕਿਸੇ ਨੇ ਇਸ ਤਰ੍ਹਾਂ ਪੂਰੀ ਜਮਾਤ ਵਿੱਚ ਮਿਠਿਆਈ ਵੰਡ ਕੇ ਆਪਣਾ ਜਨਮ-ਦਿਨ ਮਨਾਇਆ ਹੋਵੇ। ਵੱਧ ਤੋਂ ਵੱਧ ਜੇ ਕੋਈ ਮੁੰਡਾ ਆਪਣਾ ਜਨਮ-ਦਿਨ ਮਨਾਉਂਦਾ ਵੀ ਸੀ ਤਾਂ ਆਪਣੇ ਦੋ-ਚਾਰ ਦੋਸਤਾਂ ਨੂੰ ਅੱਧੀ ਛੁੱਟੀ ਵੇਲ਼ੇ ਸਕੂਲ ਦੀ ਕੰਟੀਨ ਵਿੱਚੋਂ ਸਮੋਸੇ ਜਾਂ ਟਿੱਕੀਆਂ ਖੁਆ ਦਿੰਦਾ ਸੀ। ਇੰਞ ਤਾਂ ਕਦੇ ਵੀ ਨਹੀਂ ਹੋਇਆ ਸੀ ਕਿ ਸਾਰੀ ਜਮਾਤ ਨੂੰ ਹੀ ਕੁਝ

ਖੁਆਇਆ ਜਾਵੇ ਪਰ ਅੱਠਵੀਂ ਪਾਸ ਕਰਨ ਮਗਰੋਂ ਉਸ ਨੂੰ ਚੰਗੇ ਨੰਬਰ ਹਾਸਲ ਕਰਨ ਕਰਕੇ ਇਸ ਸਕੂਲ ਵਿੱਚ ਦਾਖ਼ਲਾ ਮਿਲ਼ ਗਿਆ ਸੀ। ਇਸ ਸਕੂਲ ਦੀ ਪੜ੍ਹਾਈ ਭਾਵੇਂ ਪਹਿਲ਼ਾਂ ਵਾਲ਼ੇ ਸਕੂਲ ਨਾਲ਼ੋਂ ਚੰਗੀ ਸੀ ਪਰ ਜਨਮ-ਦਿਨ ਮਨਾਉਣ ਦਾ ਨਵਾਂ ਢੰਗ ਦੇਖ ਕੇ ਮਿੱਕੀ ਨੂੰ ਡਾਢੀ ਹੈਰਾਨੀ ਹੋਈ ਸੀ।

ਜਦੋਂ ਸਾਰੇ ਬੱਚੇ ਜਨਮ-ਦਿਨ ਵਾਲ਼ੇ ਵਿਦਿਆਰਥੀ ਨੂੰ ਇੱਕੋ ਸੁਰ ਵਿੱਚ 'ਹੈਪੀ ਬਰਥ-ਡੇਅ ਟੂ ਯੂ' ਆਖਦੇ ਤਾਂ ਮਿੱਕੀ ਦੇ ਮਨ ਵਿੱਚ ਆਉਂਦਾ ਕਿ ਕਾਸ਼! ਉਹ ਵੀ ਜਮਾਤ ਵਿੱਚ ਆਪਣਾ ਜਨਮ-ਦਿਨ ਮਨਾਵੇ ਅਤੇ ਸਾਰੇ ਜਮਾਤੀ ਖ਼ੁਸ਼ ਹੋ ਕੇ ਇਸੇ ਤਰ੍ਹਾਂ ਉਸ ਨੂੰ ਜਨਮ-ਦਿਨ ਦੀਆਂ ਮੁਬਾਰਕਾਂ ਦੇਣ। ਆਖ਼ਰ ਇੱਕ ਦਿਨ ਉਸ ਨੇ ਆਪਣੇ ਪਾਪਾ ਨੂੰ ਆਪਣੇ ਦਿਲ ਦੀ ਗੱਲ ਦੱਸ ਦਿੱਤੀ।

"ਤੇਰੀ ਮੱਤ ਤਾਂ ਨ੍ਹੀਂ ਮਾਰੀ ਗਈ। ਐਥੇ ਦੋ ਵੇਲ਼ਿਆਂ ਦੀ ਰੋਟੀ ਦਾ ਫ਼ਿਕਰ ਲੱਗਿਆ ਰਹਿੰਦਾ ਹੈ ਤੇ ਤੈਨੂੰ ਜਨਮ-ਦਿਨ ਮਨਾਉਣ ਦੀ ਪਈ ਹੈ," ਡੈਡੀ ਨੇ ਰਤਾ ਖਿਝ ਕੇ ਕਿਹਾ ਸੀ।

ਮੰਮੀ ਨੇ ਵੀ ਉਸ ਨੂੰ ਸਮਝਾਉਂਦਿਆਂ ਆਖਿਆ ਸੀ, "ਪੁੱਤ, ਤੂੰ ਤਾਂ ਸਿਆਣਾ ਬੱਚਾ ਏਂ। ਤੈਥੋਂ ਕੋਈ ਲੁਕਾਅ ਤਾਂ ਹੈ ਨ੍ਹੀਂ। ਘਰ ਦੀ ਹਾਲਤ ਤਾਂ ਤੂੰ ਜਾਣਦਾ ਹੀ ਹੈਂ। ਤੇਰੀ ਪੜ੍ਹਾਈ ਦੇ ਨਾਲ਼-ਨਾਲ਼ ਮੁੰਨੀ ਦੀ ਪੜ੍ਹਾਈ ਦਾ ਵੀ ਖ਼ਰਚਾ ਹੈ।"

ਉਹਨਾਂ ਦੇ ਸਮਝਾਉਣ ਅਤੇ ਦਲੀਲਾਂ ਦਾ ਮਿੱਕੀ 'ਤੇ ਕੋਈ ਅਸਰ ਨਹੀਂ ਹੋ ਰਿਹਾ ਸੀ। ਉਸ ਨੇ ਤਾਂ ਪੱਕੀ ਧਾਰ ਲਈ ਸੀ ਕਿ ਇਸ ਵਾਰ ਜਨਮ-ਦਿਨ ਜ਼ਰੂਰ ਮਨਾਵੇਗਾ। ਨਾਲ਼ੇ ਜਨਮ-ਦਿਨ ਕਿਹੜਾ ਰੋਜ਼-ਰੋਜ਼ ਆਉਂਦਾ ਹੈ। ਸਾਲ ਵਿੱਚ ਮਸਾਂ ਇੱਕ ਵਾਰੀ ਤੇ ਉਹ ਵੀ ਇੰਞ ਸੁੱਕਾ ਲੰਘ ਜਾਵੇ, ਫਿਰ ਤਾਂ ਜਨਮ-ਦਿਨ ਹੀ ਨਹੀਂ ਆਉਣਾ ਚਾਹੀਦਾ।

ਉਸ ਦੀ ਜ਼ਿਦ ਨੇ ਜਿਵੇਂ ਘਰ ਵਿੱਚ ਕਲ਼ੇਸ ਪਾ ਦਿੱਤਾ ਸੀ। ਐਵੇਂ ਬਿਨਾਂ ਕਿਸੇ ਖ਼ਾਸ ਗੱਲ 'ਤੇ ਉਸ ਦੇ ਮੰਮੀ-ਪਾਪਾ ਦੀ ਕਈ ਵਾਰੀ ਝੜਪ ਹੋ ਗਈ ਸੀ। ਮੰਮੀ ਵੀ ਚਾਹੁੰਦੇ ਸਨ ਕਿ ਐਤਕੀਂ ਜਿਸ ਤਰ੍ਹਾਂ ਮਿੱਕੀ ਚਾਹੁੰਦਾ ਹੈ, ਉਵੇਂ ਹੀ ਕਰ ਲਈਏ ਪਰ ਉਸ ਦੇ ਪਾਪਾ ਆਪਣੀ ਜਗ੍ਹਾ ਸਹੀ ਸਨ। ਇਸ ਤਰ੍ਹਾਂ ਤਾਂ ਇੱਕੋ ਵਾਰੀ ਵਿੱਚ ਦੋ-ਢਾਈ ਸੌ ਰੁਪਏ ਖ਼ਰਚ ਹੋ ਜਾਣੇ ਸਨ।

ਆਖ਼ਰ ਜਨਮ-ਦਿਨ ਤੋਂ ਇੱਕ ਦਿਨ ਪਹਿਲਾਂ ਪਾਪਾ ਕੁਝ ਨਰਮ ਪੈ ਗਏ। ਉਹਨਾਂ ਪਿਆਰ ਨਾਲ਼ ਮਿੱਕੀ ਨੂੰ ਸਮਝਾਉਂਦਿਆਂ ਆਖਿਆ, "ਬੇਟੇ, ਐਵੇਂ ਵਾਹ-ਵਾਹ ਖੱਟਣ ਲਈ ਜਨਮ-ਦਿਨ ਦੀਆਂ ਪਾਰਟੀਆਂ ਕਰਨੀਆਂ ਸਾਡੇ ਵਰਗੇ ਗ਼ਰੀਬਾਂ ਦੇ ਵੱਸ ਦੀ ਗੱਲ ਨਹੀਂ। ਇਹ ਤਾਂ ਅਮੀਰਾਂ ਦੇ ਚੋਂਚਲੇ ਨੇ। ਸਾਡੇ ਵਰਗੇ ਘਰਾਂ ਵਿੱਚ ਤਾਂ ਦੋ ਵੇਲ਼ਿਆਂ ਦੀ ਰੋਟੀ ਮੁਸ਼ਕਲ ਨਾਲ਼ ਜੁੜਦੀ ਹੈ।"

ਫਿਰ ਉਹਨਾਂ ਕਿਹਾ, "ਇੰਞ ਕਰ, ਕੁਝ ਅਸੀਂ ਤੇਰੀ ਗੱਲ ਮੰਨ ਲੈਂਦੇ ਆਂ ਤੇ ਕੁਝ ਤੂੰ ਸਾਡੀ ਮੰਨ ਲੈ। ਆਹ ਲੈ, ਪੰਜਾਹ ਰੁਪਏ ਤੇ ਆਪਣੇ ਦੋ-ਚਾਰ ਖ਼ਾਸ ਦੋਸਤਾਂ ਨੂੰ ਕੱਲ੍ਹ ਪਾਰਟੀ ਕਰ ਲਈਂ........ ਭਾਵੇਂ ਸ਼ਾਮ ਨੂੰ ਘਰ ਬੁਲਾ ਲਈਂ। ਆਪਣੇ ਘਰ ਦੀ ਹਾਲਤ ਤਾਂ ਤੈਨੂੰ ਪਤਾ ਹੀ ਹੈ। ਸਾਰੀ ਜਮਾਤ ਨੂੰ ਪਾਰਟੀ ਕਰਨਾ ਸਾਡੇ ਵੱਸ 'ਚ ਨਹੀਂ।"

ਉਹਨਾਂ ਦੇ ਸਮਝਾਉਣ ਨਾਲ਼ ਮਿੱਕੀ ਨੂੰ ਵੀ ਲੱਗਿਆ ਕਿ ਚੱਲੋ, ਐਤਕੀਂ ਏਨਾ ਹੀ ਸਹੀ। ਨਾਂਹ ਨਾਲੋਂ ਤਾਂ ਕੁਝ ਚੰਗਾ ਹੀ ਹੈ। ਸਾਰੀ ਜਮਾਤ ਨੂੰ ਪਾਰਟੀ ਦੇਣ ਬਾਰੇ ਅਗਲੀ ਵਾਰੀ ਸੋਚ ਲਵਾਂਗੇ। ਇਸ ਤਰ੍ਹਾਂ ਉਸ ਮਨ ਹੀ ਮਨ ਫ਼ੈਸਲਾ ਕਰ ਲਿਆ ਸੀ ਕਿ ਕੱਲ੍ਹ ਸ਼ਾਮ ਨੂੰ ਉਹ ਆਪਣੇ ਕੁਝ ਖ਼ਾਸ ਮਿੱਤਰਾਂ ਨੂੰ ਘਰੇ ਬੁਲਾ ਕੇ ਪਾਰਟੀ ਕਰ ਲਵੇਗਾ।

ਉਹ ਸੋਚਣ ਲੱਗਿਆ ਕਿ ਕਿਸ-ਕਿਸ ਨੂੰ ਬੁਲਾਵੇ। ਚਿੰਟੂ ਤੇ ਸੋਨੂੰ ਨੂੰ ਤਾਂ ਜ਼ਰੂਰ ਬੁਲਾਏਗਾ। ਲੋੜ ਪੈਣ 'ਤੇ ਉਹ ਉਸ ਨੂੰ ਹੋਮ-ਵਰਕ ਦੀਆਂ ਕਾਪੀਆਂ ਦੇ ਦਿੰਦੇ ਹਨ। ਵਿੱਕੀ ਨੂੰ ਤਾਂ ਰਹਿਣ ਦੇਵਾਂਗਾ। ਉਹ ਤਾਂ ਬਹੁਤ ਅਮੀਰ ਹੈ। ਐਵੇਂ ਉਸ ਦੇ ਘਰ ਦੀ ਹਾਲਤ ਦੇਖ ਕੇ ਮਜ਼ਾਕ ਉਡਾਏਗਾ।

ਖ਼ੈਰ! ਉਸ ਨੇ ਮਨ ਵਿੱਚ ਦੋ-ਤਿੰਨ ਦੋਸਤਾਂ ਨੂੰ ਬੁਲਾਉਣ ਦਾ ਫ਼ੈਸਲਾ ਕਰ ਲਿਆ।

ਜਨਮ-ਦਿਨ ਵਾਲ਼ੇ ਦਿਨ ਜਦੋਂ ਉਹ ਕੁਝ ਖਾਣ-ਪੀਣ ਦਾ ਸਮਾਨ ਲਿਆਉਣ ਲਈ ਘਰੋਂ ਬਾਹਰ ਨਿਕਲ਼ਿਆ ਤਾਂ ਉਸ ਵੇਲ਼ੇ ਕਾਲੇ ਬੱਦਲ਼ ਛਾਏ ਹੋਏ ਸਨ। ਉਹ 'ਦਰੇਸੀ' ਦੇ ਮੈਦਾਨ ਦੀ ਲਾਗਲੀ ਦੁਕਾਨ ਤੋਂ ਕੁਝ ਪਕੌੜੇ ਅਤੇ ਸਮੋਸੇ ਲਿਆਉਣਾ ਚਾਹੁੰਦਾ ਸੀ। ਉੱਥੋਂ ਦੀਆਂ ਚੀਜ਼ਾਂ ਦੀ ਆਪਣੀ ਹੀ ਮਸ਼ਹੂਰੀ ਸੀ ਪਰ ਅਜੇ ਉਹ ਦੁਕਾਨ ਤੋਂ ਦੂਰ ਹੀ ਸੀ ਕਿ ਇਕਦਮ ਤੇਜ਼ ਮੀਂਹ ਪੈਣ ਲੱਗ ਪਿਆ। ਉਹ ਭੱਜ ਕੇ ਇੱਕ ਘਰ ਦੇ ਮੂਹਰੇ ਜਾ ਖਲੋਤਾ। ਘਰ ਦਾ ਬੂਹਾ ਖੁੱਲ੍ਹਾ ਸੀ। ਉਹ ਮੀਂਹ ਤੋਂ ਬਚਣ ਲਈ ਬੂਹੇ ਦੇ ਕੋਲ਼ ਹੋ ਗਿਆ। ਉਸੇ ਵੇਲ਼ੇ ਅੰਦਰੋਂ ਅਵਾਜ਼ ਆਈ, "ਬੇਟੇ! ਅੰਦਰ ਲੰਘ ਆ। ਐਂਵੇ ਮੀਂਹ 'ਚ ਭਿੱਜ ਕੇ ਕਿਤੇ ਬਿਮਾਰ ਨਾ ਹੋ ਜਾਈਂ।"

ਮਿੱਕੀ ਘਰ ਅੰਦਰ ਚਲਾ ਗਿਆ। ਇੱਕ ਖ਼ਸਤਾਹਾਲ ਜਿਹਾ ਘਰ ਸੀ। ਕਮਰੇ ਦੀਆਂ ਕੰਧਾਂ ਦੇ ਖਲੇਪੜ ਲੱਥੇ ਹੋਏ ਸਨ। ਏਧਰ-ਓਧਰ ਕਬਾੜ ਖਿੰਡਰਿਆ ਪਿਆ ਸੀ। ਲਾਗੇ ਹੀ ਮੰਜੇ 'ਤੇ ਇੱਕ ਦਸ-ਬਾਰਾਂ ਸਾਲਾਂ ਦਾ ਮੁੰਡਾ ਲੰਮਾ ਪਿਆ ਖੰਘ ਰਿਹਾ ਸੀ।

"ਤੁਸੀਂ ਇਹਦੀ ਦਵਾਈ ਕਿਉਂ ਨ੍ਹੀਂ ਲੈ ਆਉਂਦੇ। ਖੰਘ-ਖੰਘ ਕੇ ਮੁੰਡੇ ਦਾ ਸਾਹ ਸੁੱਕ ਗਿਐ। ਸਵੇਰ ਦਾ ਬੁਖ਼ਾਰ ਵੀ ਚੜ੍ਹਿਆ ਹੋਇਐ।" ਉੱਥੇ ਬੈਠੀ ਔਰਤ ਨੇ ਕਿਹਾ ਤਾਂ ਉਹ ਆਦਮੀ ਰਤਾ ਖਿਝ ਕੇ ਬੋਲਿਆ, "ਦਵਾਈ ਆਪਣੇ ਸਿਰ ਦੀ ਲਿਆਵਾਂ! ਜੇਬ ਵਿੱਚ ਧੇਲਾ ਨ੍ਹੀਂ। ਚਾਹ 'ਚ ਤੁਲਸੀ ਦੇ ਪੱਤੇ ਉਬਾਲ ਕੇ ਦੇ-ਦੇ.... ਆਪੇ ਬੁਖ਼ਾਰ ਉੱਤਰ ਜਾਊ।"

"ਚਾਹ ਕਾਹਦੀ ਬਣਾਵਾਂ? ਨਾ ਘਰ ਵਿੱਚ ਖੰਡ ਏ ਤੇ ਨਾ ਦੁੱਧ," ਉਸ ਔਰਤ ਨੇ ਜਿਵੇਂ ਰੋਣਹਾਕੀ ਹੋ ਕੇ ਕਿਹਾ।

"ਮੈਂ ਵੀ ਦੱਸ, ਕੀ ਕਰਾਂ? ਇਸ ਝੜੀ ਦਾ ਸੱਤਿਆਨਾਸ ਹੋਵੇ। ਦੋ ਦਿਨਾਂ ਤੋਂ ਦਿਹਾੜੀ ਹੀ ਨਹੀਂ ਲੱਗੀ। ਰੱਬ ਵੀ ਜਿਵੇਂ ਸਾਡਾ ਇਮਤਿਹਾਨ ਲੈ ਰਿਹੈ," ਆਖਦਿਆਂ ਉਸ ਆਦਮੀ ਦਾ ਮਨ ਭਰ ਆਇਆ ਸੀ।

ਉਹਨਾਂ ਦੀਆਂ ਗੱਲਾਂ ਸੁਣ ਕੇ ਮਿੱਕੀ ਜਿਵੇਂ ਸੁੰਨ ਹੋ ਗਿਆ। ਉਸ ਨੂੰ ਜਾਪਿਆ, ਉਸ ਦੇ ਪਾਪਾ ਠੀਕ ਹੀ ਕਹਿੰਦੇ ਹਨ ਕਿ ਪਾਰਟੀਆਂ ਕਰਨੀਆਂ ਤਾਂ ਅਮੀਰਾਂ ਦੇ ਚੋਂਚਲੇ ਹਨ। ਆਮ ਆਦਮੀ ਨੂੰ ਤਾਂ ਰੋਟੀ ਦੇ ਹੀ ਲਾਲੇ ਪਏ ਰਹਿੰਦੇ ਹਨ।

ਉਹ ਕੁਝ ਪਲ ਸੋਚਦਾ ਰਿਹਾ। ਆਖ਼ਰਕਾਰ ਉਸ ਪੰਜਾਹ ਦਾ ਨੋਟ ਉਸ ਆਦਮੀ ਵੱਲ ਵਧਾ ਦਿੱਤਾ ਤੇ ਕਿਹਾ, "ਅੰਕਲ ਜੀ, ਤੁਸੀਂ ਇਹਨਾਂ ਪੈਸਿਆਂ ਨਾਲ਼ ਇਸ ਦੀ ਦਵਾਈ ਲੈ ਆਓ।"

"ਨਹੀਂ ਪੁੱਤ......ਰੱਬ ਆਪੇ ਸਾਰ ਦੇਵੇਗਾ, ਤੂੰ ਕਾਹਨੂੰ ਤਕਲੀਫ਼ ਕਰਦੈਂ........?"

"ਨਹੀਂ ਅੰਕਲ ਜੀ, ਤਕਲੀਫ਼ ਵਾਲ਼ੀ ਤਾਂ ਕੋਈ ਗੱਲ ਨ੍ਹੀਂ.... ਨਾਲ਼ੇ ਅੱਜ ਤਾਂ ਮੇਰਾ ਜਨਮ-ਦਿਨ ਹੈ। ਮੈਂ ਖ਼ੁਸ਼ ਹੋ ਕੇ ਆਪਣੇ ਛੋਟੇ ਵੀਰ ਨੂੰ ਦੇ ਰਿਹਾ ਹਾਂ।" ਪਤਾ ਨਹੀਂ ਕਿਉਂ ਇੰਞ ਆਖਦਿਆਂ ਮਿੱਕੀ ਦਾ ਮਨ ਭਰ ਆਇਆ।

ਥੋੜ੍ਹੀ ਦੇਰ ਮਗਰੋਂ ਮੀਂਹ ਰੁਕ ਗਿਆ ਅਤੇ ਮਿੱਕੀ ਆਪਣੇ ਘਰ ਵੱਲ ਤੁਰ ਪਿਆ ਪਰ ਹੁਣ ਉਸ ਦਾ ਮਨ ਖ਼ੁਸ਼ੀ ਨਾਲ਼ ਫੁੱਲਿਆ ਨਹੀਂ ਸਮਾ ਰਿਹਾ ਸੀ। ਉਸ ਨੂੰ ਇੰਞ ਜਾਪ ਰਿਹਾ ਸੀ, ਜਿਵੇਂ ਉਹ ਆਪਣੇ ਜਨਮ-ਦਿਨ ਦੀ ਬਹੁਤ ਵੱਡੀ ਪਾਰਟੀ ਕਰਕੇ ਘਰ ਵਾਪਸ ਆ ਰਿਹਾ ਹੋਵੇ।

## ਪਾਠ- ਅਭਿਆਸ

**1. ਛੋਟੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਕਿਸ ਦੇ ਜਨਮ-ਦਿਨ 'ਤੇ ਜਮਾਤ ਵਿੱਚ ਬਰਫ਼ੀ ਵੰਡੀ ਗਈ?

(2) ਮਿੱਕੀ ਕਿਉਂ ਉਦਾਸ ਹੁੰਦਾ ਸੀ?

(3) ਮਿੱਕੀ ਦੇ ਪਿਤਾ ਜੀ ਕੀ ਕੰਮ ਕਰਦੇ ਸਨ?

(4) ਮਿੱਕੀ ਦਾ ਜਨਮ-ਦਿਨ ਕਿਉਂ ਨਹੀਂ ਸੀ ਮਨਾਇਆ ਜਾਂਦਾ?

(5) ਮਿੱਕੀ ਨੇ ਪੈਸਿਆਂ ਨਾਲ਼ ਕਿਸ ਦੀ ਮਦਦ ਕੀਤੀ?

**2. ਹੇਠ ਲਿਖੇ ਵਾਕਾਂ ਵਿੱਚ ਠੀਕ 'ਤੇ ਸਹੀ (✔) ਅਤੇ ਗ਼ਲਤ 'ਤੇ ਕਾਟੇ (✘) ਦਾ ਨਿਸ਼ਾਨ ਲਾਓ :**

(1) ਸਕੂਲ ਵਿੱਚ ਮਿੱਕੀ ਦਾ ਜਨਮ-ਦਿਨ ਮਨਾਇਆ ਜਾ ਰਿਹਾ ਸੀ।

(2) ਮਿੱਕੀ ਦੇ ਪਿਤਾ ਜੀ ਸਕੂਲ-ਅਧਿਆਪਕ ਸਨ।

(3) ਪਹਿਲਾਂ ਮਿੱਕੀ ਸਰਕਾਰੀ ਸਕੂਲ ਵਿੱਚ ਪੜ੍ਹਦਾ ਸੀ।

(4) ਮਿੱਕੀ ਨੇ ਆਪਣੇ ਜਨਮ-ਦਿਨ 'ਤੇ ਇੱਕ ਗ਼ਰੀਬ ਪਰਿਵਾਰ ਦੀ ਸਹਾਇਤਾ ਕੀਤੀ।

(5) ਮਿੱਕੀ ਨੂੰ ਗ਼ਰੀਬ ਦੀ ਮਦਦ ਕਰਕੇ ਬਹੁਤ ਚੰਗਾ ਪ੍ਰਤੀਤ ਹੋਇਆ।

3. **ਖ਼ਾਲੀ ਥਾਂਵਾਂ ਭਰੋ : -**

(ਕੰਪਨੀ, ਸਿਆਣਾ, ਬੁਲਾਉਣ, ਦਵਾਈ, ਸੋਚਦਾ)

1. ਉਸ ਨੇ ਦੋ-ਤਿੰਨ ਦੋਸਤਾਂ ਨੂੰ ________ ਦਾ ਫ਼ੈਸਲਾ ਕਰ ਲਿਆ।
2. ਤੁਸੀਂ ਇਸ ਦੀ _________ ਕਿਉਂ ਨਹੀਂ ਲਿਆਉਂਦੇ?
3. ਉਹ ਕੁਝ ਪਲ ________ਰਿਹਾ।
4. ਮਿੱਕੀ ਦੇ ਪਿਤਾ ਜੀ ਪ੍ਰਾਈਵੇਟ _________ ਵਿੱਚ ਕੰਮ ਕਰਦੇ ਸਨ।
5. ਤੂੰ ਤਾਂ ____________ਬੱਚਾ ਏਂ।

4. **ਲਿੰਗ ਬਦਲੋ : -**

**ਪਿਤਾ**

**ਦੋਸਤ**

**ਵਿਦਿਆਰਥੀ**

**ਅਧਿਆਪਕ**

**ਮੁੰਡਾ**

5. **ਵਿਸਤਾਰ ਸਹਿਤ ਉੱਤਰ ਦਿਓ : -**

(ੳ) ਪ੍ਰਿੰਸੀ ਦਾ ਜਨਮ-ਦਿਨ ਕਿਸ ਤਰ੍ਹਾਂ ਮਨਾਇਆ ਜਾ ਰਿਹਾ ਸੀ?

(ਅ) ਮਿੱਕੀ ਦੇ ਘਰ ਦੀ ਹਾਲਤ ਕਿਸ ਤਰ੍ਹਾਂ ਦੀ ਸੀ?

(ੲ) ਮਿੱਕੀ ਦਾ ਜਨਮ-ਦਿਨ ਨਾ ਮਨਾਉਣ ਬਾਰੇ ਮਾਪੇ ਉਸ ਨੂੰ ਕਿਸ ਤਰ੍ਹਾਂ ਸਮਝਾਉਂਦੇ ਸਨ?

(ਸ) ਮਾਤਾ-ਪਿਤਾ ਵੱਲੋਂ ਦਿੱਤੇ ਪੰਜਾਹ ਰੁਪਈਆਂ ਨਾਲ਼ ਆਖ਼ਰ ਮਿੱਕੀ ਨੇ ਆਪਣਾ ਜਨਮ-ਦਿਨ ਕਿਸ ਤਰ੍ਹਾਂ ਮਨਾਉਣਾ ਚਾਹਿਆ?

(ਹ) ਮਿੱਕੀ ਨੇ ਆਪਣੇ ਜਨਮ-ਦਿਨ 'ਤੇ ਗ਼ਰੀਬ ਪਰਿਵਾਰ ਦੀ ਕਿਸ ਤਰ੍ਹਾਂ ਮਦਦ ਕੀਤੀ?

6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ/ਅੰਗਰੇਜ਼ੀ ਵਿੱਚ ਲਿਖੋ:

| ਸ਼ਬਦ | ਹਿੰਦੀ | ਅੰਗਰੇਜ਼ੀ |
|---|---|---|
| ਇੱਕ ਵਾਰ | एक बार | Once |
| ਮੁਫ਼ਤ | __________ | __________ |
| ਜਨਮ-ਦਿਨ | __________ | __________ |
| ਘਰ | __________ | __________ |
| ਪਾਰਟੀ | __________ | __________ |
| ਮਿੱਤਰ | __________ | __________ |

7. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਭੱਠੀਆਂ, ਆਰਥਿਕ, ਕਲ਼ੇਸ, ਫ਼ੈਸਲਾ, ਇਮਤਿਹਾਨ

ਤੁਸੀਂ ਆਪਣੇ ਜਨਮ-ਦਿਨ 'ਤੇ ਵਾਤਾਵਰਨ ਨੂੰ ਸ਼ੁੱਧ ਬਣਾਉਣ ਲਈ ਕੀ ਕਰ ਸਕਦੇ ਹੋ?

* * *

ਪਾਠ -7

# ਸਫਲਤਾਵਾਂ ਅਤੇ ਅਸਫਲਤਾਵਾਂ

ਮਨੁੱਖ ਦਾ ਸਾਰਾ ਜੀਵਨ ਇੱਕ ਸੰਘਰਸ਼ ਹੈ, ਇੱਕ ਘੋਲ਼ ਹੈ। ਇਸ ਸੰਘਰਸ਼ ਵਿੱਚ ਜਿੱਤਾਂ ਵੀ ਪ੍ਰਾਪਤ ਹੁੰਦੀਆਂ ਹਨ ਤੇ ਇਸ ਘੋਲ਼ ਵਿੱਚ ਬੰਦਾ ਹਾਰਦਾ ਵੀ ਹੈ। ਦੁਨੀਆ ਵਿੱਚ ਕੋਈ ਅਜਿਹਾ ਆਦਮੀ ਨਹੀਂ ਹੈ ਜੋ ਹਮੇਸ਼ਾਂ ਜਿੱਤਦਾ ਹੀ ਹੋਵੇ। ਇਸੇ ਤਰ੍ਹਾਂ ਕੋਈ ਅਜਿਹਾ ਬਦਕਿਸਮਤ ਵੀ ਨਹੀਂ ਹੈ ਜੋ ਹਮੇਸ਼ਾਂ ਹਾਰਦਾ ਹੀ ਹੋਵੇ। ਜਿੱਤਾਂ ਅਤੇ ਹਾਰਾਂ ਦੋਵੇਂ ਨਾਲ਼-ਨਾਲ਼ ਚੱਲਦੀਆਂ ਰਹਿੰਦੀਆਂ ਹਨ।

ਜਦੋਂ ਅਸੀਂ ਸਫ਼ਲ ਹੋ ਜਾਂਦੇ ਹਾਂ ਤਾਂ ਅਸੀਂ ਖ਼ੁਸ਼ ਹੋ ਜਾਂਦੇ ਹਾਂ। ਜਦੋਂ ਅਸੀਂ ਅਸਫਲ ਹੁੰਦੇ ਹਾਂ ਤਾਂ ਅਸੀਂ ਦੁਖੀ ਹੁੰਦੇ ਹਾਂ। ਇਸ ਸੰਸਾਰ ਦੇ ਦੁੱਖ ਸਾਡੀਆਂ ਹਾਰਾਂ ਵਿੱਚੋਂ ਜੰਮਦੇ ਹਨ ਅਤੇ ਸੁੱਖਾਂ ਦਾ ਕਾਰਨ ਸਾਡੀਆਂ ਜਿੱਤਾਂ ਹੁੰਦੀਆਂ ਹਨ। ਜੇਕਰ ਅਸੀਂ ਖ਼ੁਸ਼ ਰਹਿਣਾ ਚਾਹੁੰਦੇ ਹਾਂ ਤਾਂ ਸਾਨੂੰ ਜਿੱਤਾਂ ਪ੍ਰਾਪਤ ਕਰਨੀਆਂ ਪੈਣਗੀਆਂ। ਜਿੱਤਾਂ ਪ੍ਰਾਪਤ ਕਰਨ ਲਈ ਸਾਨੂੰ ਮਿਹਨਤ ਕਰਨੀ ਪਵੇਗੀ। ਜੇਕਰ ਅਸੀਂ ਮਿਹਨਤ ਨਹੀਂ ਕਰਾਂਗੇ ਤਾਂ ਅਸੀਂ ਅਸਫਲ ਹੋ ਜਾਵਾਂਗੇ।

ਇਹ ਜ਼ਿੰਦਗੀ ਇੱਕ ਸੰਘਰਸ਼ ਹੈ ਇਸ ਲਈ ਸਾਨੂੰ ਕਦੇ ਅਵੇਸਲ਼ੇ ਨਹੀਂ ਹੋਣਾ ਚਾਹੀਦਾ। ਜਿੱਥੇ ਕਿਧਰੇ ਵੀ ਅਸੀਂ ਅਵੇਸਲ਼ੇ ਹੋ ਜਾਂਦੇ ਹਾਂ, ਵਧੀਆ ਮੌਕੇ ਸਾਡੇ ਹੱਥੋਂ ਨਿਕਲ਼ ਜਾਂਦੇ ਹਨ। ਕਹਿੰਦੇ ਹਨ ਕਿ ਵਧੀਆ ਮੌਕੇ ਹਰੇਕ ਨੂੰ ਨਸੀਬ ਹੁੰਦੇ ਹਨ। ਇਹ ਮੌਕੇ ਸਾਡੇ ਅੱਗੇ-ਪਿੱਛੇ ਪਏ ਫਿਰਦੇ ਹਨ। ਸਾਡੇ ਕੋਲ਼ੋਂ ਇਹਨਾਂ ਵਧੀਆ ਮੌਕਿਆਂ ਦੀ ਸ਼ਨਾਖ਼ਤ ਨਹੀਂ ਹੁੰਦੀ, ਅਸੀਂ ਉਹਨਾਂ ਨੂੰ ਪਕੜ ਨਹੀਂ ਸਕਦੇ। ਜਿਹੜੇ ਲੋਕੀਂ ਵਧੀਆ ਮੌਕਿਆਂ ਦੀ ਸ਼ਨਾਖ਼ਤ ਵੀ ਕਰ ਲੈਂਦੇ ਹਨ ਅਤੇ ਉਹਨਾਂ ਉੱਤੇ ਆਪਣੀ ਪਕੜ ਵੀ ਮਜ਼ਬੂਤ ਕਰ ਲੈਂਦੇ ਹਨ, ਉਹਨਾਂ ਲੋਕਾਂ ਦੇ ਨਾਂ ਕਾਮਯਾਬ ਇਨਸਾਨਾਂ ਦੀ ਸੂਚੀ ਵਿੱਚ ਦਰਜ ਹੋ ਜਾਂਦੇ ਹਨ। ਬਾਕੀ ਅਸੀਂ ਸਾਰੇ ਅਸਫਲ ਲੋਕ ਹਾਂ। ਅਸੀਂ ਮੌਕਿਆਂ ਦੀ ਸ਼ਨਾਖ਼ਤ ਕਰਨ ਦੀ ਕਦੀ ਕੋਸ਼ਸ਼ ਹੀ ਨਹੀਂ ਕਰਦੇ। ਅਸੀਂ ਅਵੇਸਲ਼ੇ ਹੀ ਰਹਿੰਦੇ ਹਾਂ। ਵਧੀਆ ਮੌਕੇ ਆਉਂਦੇ ਹਨ, ਆ ਕੇ ਚਲੇ ਜਾਂਦੇ ਹਨ ਪਰ ਸਾਡੇ ਪੱਲੇ ਕੁਝ ਨਹੀਂ ਪੈਂਦਾ।

ਅਸਫ਼ਲਤਾਵਾਂ ਮਨੁੱਖ ਨੂੰ ਨਿਰਾਸ ਕਰਦੀਆਂ ਹਨ। ਇਹ ਨਿਰਾਸ਼ਾ ਮਨੁੱਖੀ ਸ਼ਕਤੀ ਨੂੰ ਘਟਾ ਕੇ ਰੱਖ ਦਿੰਦੀ ਹੈ। ਬੰਦੇ ਦਾ ਵਿਅਕਤਿਤਵ ਹੀ ਖ਼ਰਾਬ ਹੋ ਕੇ ਰਹਿ ਜਾਂਦਾ ਹੈ। ਨਿਰਾਸ਼ਾ ਇੱਕ ਹੋਰ ਨਿਰਾਸ਼ਾ ਨੂੰ ਜਨਮ ਦਿੰਦੀ ਹੈ। ਇਸੇ ਕਰਕੇ ਸਿਆਣੇ ਕਹਿੰਦੇ ਹਨ ਕਿ ਨਿਰਾਸ਼ਾ ਪੈਦਾ ਕਰਨ ਵਾਲ਼ੇ ਮੌਕਿਆਂ ਤੋਂ ਬਚਣਾ ਚਾਹੀਦਾ ਹੈ। ਅਸੀਂ ਉਹ ਮੌਕੇ ਪੈਦਾ ਕਰ ਲਈਏ ਜਿੱਥੇ ਜਿੱਤਾਂ ਹਨ, ਖ਼ੁਸ਼ੀਆਂ ਹਨ। ਨਿੱਕੀ ਜਿਹੀ ਜਿੱਤ ਵੀ ਖ਼ੁਸ਼ੀ ਪ੍ਰਦਾਨ ਕਰਦੀ ਹੈ। ਜੇਕਰ ਅਸੀਂ ਵੱਡੇ ਮੌਕਿਆਂ ਦੀ ਪਕੜ ਨਹੀਂ ਕਰ ਸਕਦੇ, ਤਾਂ ਕੀ ਹੋਇਆ? ਅਸੀਂ ਨਿੱਕੇ-ਨਿੱਕੇ ਮੌਕਿਆਂ ਦਾ ਲਾਭ ਤਾਂ ਉਠਾ ਹੀ ਸਕਦੇ ਹਾਂ ਤੇ ਨਿੱਕੀ ਜਿਹੀ ਜਿੱਤ ਵੀ ਵੱਡੀ ਜਿੱਤ ਜਿੰਨੀ ਖ਼ੁਸ਼ੀ ਦਿੰਦੀ ਹੈ। ਨਿਰਾਸ਼ਾ ਤੋਂ ਬਚਣ ਲਈ ਨਿੱਕੀਆਂ-ਨਿੱਕੀਆਂ ਜਿੱਤਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਹੈ। ਅੱਜ ਅਸੀਂ ਨਿੱਕੀਆਂ ਜਿੱਤਾਂ ਪ੍ਰਾਪਤ ਕਰਦੇ ਹਾਂ, ਕੱਲ੍ਹ ਅਸੀਂ ਵੱਡੀਆਂ ਜਿੱਤਾਂ ਵੀ ਪ੍ਰਾਪਤ ਕਰ ਸਕਦੇ ਹਾਂ। ਆਖ਼ਰ ਜਿੱਤਾਂ ਦਾ ਸਿਲਸਿਲਾ ਕਿਸੇ ਨਾ ਕਿਸੇ ਸਿਰਿਓਂ ਤਾਂ ਸ਼ੁਰੂ ਕਰਨਾ ਹੀ ਹੁੰਦਾ ਹੈ।

ਜਦੋਂ ਕੋਈ ਪੱਕੀ ਧਾਰ ਲੈਂਦਾ ਹੈ ਕਿ ਉਸ ਨੇ ਜਿੱਤ ਪ੍ਰਾਪਤ ਕਰਨੀ ਹੀ ਹੈ ਤਾਂ ਕੋਈ ਨਾ ਕੋਈ ਹੀਲਾ-ਵਸੀਲਾ ਵੀ ਲੱਭ ਪੈਂਦਾ ਹੈ। ਟੀਚਾ ਮਿਥ ਲਈਏ ਤਾਂ ਤਰੀਕਾ ਵੀ ਲੱਭ ਪੈਂਦਾ ਹੈ। ਜਿੱਤ ਪ੍ਰਾਪਤ ਕਰਨ ਦੀ ਖ਼ਾਹਸ਼ ਕਰਨ ਨਾਲ਼ ਹੀ ਕਿੰਨੀਆਂ ਤਰਕੀਬਾਂ ਸੁੱਝ ਪੈਂਦੀਆਂ ਹਨ। ਜਿੱਤਾਂ ਪ੍ਰਾਪਤ ਕਰਨਾ ਇੱਕ ਆਦਤ ਬਣਾ ਲੈਣੀ ਚਾਹੀਦੀ ਹੈ। ਜੇਕਰ ਕਦੇ ਕਿਸੇ ਹਾਰ ਦਾ ਸਾਮ੍ਹਣਾ ਕਰਨਾ ਪੈ ਹੀ ਜਾਵੇ ਤਾਂ ਸਾਨੂੰ ਹੌਸਲਾ ਨਹੀਂ ਛੱਡਣਾ ਚਾਹੀਦਾ। ਹੰਭਲ਼ਾ ਮਾਰੋ, ਮਿਹਨਤ ਕਰੋ ਤੇ ਤੁਸੀਂ ਜਿੱਤ ਪ੍ਰਾਪਤ ਕਰ ਲਵੋਗੇ। ਕਈ ਵਾਰ ਕਿਸੇ ਹਾਰ ਵਿੱਚੋਂ ਵੀ ਉੱਦਮ ਕਰਨ ਨਾਲ਼ ਜਿੱਤ ਪ੍ਰਾਪਤ ਹੋ ਜਾਂਦੀ ਹੈ ਜਿਸ ਨਾਲ਼ ਤੁਸੀਂ ਆਪ, ਤੁਹਾਡਾ ਪਰਿਵਾਰ ਅਤੇ ਤੁਹਾਡਾ ਆਲ਼ਾ-ਦੁਆਲ਼ਾ ਖ਼ੁਸ਼ਹਾਲ ਹੋ ਜਾਂਦਾ ਹੈ।

ਇਹ ਕਦੀ ਨਾ ਸੋਚੋ ਕਿ ਕੰਮ ਆਪੇ ਹੋ ਜਾਵੇਗਾ। ਕਹਿੰਦੇ ਹਨ, 'ਰੱਬ ਵੀ ਉਹਨਾਂ ਦੀ ਮਦਦ ਕਰਦਾ ਹੈ ਜੋ ਆਪਣੀ ਮਦਦ ਆਪ ਕਰਦੇ ਹਨ।' ਹਰ ਕੰਮ ਕੀਤਿਆਂ ਹੀ ਹੋਣਾ ਹੈ। ਸਿਰਫ਼ ਪ੍ਰਾਰਥਨਾ ਕਰਕੇ ਬੈਠੇ ਰਹਿਣਾ ਠੀਕ ਨਹੀਂ ਹੈ। ਪ੍ਰਾਰਥਨਾ ਤੁਹਾਨੂੰ ਹੌਸਲਾ ਦੇ ਸਕਦੀ ਹੈ ਪਰ ਕੰਮ ਸਿਰੇ ਚਾੜ੍ਹਨ ਲਈ ਉੱਦਮ ਕਰਨਾ ਪੈਂਦਾ ਹੈ ਤੇ ਇਹ ਲਾਜ਼ਮੀ ਵੀ ਹੈ।

ਅਸੀਂ ਦੇਖਦੇ ਹਾਂ ਕਿ ਸਾਡੇ ਵਰਗੇ ਮਨੁੱਖਾਂ ਨੇ ਇਸ ਦੁਨੀਆ ਵਿੱਚ ਕੀ ਕੁਝ ਬਣਾ ਦਿੱਤਾ ਹੈ। ਇਹ ਉਹ ਲੋਕੀਂ ਹੀ ਸਨ ਜਿਨ੍ਹਾਂ ਦੇ ਮਨ ਅੰਦਰ ਕੁਝ ਕਰ ਦਿਖਾਉਣ ਦੀ ਖ਼ਾਹਸ਼ ਸੀ। ਇਸੇ ਖ਼ਾਹਸ਼ ਨੇ ਹੀ ਉਹਨਾਂ ਦੀ ਜਿੱਤ ਸਿਰੇ ਲਾ ਦਿੱਤੀ। ਇਹ ਜਿੰਨੀਆਂ ਵੀ ਵਿਗਿਆਨ ਤੇ ਟੈਕਨਾਲੋਜੀ ਦੇ ਖੇਤਰ ਵਿੱਚ ਜਿੰਨੀਆਂ ਵੀ ਕਾਢਾਂ ਕੱਢੀਆਂ ਗਈਆਂ ਹਨ ਜਾਂ ਆਵਿਸ਼ਕਾਰ ਕੀਤੇ ਗਏ ਹਨ, ਇਹ ਅਣਥੱਕ ਲੋਕਾਂ ਦੀ ਮਿਹਰਬਾਨੀ ਸਦਕਾ ਹੀ ਹੋਂਦ ਵਿੱਚ ਆਏ ਹਨ।

ਸਾਡੀ ਸਫਲਤਾ ਸਾਫ਼-ਸੁਥਰੀ ਹੋਣੀ ਚਾਹੀਦੀ ਹੈ। ਕਿਸੇ ਨੂੰ ਧੋਖਾ ਦੇ ਕੇ, ਉਸ ਦਾ ਹੱਕ ਮਾਰ ਕੇ ਜਦੋਂ ਅਸੀਂ ਕੋਈ ਸਫਲਤਾ ਪ੍ਰਾਪਤ ਕਰਦੇ ਹਾਂ ਤਾਂ ਸਾਡੀਆਂ ਖ਼ੁਸ਼ੀਆਂ ਬਣਾਉਟੀ ਹੋ ਜਾਂਦੀਆਂ ਹਨ। ਇੱਕ ਡਰ ਤੇ ਭੈ ਸਾਡੇ ਜ਼ਿਹਨ ਵਿੱਚ ਵੜ ਬੈਠਦਾ ਹੈ ਜੋ ਸਾਨੂੰ ਪੂਰੀ ਤਰ੍ਹਾਂ ਖ਼ੁਸ਼ ਨਹੀਂ ਹੋਣ ਦਿੰਦਾ। ਅਜਿਹੀ ਖ਼ੁਸ਼ੀ ਪ੍ਰਾਪਤ ਕਰਨ ਵਾਲ਼ਿਆਂ ਦਾ ਹਸ਼ਰ ਵੀ ਮਾੜਾ ਹੀ ਹੁੰਦਾ ਹੈ।

## ਪਾਠ- ਅਭਿਆਸ

### 1. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

(1) ਮਨੁੱਖ ਦਾ ਜੀਵਨ ਕੀ ਹੈ?

(2) ਖ਼ੁਸ਼ ਰਹਿਣ ਲਈ ਸਾਨੂੰ ਕੀ ਪ੍ਰਾਪਤ ਕਰਨਾ ਪਵੇਗਾ।

(3) ਜਦੋਂ ਅਸੀਂ ਅਵੇਸਲ਼ੇ ਹੋ ਜਾਂਦੇ ਹਾਂ ਤਾਂ ਕੀ ਨੁਕਸਾਨ ਹੁੰਦਾ ਹੈ?

(4) ਅਸਫਲਤਾਵਾਂ ਦਾ ਮਨੁੱਖ 'ਤੇ ਕੀ ਅਸਰ ਪੈਂਦਾ ਹੈ?

(5) ਸਾਡੀ ਸਫਲਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?

2. **ਖ਼ਾਲੀ ਥਾਂਵਾਂ ਭਰੋ :**

ਸੰਘਰਸ਼, ਸ਼ਕਤੀ, ਵੱਡੀਆਂ, ਆਪੇ, ਹਸ਼ਰ

(1) ਧੋਖੇ ਨਾਲ਼ ਸਫਲਤਾ ਪ੍ਰਾਪਤ ਕਰਨ ਵਾਲ਼ੇ ਦਾ ________ ਵੀ ਮਾੜਾ ਹੀ ਹੁੰਦਾ ਹੈ।

(2) ਮਨੁੱਖ ਦੀ ਸਾਰੀ ਜ਼ਿੰਦਗੀ ਇੱਕ ________ ਹੈ।

(3) ਨਿਰਾਸ਼ਾ ਮਨੁੱਖੀ ________ ਨੂੰ ਘਟਾ ਕੇ ਰੱਖ ਦਿੰਦੀ ਹੈ।

(4) ਕੱਲ੍ਹ ਅਸੀਂ ________ ਜਿੱਤਾਂ ਵੀ ਪ੍ਰਾਪਤ ਕਰ ਸਕਦੇ ਹਾਂ।

(5) ਇਹ ਕਦੀ ਨਾ ਸੋਚੋ ਕਿ ਕੰਮ ________ ਹੀ ਹੋ ਜਾਵੇਗਾ।

3. **ਵਾਕਾਂ ਵਿੱਚ ਵਰਤੋ :**

ਨਸੀਬ, ਸ਼ਨਾਖ਼ਤ, ਸਿਲਸਿਲਾ, ਤਰਕੀਬ, ਖ਼ੁਸ਼ਹਾਲ, ਅਣਥੱਕ, ਭੈ, ਜ਼ਿਹਨ

4. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(1) ਜਿੱਤਾਂ ਤੇ ਹਾਰਾਂ ਦਾ ਮਨ ਉੱਤੇ ਕਿਸ ਤਰ੍ਹਾਂ ਦਾ ਪ੍ਰਭਾਵ ਪੈਂਦਾ ਹੈ?

(2) ਜ਼ਿੰਦਗੀ ਵਿੱਚ ਨਿਰਾਸ਼ਾ ਤੋਂ ਬਚਣ ਲਈ ਕੀ ਕੁਝ ਕਰਨਾ ਚਾਹੀਦਾ ਹੈ?

(3) ਕਿਸੇ ਨੂੰ ਧੋਖਾ ਦੇ ਕੇ ਪ੍ਰਾਪਤ ਕੀਤੀ ਸਫਲਤਾ 'ਤੇ ਤੁਸੀਂ ਖ਼ੁਸ਼ੀ ਕਿਉਂ ਨਹੀਂ ਪ੍ਰਾਪਤ ਕਰ ਸਕਦੇ?

(4) ਸਾਡੀ ਸਫਲਤਾ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ?

(5) ਇਸ ਪਾਠ ਵਿੱਚੋਂ ਤੁਹਾਨੂੰ ਕੀ ਸੰਦੇਸ ਮਿਲ਼ਦਾ ਹੈ?

5. **ਵਿਰੋਧੀ ਸ਼ਬਦ ਲਿਖੋ :**

ਨਿਰਾਸ਼ਾ

ਸਫਲਤਾ

ਹਾਰ

ਸਾਫ਼

ਕਾਮਯਾਬ

6. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਸ਼ਬਦ | ਹਿੰਦੀ | ਅੰਗਰੇਜ਼ੀ |
|---|---|---|
| ਜੀਵਨ | ज़िन्दगी | Life |
| ਜਿੱਤ | ________ | ________ |
| ਲੋਕ | ________ | ________ |
| ਆਦਤ | ________ | ________ |
| ਸਫਲਤਾ | ________ | ________ |
| ਖ਼ੁਸ਼ | ________ | ________ |

7. **ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

ਜਿਤ

ਅਵੇਸਲੇ

ਸਿਆਨੇ

ਅਸਫਲਤਾਵਾਂ

ਸਿਲਸੀਲਾ

* * *

ਪਾਠ - 8

# ਗੋਦੜੀ ਦਾ ਲਾਲ—ਯੋਗਰਾਜ

ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ ਦਸ ਕੁ ਕਿਲੋਮੀਟਰ ਦੂਰ ਸ਼ਿਵਾਲਿਕ ਦੀਆਂ ਪਹਾੜੀਆਂ 'ਚ ਵੱਸੇ ਪੱਛੜੇ ਇਲਾਕੇ 'ਬੀਤ' ਦਾ ਇੱਕ ਛੋਟਾ ਜਿਹਾ ਪਿੰਡ ਹੈ — ਮੈਰਾ। ਚਾਰ ਦਹਾਕੇ ਪਹਿਲਾਂ ਇਸ ਪਿੰਡ ਵਿੱਚ ਗ਼ੁਰਬਤ ਦੀ ਮਾਰ ਝੱਲ ਰਿਹਾ ਇੱਕ ਬਾਲਕ ਹਾਲੇ ਪੰਜ ਕੁ ਸਾਲ ਦਾ ਸੀ। ਸੂਰਜ ਛਿਪਣ ਤੋਂ ਬਾਅਦ ਹਨੇਰਾ ਹੋ ਰਿਹਾ ਸੀ। ਉਹ ਘਰ ਵਿੱਚ ਮਿੱਟੀ ਦੇ ਤੇਲ ਦਾ ਦੀਵਾ ਬਾਲ਼ ਕੇ ਦੀਵਟ 'ਤੇ ਟਿਕਾ ਰਿਹਾ ਸੀ। ਸਿਰ ਅਤੇ ਮੂੰਹ ਉੱਤੇ ਬੰਨ੍ਹਿਆ ਮਫ਼ਲਰ ਦੀਵੇ ਦੀ ਲਾਟ ਨਾਲ਼ ਲੱਗ ਕੇ ਮੱਚ ਉੱਠਿਆ। ਇਸ ਬਾਲਕ ਦਾ ਮੂੰਹ ਅਤੇ ਸਿਰ ਅੱਗ ਦੀ ਲਪੇਟ ਵਿੱਚ ਆ ਗਏ। ਹਸਪਤਾਲ ਪਹੁੰਚਣ ਤੱਕ 40 ਪ੍ਰਤਿਸ਼ਤ ਚਿਹਰਾ ਅਤੇ ਸਿਰ ਦੇ ਵਾਲ਼ ਜਲ਼ ਚੁੱਕੇ ਸਨ। ਅੱਖਾਂ ਦੀ ਰੋਸ਼ਨੀ ਵੀ ਪ੍ਰਭਾਵਿਤ ਹੋ ਗਈ। ਇਹ ਬਾਲਕ ਯੋਗਰਾਜ ਸੀ, ਜਿਸ ਨੇ ਗ਼ਰੀਬੀ ਭਰੇ ਜੀਵਨ ਵਿੱਚ ਪਹਾੜ ਜਿੱਡੀਆਂ ਔਕੜਾਂ ਦਾ ਸਾਹਮਣਾ ਕਰਦਿਆਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਵਕਾਰੀ ਪਰੀਖਿਆ ਪਾਸ ਕਰਕੇ ਆਪਣੀ ਮਿਥੀ ਹੋਈ ਮੰਜ਼ਲ ਸਰ ਕੀਤੀ ਹੈ।



ਚਿੱਤਰ

ਯੋਗਰਾਜ ਦਾ ਜਨਮ 15 ਮਈ, 1970 ਨੂੰ ਪਿਤਾ ਸ੍ਰੀ ਸਰਵਣ ਰਾਮ ਦੇ ਘਰ ਮਾਤਾ ਸ੍ਰੀਮਤੀ ਜੀਤੋ ਦੀ ਕੁੱਖੋਂ ਹੋਇਆ। ਮੁਢਲੀ ਸਿੱਖਿਆ ਪ੍ਰਾਪਤ ਕਰਨ ਲਈ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਦਾਖ਼ਲ ਹੋਇਆ। ਇਸ ਸਕੂਲ ਵਿੱਚ ਮਾਸਟਰ ਜੋਗਿੰਦਰ ਸਿੰਘ ਨੇ ਉਂਗਲ਼ੀ ਫੜ ਕੇ ਉਸ ਨੂੰ ਮੰਜ਼ਲ ਵੱਲ ਤੋਰਿਆ। ਉਹਨਾਂ ਯੋਗਰਾਜ ਦੀ ਪੜ੍ਹਾਈ-ਲਿਖਾਈ ਵੱਲ ਵਿਸ਼ੇਸ਼ ਧਿਆਨ ਦਿੰਦਿਆਂ, ਪਹਾੜਿਆਂ ਅਤੇ ਗਣਿਤ ਵਿਸ਼ੇ

ਵਿੱਚ ਉਸ ਨੂੰ ਨਿਪੁੰਨ ਬਣਾਇਆ। ਪੰਜਵੀਂ ਜਮਾਤ ਪਾਸ ਕਰਨ ਉਪਰੰਤ ਸਰਕਾਰੀ ਮਿਡਲ ਸਕੂਲ ਪੰਡੋਰੀ ਬੀਤ ਵਿਖੇ ਦਾਖ਼ਲਾ ਲਿਆ। ਬਾਕੀ ਸਹਿਪਾਠੀਆਂ ਨਾਲੋਂ ਕੱਦ ਮਧਰਾ ਅਤੇ ਜੁੱਸਾ ਕਮਜ਼ੋਰ ਸੀ। ਸਵੇਰ ਦੀ ਸਭਾ ਮੌਕੇ ਮੂਹਰਲੀਆਂ ਕਤਾਰਾਂ ਵਿੱਚ ਖੜ੍ਹਨਾ ਪੈਂਦਾ ਸੀ। ਸਕੂਲ ਦੇ ਬੱਚੇ ਵੱਖ-ਵੱਖ ਨਾਮ ਲੈ ਕੇ ਚਿੜਾਉਂਦੇ ਸਨ ਪਰ ਯੋਗਰਾਜ ਆਪਣੀ ਧੁਨ ਵਿੱਚ ਮਗਨ ਰਹਿੰਦਾ। ਨਜ਼ਰ ਘੱਟ ਹੋਣ ਕਾਰਨ ਬਲੈਕ-ਬੋਰਡ 'ਤੇ ਲਿਖਿਆ ਸਾਫ਼ ਦਿਖਾਈ ਨਹੀਂ ਸੀ ਦਿੰਦਾ। ਇਸ ਸਮੱਸਿਆ ਨੂੰ ਕਿਸੇ ਨੇ ਨਹੀਂ ਗੌਲ਼ਿਆ। ਆਪਣੇ ਨਾਲ਼ ਵਾਲ਼ੇ ਤੱਪੜ ਉੱਤੇ ਬੈਠਦੇ ਸਾਥੀਆਂ ਦੀਆਂ ਕਾਪੀਆਂ ਤੋਂ ਉਤਾਰਾ ਕਰਕੇ ਉਹ ਲਿਖ ਲੈਂਦਾ।

ਘਰ ਦੀ ਗ਼ਰੀਬੀ ਕਾਰਨ ਯੋਗਰਾਜ ਕਿਤਾਬਾਂ ਵੀ ਨਹੀਂ ਸੀ ਖ਼ਰੀਦ ਸਕਦਾ। ਸਰਦੇ-ਪੁੱਜਦੇ ਘਰਾਂ ਦੇ ਮੁੰਡੇ ਕਿਤਾਬਾਂ ਤਾਂ ਦੇ ਦਿੰਦੇ ਪਰ ਬਦਲੇ ਵਿੱਚ ਸਕੂਲ ਤੋਂ ਘਰ ਲਈ ਮਿਲ਼ਿਆ ਉਹਨਾਂ ਦਾ ਸਾਰਾ ਕੰਮ ਯੋਗਰਾਜ ਨੂੰ ਹੀ ਕਰਨਾ ਪੈਂਦਾ। ਸਾਰੇ ਵਿਸ਼ਿਆਂ ਦਾ ਦੁੱਗਣਾ ਕੰਮ ਕਰਨਾ ਯੋਗਰਾਜ ਨੂੰ ਬੜਾ ਰਾਸ ਆਇਆ। ਨਾਲ਼ੋ-ਨਾਲ਼ ਦੁਹਰਾਈ ਹੁੰਦੀ ਰਹੀ। ਇਸੇ ਸਕੂਲ ਤੋਂ ਅਪਗ੍ਰੇਡ ਹੋਣ ਉਪਰੰਤ ਦਸਵੀਂ ਜਮਾਤ 1986 ਵਿੱਚ ਪਾਸ ਕੀਤੀ। ਸਕੂਲ ਦੇ ਹੈੱਡਮਾਸਟਰ ਸ੍ਰੀ ਜੋਗਿੰਦਰ ਸਿੰਘ ਜੀ ਉਸ ਵੇਲ਼ੇ ਅੰਗਰੇਜ਼ੀ ਪੜ੍ਹਾਉਂਦੇ ਸਨ। ਯੋਗਰਾਜ ਮੰਨਦਾ ਹੈ ਕਿ ਅੰਗਰੇਜ਼ੀ ਵਿਸ਼ੇ ਵਿੱਚ ਪਰਿਪੱਕਤਾ ਉਹਨਾਂ ਨੂੰ ਹੈੱਡਮਾਸਟਰ ਜੋਗਿੰਦਰ ਸਿੰਘ ਕਰਕੇ ਹੀ ਆਈ। ਦਸਵੀਂ ਜਮਾਤ ਵਿੱਚ ਪੜ੍ਹਦੇ ਸਮੇਂ ਯੋਗਰਾਜ ਦਾ ਦੋ ਕੱਚੇ ਕੋਠਿਆਂ ਵਾਲ਼ਾ ਘਰ ਹੋਇਆ ਕਰਦਾ ਸੀ। ਮੰਜੀ ਦੇ ਪਾਵੇ ਉੱਤੇ ਧਰਿਆ ਮਿੱਟੀ ਦੇ ਤੇਲ ਵਾਲ਼ਾ ਦੀਵਾ ਸਾਰੀ ਰਾਤ ਜਗਦਾ ਰਹਿੰਦਾ। ਇੱਕ ਦਿਨ ਅੱਧੀ ਰਾਤ ਵੇਲ਼ੇ ਪੜ੍ਹਦੇ-ਪੜ੍ਹਦੇ, ਪਤਾ ਹੀ ਨਹੀਂ ਲੱਗਿਆ ਕਿ ਕਦੋਂ ਨੀਂਦ ਆ ਗਈ। ਮੰਜੀ 'ਤੇ ਪਈਆਂ ਕਿਤਾਬਾਂ ਅੱਗ ਦੀ ਲਪੇਟ ਵਿੱਚ ਆ ਗਈਆਂ। ਕਿਸੇ ਨੇਕ-ਦਿਲ ਅਧਿਆਪਕ ਨੇ ਦੁਬਾਰਾ ਖ਼ਰੀਦ ਕੇ ਦਿੱਤੀਆਂ।

1986 ਵਿੱਚ ਦਸਵੀਂ ਦੀ ਪੜ੍ਹਾਈ ਤੋਂ ਬਾਅਦ ਘਰ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੋ ਚੁੱਕੀ ਸੀ। ਅਗਾਂਹ ਪੜ੍ਹਨ ਦੀ ਇੱਛਾ ਸੀ ਪਰ ਗੜ੍ਹਸ਼ੰਕਰ ਤੋਂ ਨੇੜੇ, ਇਲਾਕੇ ਵਿੱਚ ਕੋਈ ਵੀ ਹਾਇਰ ਸੈਕੰਡਰੀ ਸਕੂਲ ਨਹੀਂ ਸੀ। ਅਗਲੇਰੀ ਪੜ੍ਹਾਈ ਦਾ ਕੋਈ ਹੀਲਾ-ਵਸੀਲਾ ਨਾ ਬਣ ਸਕਿਆ। ਇਸ ਤੋਂ ਬਾਅਦ ਯੋਗਰਾਜ ਦੀ ਜ਼ਿੰਦਗੀ ਦਾ ਲੰਮਾ ਸੰਘਰਸ਼ ਸ਼ੁਰੂ ਹੋਇਆ।

1986 ਵਿੱਚ ਫਗਵਾੜਾ ਨੇੜੇ ਜਗਤਪੁਰ ਜੱਟਾਂ ਦੀ ਦਾਣਾ-ਮੰਡੀ ਵਿੱਚ ਮਜ਼ਦੂਰੀ ਦਾ ਕੰਮ ਸ਼ੁਰੂ ਕੀਤਾ। ਇਸ ਮੰਡੀ ਵਿੱਚ ਕਣਕ ਅਤੇ ਝੋਨੇ ਦੀ ਛੜਾਈ ਅਤੇ ਭਰਾਈ ਦਾ ਮੌਸਮੀ ਕੰਮ ਹੁੰਦਾ ਸੀ। ਗੱਭਰੂ ਹੋਣ ਕਰਕੇ ਮਜ਼ਦੂਰੀ ਚੰਗੀ ਮਿਲ਼ ਜਾਂਦੀ ਸੀ। ਇਸ ਤੋਂ ਬਾਅਦ ਤਿੰਨ ਮਹੀਨੇ ਸ਼ੈੱਲਰਾਂ ਵਿੱਚ ਕੰਮ ਮਿਲ਼ ਜਾਂਦਾ ਸੀ। ਇਹ ਕੰਮ ਉਹ ਲਗਾਤਾਰ ਦਸ ਸਾਲ ਤੱਕ ਕਰਦਾ ਰਿਹਾ। ਇਸ ਕੰਮ ਤੋਂ ਇਲਾਵਾ ਨੇੜਲੀਆਂ ਖੱਡਾਂ ਤੋਂ ਪੱਥਰ ਇਕੱਠੇ ਕਰਨੇ ਅਤੇ ਰੋੜੀ ਕੁੱਟ ਕੇ ਟ੍ਰੱਕ ਭਰਨ ਦਾ ਕੰਮ ਕਰਦਾ ਰਿਹਾ। ਜਦੋਂ ਇਹ ਕੰਮ ਰੁਕ ਜਾਂਦੇ ਤਾਂ ਯੋਗ ਰਾਜ ਕਿਤੇ ਨਾ ਕਿਤੇ ਠੇਕੇ 'ਤੇ ਮਜ਼ਦੂਰੀ ਦਾ ਕੰਮ ਲੈ ਲੈਂਦਾ ਜਿਸ ਨਾਲ਼ ਪੰਦਰਾਂ ਰੁਪਏ ਦਿਹਾੜੀ ਬਣ ਜਾਂਦੀ। ਮਨ ਦੇ ਕਿਸੇ ਨਾ ਕਿਸੇ ਕੋਨੇ ਵਿੱਚ ਪੜ੍ਹਾਈ ਕਰਕੇ ਕੁਝ ਬਣਨ ਦੀ ਇੱਛਾ ਮੌਜੂਦ ਰਹੀ।

1988 ਵਿੱਚ ਪ੍ਰਾਈਵੇਟ ਤੌਰ 'ਤੇ ਗਿਆਰ੍ਹਵੀਂ ਜਮਾਤ ਦਾ ਦਾਖ਼ਲਾ ਭਰਿਆ। ਜਦੋਂ ਨਤੀਜਾ ਆਇਆ ਤਾਂ ਇੱਕ ਵਿਸ਼ੇ ਦੀ ਕੰਪਾਰਟਮੈਂਟ ਸੀ। ਅਗਲੇ ਸਾਲ 1990 ਵਿੱਚ ਬਾਰ੍ਹਵੀਂ ਜਮਾਤ ਪ੍ਰਾਈਵੇਟ ਤੌਰ 'ਤੇ ਪਾਸ ਤਾਂ ਕਰ ਲਈ ਪਰ ਗਿਆਰ੍ਹਵੀਂ ਪਾਸ ਨਾ ਹੋਣ ਕਾਰਨ ਫਿਰ ਪਿਛਲੀ ਜਮਾਤ ਵਿੱਚ ਵਾਪਸ ਆਉਣਾ ਪਿਆ। 1991 ਵਿੱਚ ਦੁਬਾਰਾ 50 ਪ੍ਰਤੀਸ਼ਤ ਅੰਕਾਂ ਨਾਲ਼ ਗਿਆਰ੍ਹਵੀਂ ਪਾਸ ਕੀਤੀ ਅਤੇ ਅਗਲੇ ਸਾਲ, ਬਾਰ੍ਹਵੀਂ। 1993

ਵਿੱਚ ਆਈ. ਟੀ. ਆਈ. ਨੰਗਲ ਤੋਂ ਡਰਾਫ਼ਟਸਮੈਨ ਸਿਵਲ ਦਾ ਡਿਪਲੋਮਾ ਕੀਤਾ। ਪਿੰਡ ਤੋਂ 25 ਕਿਲੋਮੀਟਰ ਦੂਰ ਸਾਈਕਲ 'ਤੇ ਪੈਂਡਾ ਕਰਦਾ ਰਿਹਾ। 1993 ਵਿੱਚ ਬੀਤ ਇਲਾਕੇ ਵਿੱਚ ਡੂੰਘੇ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ। ਪਾਈਪ ਲਾਈਨ ਵਿਛਾਉਣ ਲਈ ਡੂੰਘੀਆਂ ਖਾਈਆਂ ਪੁੱਟਣ ਦਾ ਕੰਮ ਵੀ ਕੀਤਾ। ਬਰਸਾਤ ਦੇ ਦਿਨਾਂ ਵਿੱਚ ਜਦੋਂ ਬਾਕੀ ਕੰਮ ਰੁਕ ਜਾਂਦੇ ਸਨ ਤਾਂ ਜੰਗਲ਼ ਵਿੱਚ ਬੂਟੇ ਲਾਉਣ ਲਈ ਟੋਏ ਪੁੱਟਣ ਦਾ ਕੰਮ ਸ਼ੁਰੂ ਕਰ ਦਿੰਦਾ। ਪੇਪਰਾਂ ਦੇ ਦਿਨਾਂ ਤੋਂ ਇਲਾਵਾ ਰਾਜਾਸਾਂਸੀ ਹਵਾਈ ਅੱਡੇ ਨੇੜੇ ਮੀਰਾਂਕੋਟ ਵਿਖੇ ਸ਼ੈੱਲਰ ਵਿੱਚ ਕਈ ਵਰ੍ਹੇ ਮਜ਼ਦੂਰੀ ਕਰਨ ਜਾਂਦਾ ਰਿਹਾ। ਰਾਜ-ਮਿਸਤਰੀਆਂ ਨਾਲ਼ ਮਜ਼ਦੂਰੀ ਕਰਨ ਦੀ ਗੱਲ ਯੋਗਰਾਜ ਬੜੇ ਮਾਣ ਨਾਲ਼ ਦੱਸਦਾ ਹੈ।

1993 ਦੇ ਅਖ਼ੀਰ ਵਿੱਚ ਬੀ. ਏ. ਦੂਜੇ ਸਾਲ ਦੀ ਪਰੀਖਿਆ ਲਈ ਦਾਖ਼ਲਾ ਭਰਿਆ ਹੋਇਆ ਸੀ। ਦਿੱਲੀ ਦੀ ਟਰਾਂਸਪੋਰਟ ਕੰਪਨੀ ਵਿੱਚ ਪੱਲੇਦਾਰੀ ਕਰਨ ਲਈ ਗਿਆ। ਪਰੀਖਿਆ ਦੀ ਤਿਆਰੀ ਕਰਨ ਲਈ ਨਾਲ਼ ਕਿਤਾਬਾਂ ਵੀ ਝੋਲ਼ੇ ਵਿੱਚ ਪਾ ਲਈਆਂ। ਰਾਤ ਕੰਮ ਖ਼ਤਮ ਕਰ ਕੇ ਜਦੋਂ ਯੋਗ ਰਾਜ ਪੜ੍ਹਨ ਬੈਠਦਾ ਤਾਂ ਨਾਲ਼ ਵਾਲ਼ੇ ਸਾਥੀ ਖਿਝ ਕੇ ਆਖਦੇ, "ਲਾਈਟ ਬੁਝਾ ਦੇ ਯਾਰ, ਤੂੰ ਕਿਹੜਾ ਪੜ੍ਹ ਕੇ ਡੀ. ਸੀ. ਲੱਗਣੈ!"

ਹਿਮਾਚਲ ਪ੍ਰਦੇਸ਼ ਦੇ ਕਸਬਾ ਸੰਤੋਖਗੜ੍ਹ ਨੇੜੇ ਸੁਆਂ ਨਦੀ ਦੀ ਚੈਨੇਲਾਈਜੇਸ਼ਨ (ਰਾਹ ਬਣਾਉਣਾ) ਵੇਲ਼ੇ ਮਜ਼ਦੂਰੀ ਕਰਦਿਆਂ ਬੰਨ੍ਹ ਲਾਉਣ ਲਈ ਜਦੋਂ ਦਰਿਆ ਵਿੱਚੋਂ ਪੱਥਰ ਚੁੱਕਦੇ ਤਾਂ ਸੱਪਾਂ ਦੀਆਂ ਸਿਰੀਆਂ ਹੱਥਾਂ ਵਿੱਚ ਆ ਜਾਂਦੀਆਂ। ਰਾਤ ਸਮੇਂ ਨੇੜਲੀ ਸਰਾਂ ਵਿੱਚ ਵਿਛੀਆਂ ਦਰੀਆਂ 'ਤੇ ਉਹ ਰਾਤ ਕੱਟਦੇ। ਇਹ ਗੱਲਾਂ 1995 ਦੀਆਂ ਹਨ। ਬਰਸਾਤ ਸ਼ੁਰੂ ਹੋਣ ਤੋਂ ਪਹਿਲਾਂ ਜੂਨ ਮਹੀਨੇ ਵਿੱਚ ਯੋਗਰਾਜ ਦੁਆਰਾ ਰੂੜੀਆਂ ਦੇ ਢੇਰ ਭਰ ਕੇ, ਖੇਤਾਂ ਵਿੱਚ ਸੁੱਟਣ ਦਾ ਠੇਕਾ ਲੈਣ ਦਾ ਸਿਲਸਿਲਾ ਵੀ ਸਾਲਾਂਬੱਧੀ ਚੱਲਦਾ ਰਿਹਾ। 1996 ਵਿੱਚ ਪ੍ਰਾਈਵੇਟ ਤੌਰ 'ਤੇ ਬੀ. ਏ. ਮੁਕੰਮਲ ਕਰ ਲਈ। ਆਰਥਿਕਤਾ ਦੀ ਨੰਗੀ ਤਲਵਾਰ ਸਿਰ 'ਤੇ ਲਟਕ ਰਹੀ ਸੀ। ਜ਼ਮੀਨ ਗਹਿਣੇ ਰੱਖ ਕੇ 1999 ਵਿੱਚ ਸਟੇਟ ਕਾਲਜ ਆਫ਼ ਐਜੂਕੇਸ਼ਨ, ਪਟਿਆਲ਼ਾ ਤੋਂ ਬੀ. ਐੱਡ ਦੀ ਪੜ੍ਹਾਈ ਕੀਤੀ। ਬੀ. ਐੱਡ ਕਰ ਕੇ ਜਦੋਂ ਨਿੱਜੀ ਸਕੂਲ ਵਿੱਚ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਅੱਠ ਸੌ ਰੁਪਏ ਪ੍ਰਤਿ ਮਹੀਨਾ ਤਨਖ਼ਾਹ ਮਿਲ਼ਦੀ ਸੀ ਪਰ ਮਜ਼ਦੂਰੀ ਕਰਕੇ ਉਹ ਉਦੋਂ 2500 ਤੋਂ 3000 ਰੁਪਏ ਕਮਾ ਲੈਂਦਾ ਸੀ।

ਜੁਲਾਈ, ਸੰਨ 2000 ਵਿੱਚ ਉਹ ਸਨਿੱਚਰਵਾਰ ਅਤੇ ਐਤਵਾਰ ਦੀ ਦਿਹਾੜੀ ਲਾਉਣ ਕਾਰਨ ਦੋ ਦਿਨ ਦੀ ਅਖ਼ਬਾਰ ਨਾ ਪੜ੍ਹ ਸਕਿਆ। ਅਜਿਹਾ ਹੋਣ ਕਾਰਨ ਲੈਕਚਰਾਰ ਦੀਆਂ ਅਸਾਮੀਆਂ ਲਈ ਅਰਜ਼ੀ-ਫ਼ਾਰਮ ਨਾ ਭਰ ਸਕਣ ਕਰਕੇ ਉਸ ਤੋਂ ਘੱਟ ਅੰਕਾਂ ਵਾਲ਼ੇ ਉਮੀਦਵਾਰ ਲੈਕਚਰਾਰ ਨਿਯੁਕਤ ਹੋ ਗਏ।

4 ਜਨਵਰੀ, 2001 ਨੂੰ ਉਹ ਸਰਕਾਰੀ ਮਿਡਲ ਸਕੂਲ ਕੁਨੈਲ, ਜਿਲ੍ਹਾ ਹੁਸ਼ਿਆਰਪੁਰ ਵਿਖੇ ਭਾਵੇਂ ਪੱਕੇ ਤੌਰ 'ਤੇ ਸਮਾਜਿਕ ਸਿੱਖਿਆ ਅਧਿਆਪਕ ਨਿਯੁਕਤ ਹੋ ਗਿਆ ਪਰ ਉਸ ਦੀ ਮੰਜ਼ਲ ਹਾਲੇ ਦੂਰ ਸੀ। ਤਨਦੇਹੀ ਨਾਲ਼ ਨੌਕਰੀ ਕਰਦਿਆਂ ਪੜ੍ਹਾਈ ਜਾਰੀ ਰੱਖੀ। 2005 ਵਿੱਚ ਪਹਿਲੀ ਵਾਰ ਸੰਘ ਲੋਕ ਸੇਵਾ ਆਯੋਗ ਦੀ ਪਰੀਖਿਆ ਦਿੱਤੀ ਪਰ ਮੁਢਲੀ ਪਰੀਖਿਆ ਵੀ ਪਾਸ ਨਾ ਕਰ ਸਕਿਆ। 2008 ਵਿੱਚ ਫਿਰ ਅਜਿਹਾ ਹੀ ਹੋਇਆ। 2010 ਵਿੱਚ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਭੂਗੋਲ ਦੀ ਮਾਸਟਰ ਡਿਗਰੀ ਕੀਤੀ ਅਤੇ ਇਸੇ ਸਾਲ ਨੈੱਟ ਦੀ ਪਰੀਖਿਆ ਪਾਸ ਕਰ ਲਈ। 2009 ਵਿੱਚ ਪੰਜਾਬ ਸਿਵਲ ਸਰਵਿਸਿਜ਼ ਦੇ ਇਮਤਿਹਾਨ ਵਿੱਚ ਬੈਠਿਆ ਸੀ ਜਿਸ ਦਾ ਨਤੀਜਾ 2012 ਵਿੱਚ ਘੋਸ਼ਿਤ ਹੋਇਆ। ਇਸ ਵਿੱਚ ਯੋਗ ਰਾਜ ਮਾਮੂਲੀ ਅੰਕਾਂ ਦੇ ਫ਼ਰਕ ਨਾਲ਼ ਰਹਿ ਗਿਆ। ਸਿਰੜੀ ਸੁਭਾਅ ਦਾ ਮਾਲਕ ਇਹ ਕਰਮਯੋਗੀ 2013 ਦੀ ਪੰਜਾਬ ਸਿਵਲ ਸਰਵਿਸਜ਼

ਪਰੀਖਿਆ ਦੇ ਆਖ਼ਰੀ ਪੜਾਅ ਵਿੱਚ 0.22 ਦੇ ਫ਼ਰਕ ਨਾਲ਼ ਪਿੱਛੇ ਰਹਿ ਗਿਆ ਪਰ ਹਿੰਮਤ ਨਾ ਹਾਰੀ। ਜਨਵਰੀ, 2014 ਵਿੱਚ ਤਰੱਕੀ ਉਪਰੰਤ ਸਰਕਾਰੀ ਹਾਈ ਸਕੂਲ ਬੀਰਮਪੁਰ ਵਿਖੇ ਮੁੱਖ ਅਧਿਆਪਕ ਨਿਯੁਕਤ ਹੋਏ। ਪੂਰੀ ਤਿਆਰੀ ਨਾਲ਼ 2014 ਵਿੱਚ ਸੰਘ ਲੋਕ ਸੇਵਾ ਆਯੋਗ ਦੀ ਪਰੀਖਿਆ ਵਿੱਚ ਦੇਸ ਭਰ ਵਿੱਚੋਂ 1213ਵਾਂ ਰੈਂਕ ਹਾਸਲ ਕਰ ਕੇ ਇਹ ਸਾਬਤ ਕਰ ਦਿੱਤਾ ਕਿ ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ਼ ਹਰ ਕਾਮਯਾਬੀ ਹਾਸਲ ਕੀਤੀ ਜਾ ਸਕਦੀ ਹੈ। ਇਸ ਕਾਮਯਾਬੀ ਦੀ ਵਿਸ਼ੇਸ਼ਤਾ ਇਹ ਰਹੀ ਕਿ ਯੋਗਰਾਜ ਨੇ ਇਹ ਪਰੀਖਿਆ ਮਾਂ-ਬੋਲੀ ਪੰਜਾਬੀ ਦੇ ਮਾਧਿਅਮ ਰਾਹੀਂ ਪਾਸ ਕੀਤੀ। ਇਸ ਕਾਮਯਾਬੀ ਵੇਲ਼ੇ ਯੋਗਰਾਜ ਦੀ ਅੱਖਾਂ ਦੀ ਰੋਸ਼ਨੀ ਸਿਰਫ਼ 25 ਪ੍ਰਤਿਸ਼ਤ ਸੀ। ਯੋਗਰਾਜ ਅਨੁਸਾਰ ਗ਼ਰੀਬੀ ਅਤੇ ਸਰੀਰਿਕ ਅਪੰਗਤਾ ਕਾਮਯਾਬੀ ਵਿੱਚ ਕਦੇ ਰੁਕਾਵਟ ਨਹੀਂ ਬਣਦੀਆਂ। ਦ੍ਰਿੜ੍ਹ ਇਰਾਦੇ ਅਤੇ ਸਖ਼ਤ ਮਿਹਨਤ ਨਾਲ਼ ਹਾਲਾਤ ਨੂੰ ਅਨੁਕੂਲ ਬਣਾਇਆ ਜਾ ਸਕਦਾ ਹੈ। ਯੋਗਰਾਜ ਕਿਤਾਬਾਂ ਵਾਲ਼ੇ ਸ੍ਰੀ ਪ੍ਰਹਿਲਾਦ ਭਗਤ ਖੰਨਾ ਨੂੰ ਦਿਲੋਂ ਸਤਿਕਾਰਦਾ ਹੈ ਜਿਨ੍ਹਾਂ ਨੇ ਔਖੇ ਵੇਲ਼ਿਆਂ ਵਿੱਚ ਉਧਾਰ ਕਿਤਾਬਾਂ ਦੇਣ ਤੋਂ ਕਦੇ ਮੱਥੇ ਵੱਟ ਨਹੀਂ ਸੀਂ ਪਾਇਆ। ਮਾਸਟਰ ਤਿਲਕ ਰਾਜ ਧੀਮਾਨ ਵੱਲੋਂ ਦਿੱਤੀ ਹਲਾਸ਼ੇਰੀ ਉਸ ਲਈ ਅੱਗੇ ਵਧਣ ਦਾ ਸਬੱਬ ਬਣੀ। ਯੋਗਰਾਜ ਦੀ ਮਾਣਮੱਤੀ ਪ੍ਰਾਪਤੀ ਹਾਲਾਤ ਦੀ ਮਾਰ ਝੱਲ ਰਹੇ ਵੱਡੀ ਗਿਣਤੀ ਲੋਕਾਂ ਲਈ ਪ੍ਰੇਰਨਾ-ਸ੍ਰੋਤ ਬਣੀ ਰਹੇਗੀ।

## ਪਾਠ- ਅਭਿਆਸ

1. ਬਹੁ ਵਿਕਲਪੀ ਪ੍ਰਸ਼ਨ :

ੳ) ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਕਿਹੜੀ ਹੈ?

(ਕ) ਨਵਾਂਸ਼ਹਿਰ (ਖ) ਗੜ੍ਹਸ਼ੰਕਰ

(ਏ) ਬੰਗਾ

(ਅ) ਯੋਗਰਾਜ ਦੀ ਮਾਤਾ ਦਾ ਕੀ ਨਾਂ ਸੀ?

(ਕ) ਪ੍ਰੀਤੋ (ਖ) ਜੀਤੋ

(ਗ) ਗੁਰਮੀਤੋ

(ੲ) ਯੋਗਰਾਜ ਦਾ ਕੱਦ ਕਿਹੋ-ਜਿਹਾ ਸੀ?

(ਕ) ਲੰਮਾ (ਖ) ਮਧਰਾ (ਖ) ਦਰਮਿਆਨਾ

(ਸ) ਯੋਗਰਾਜ ਕਿਸ ਵਿਸ਼ੇ ਦੇ ਅਧਿਆਪਕ ਸਨ?

(ਕ) ਸਮਾਜਿਕ ਸਿੱਖਿਆ (ਖ) ਅੰਗਰੇਜ਼ੀ

(ਖ) ਗਣਿਤ

(ਹ) ਯੋਗਰਾਜ ਨੇ ਸੰਘ ਲੋਕ-ਸੇਵਾ ਆਯੋਗ ਦੀ ਪਰੀਖਿਆ ਕਿਸ ਮਾਧਿਅਮ ਵਿੱਚ ਪਾਸ ਕੀਤੀ?

(ਕ) ਮਾਂ-ਬੋਲੀ ਪੰਜਾਬੀ (ਖ) ਹਿੰਦੀ

(ਖ) ਅੰਗਰੇਜ਼ੀ।

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਬੀਤ ਦਾ ਇਲਾਕਾ ਕਿੱਥੇ ਸਥਿਤ ਹੈ?

(ਅ) ਯੋਗਰਾਜ ਦਾ ਪਿੰਡ ਕਿਹੜਾ ਹੈ?

(ੲ) ਯੋਗਰਾਜ ਦਾ ਜਨਮ ਕਦੋਂ ਹੋਇਆ?

(ਸ) ਕਿਸ ਨੇ ਉਂਗਲ਼ੀ ਫੜ ਕੇ ਯੋਗਰਾਜ ਨੂੰ ਮੰਜ਼ਲ ਵੱਲ ਤੋਰਿਆ?

(ਹ) ਯੋਗਰਾਜ ਪ੍ਰਹਿਲਾਦ ਭਗਤ ਖੰਨਾ ਦਾ ਸਤਿਕਾਰ ਕਿਉਂ ਕਰਦਾ ਹੈ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਯੋਗ ਰਾਜ ਦਾ ਜੀਵਨ ਕਿਹੋ-ਜਿਹਾ ਸੀ?

(ਅ) ਯੋਗ ਰਾਜ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?

(ੲ) ਯੋਗ ਰਾਜ ਛੋਟੀ ਉਮਰ ਵਿੱਚ ਕੀ ਕੰਮ ਕਰਦਾ ਸੀ?

(ਸ) ਸੰਤੋਖਗੜ੍ਹ ਵਿਖੇ ਯੋਗਰਾਜ ਨੇ ਕਿਸ ਕੰਮ ਦਾ ਠੇਕਾ ਲਿਆ?

(ਹ) ਦ੍ਰਿੜ੍ਹ ਵਿਸ਼ਵਾਸ ਨਾਲ਼ ਕਿਹੜੀ ਚੀਜ਼ ਕਦੇ ਜ਼ਿੰਦਗੀ ਵਿੱਚ ਰੁਕਾਵਟ ਨਹੀਂ ਬਣਦੀ? ਸਪਸ਼ਟ ਕਰੋ।

## 4. ਵਾਕਾਂ ਵਿੱਚ ਵਰਤੋ :

ਔਕੜਾਂ – ਯੋਗਰਾਜ ਨੂੰ ਬਚਪਨ ਵਿੱਚ ਕਈ ਔਕੜਾਂ ਦਾ ਸਾਮ੍ਹਣਾ ਕਰਨਾ ਪਿਆ।

ਸਰਦੇ-ਪੁੱਜਦੇ –

ਅਸਾਮੀ –

ਸਿਲਸਿਲਾ –

ਕਾਮਯਾਬੀ –

ਸਬੱਬ –

## (ੳ) ਖ਼ਾਲੀ ਸਥਾਨ ਭਰੋ -

1. ਸੂਰਜ ਛਿਪਣ ਤੋਂ ਬਾਦ ________ ਹੋ ਰਿਹਾ ਸੀ।
2. ਯੋਗਰਾਜ ਦਾ ਜਨਮ ________ ਦੀ ਕੁੱਖੋਂ ਹੋਇਆ।
3. ________ 'ਤੇ ਲਿਖਿਆ ਸਾਫ਼ ਦਿਖਾਈ ਨਹੀਂ ਸੀ ਦਿੰਦਾ।
4. ਹਿਮਾਚਲ ਪ੍ਰਦੇਸ਼ ਦੇ ਕਸਬਾ ________ ਵਿਖੇ ਮਜ਼ਦੂਰੀ ਕੀਤੀ।
5. ਠੇਕੇ 'ਤੇ ਮਜ਼ਦੂਰੀ ਦਾ ਕੰਮ ਲੈਂਦਾ, ਜਿਸ ਨਾਲ਼ ____________ ਦਿਹਾੜੀ ਬਣ ਜਾਂਦੀ।

6. **ਵਚਨ ਬਦਲੋ : -**

ਗ਼ਰੀਬ

ਰੋਸ਼ਨੀ

ਪਹਾੜੇ

ਅਖ਼ਬਾਰ

ਸਹਿਪਾਠੀ

7. **ਲਿੰਗ ਬਦਲੋ : -**

ਸ੍ਰੀਮਾਨ

ਅਧਿਆਪਕ

ਕਵੀ

ਬਾਲਕ

ਬੱਚਾ

8. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਭਾਰਤ | भारत | India |
| ਰਾਤ | ________ | ________ |
| ਹਸਪਤਾਲ | ________ | ________ |
| ਬਲੈਕ-ਬੋਰਡ | ________ | ________ |
| ਸਮੱਸਿਆ | ________ | ________ |
| ਨਤੀਜਾ | ________ | ________ |

9. **ਆਪਣੇ ਅਧਿਆਪਕ ਜੀ ਤੋਂ ਕਿਸੇ ਹੋਰ ਅਜਿਹੀ ਜੀਵਨੀ ਬਾਰੇ ਜਾਣਕਾਰੀ ਲਓ।**

***

ਪਾਠ-9

# ਸਾਡੀ ਧਰਤੀ



ਸ਼ੁੱਧ ਰਹੀ ਨਾ ਧਰਤੀ ਸਾਡੀ, ਸ਼ੁੱਧ ਰਿਹਾ ਨਾ ਹੁਣ ਅਸਮਾਨ।
ਵਾਤਾਵਰਨ 'ਚ ਗੰਦਗੀ ਭਰ ਕੇ, ਓਜ਼ੋਨ-ਪਰਤ ਦਾ ਕੀਤਾ ਘਾਣ।

ਆਕਸੀਜਨ ਦੱਸੋ ਕਿੱਥੋਂ ਆਊ, ਜੇ ਧਰਤੀ 'ਤੇ ਰੁੱਖ ਰਹੇ ਨਾ,
ਵਧਦੀ ਵੱਸੋਂ ਕਾਰਨ ਹੁਣ ਤਾਂ, ਰੁੱਖਾਂ ਦੀ ਵੀ ਮੁੱਠ ਵਿੱਚ ਜਾਨ।

ਤੁਸੀਂ ਸੋਚਿਆ ਕਦੇ ਇਹ ਦੱਸੋ, ਓਜ਼ੋਨ ਪਰਤ ਨੂੰ ਕਿੰਨਾ ਖ਼ਤਰਾ?
ਇਸ ਵਿੱਚ ਹੋ ਰਹੇ ਨਿੱਤ ਮਘੋਰੇ, ਚਮੜੀ ਦਾ ਕਰਦੇ ਨੁਕਸਾਨ।

ਸੂਰਜੀ ਕਿਰਨਾਂ ਜਦੋਂ ਪੈਂਦੀਆਂ, ਸਿੱਧੀਆਂ ਸਾਡੇ ਜਿਸਮਾਂ ਉੱਤੇ,
ਪਰਾਬੈਂਗਣੀ ਕਿਰਨਾਂ ਹੁੰਦੀਆਂ, ਸਭ ਦੇ ਲਈ ਹੀ ਜ਼ਹਿਰ ਸਮਾਨ।

ਹਵਾ ਤੇ ਪਾਣੀ ਦੂਸ਼ਿਤ ਕਰ 'ਤੇ, ਸਾਹ ਲੈਣਾ ਵੀ ਹੋਇਆ ਦੁੱਭਰ,
ਕਿੰਨੇ ਦੁੱਖ ਨਾਲ਼ ਕਹਿਣਾ ਪੈਂਦਾ, ਅਜੇ ਵੀ ਸੁੱਤਾ ਪਿਆ ਇਨਸਾਨ।

ਆਓ ਇੱਕ-ਇੱਕ ਬੂੰਦ ਬਚਾਈਏ, ਰੁੱਖਾਂ ਦੀ ਨਾ ਹੋਂਦ ਮਿਟਾਈਏ,
ਭਵਿਖ ਵਿੱਚ ਤਾਂਹੀਓਂ ਬੱਚਿਓ ਸਾਡਾ, ਜਿਊਂਣਾ ਹੋਵੇਗਾ ਅਸਾਨ।

## ਪਾਠ- ਅਭਿਆਸ

1. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਓਜ਼ੋਨ-ਪਰਤ ਦਾ ਘਾਣ ਕਿਸ ਤਰ੍ਹਾਂ ਹੋਇਆ ਹੈ?

(ਅ) ਓਜ਼ੋਨ-ਪਰਤ ਵਿੱਚ ਹੋ ਰਹੇ ਮਘੋਰੇ ਸਾਡੇ ਸਰੀਰ ਦੇ ਕਿਸ ਭਾਗ ਨੂੰ ਨੁਕਸਾਨ ਪਹੁੰਚਾਉਂਦੇ ਹਨ?

(ੲ) ਆਕਸੀਜਨ ਸਾਨੂੰ ਕਿੱਥੋਂ ਪ੍ਰਾਪਤ ਹੁੰਦੀ ਹੈ?

(ਸ) ਸਾਨੂੰ ਇੱਕ-ਇੱਕ ਬੂੰਦ ਕਿਸ ਚੀਜ਼ ਦੀ ਬਚਾਉਣੀ ਚਾਹੀਦੀ ਹੈ?

2. **ਸਤਰਾਂ ਪੂਰੀਆਂ ਕਰੋ :**

1. ਆਕਸੀਜਨ ਦੱਸੋ ਕਿੱਥੋਂ ਆਊ ________
2. ________ ਚਮੜੀ ਦਾ ਕਰਦੇ ਨੁਕਸਾਨ।
3. ਪਰਾਬੈਂਗਣੀ ਕਿਰਨਾਂ ਹੁੰਦੀਆਂ ________
4. ਕਿੰਨੇ ਦੁੱਖ ਨਾਲ਼ ਕਹਿਣਾ ਪੈਂਦਾ________
5. ਵਾਤਾਵਰਨ 'ਚ ________ ਭਰ ਕੇ ਓਜ਼ੋਨ ਪਰਤ ________

3. **ਵਿਰੋਧੀ ਸ਼ਬਦ ਲਿਖੋ :**

ਗੰਦਗੀ –
ਸਿੱਧੀਆਂ –
ਨਿੱਤ –
ਦੁੱਖ –
ਅਸਾਨ –

4. **ਹੇਠ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਵਿੱਚ ਸ਼ਬਦ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਧਰਤੀ | धरती | Earth |
| ਰੁੱਖ | ________ | ________ |
| ਚਮੜੀ | ________ | ________ |
| ਹਵਾ | ________ | ________ |
| ਪਾਣੀ | ________ | ________ |
| ਖ਼ਤਰਾ | ________ | ________ |

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਮਨੁੱਖ ਨੇ ਵਾਤਾਵਰਨ ਕਿਵੇਂ ਗੰਦਾ ਕੀਤਾ ਹੈ?

(ਅ) ਦੂਸ਼ਿਤ ਵਾਤਾਵਰਨ ਦਾ ਕੀ ਨੁਕਸਾਨ ਹੈ?

(ੲ) ਪਰਾਬੈਂਗਣੀ ਕਿਰਨਾਂ ਕਿਵੇਂ ਨੁਕਸਾਨ ਕਰਦੀਆਂ ਹਨ?

(ਸ) ਮਨੁੱਖ ਨੂੰ ਸਾਹ ਲੈਣਾ ਵੀ ਕਿਉਂ ਦੁੱਭਰ ਹੋ ਗਿਆ ਹੈ?

(ਹ) ਇਸ ਕਵਿਤਾ ਤੋਂ ਸਾਨੂੰ ਕੀ ਸੰਦੇਸ ਮਿਲ਼ਦਾ ਹੈ?

ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਤੁਸੀਂ ਹੋਰ ਕਿਹੜੇ-ਕਿਹੜੇ ਕੰਮ ਕਰ ਸਕਦੇ ਹੋ?

***

ਪਾਠ -10

# ਗਿੱਦੜ-ਸਿੰਗੀ

ਮਾਸਟਰ ਜੀ ਕੋਲ਼ ਗਿੱਦੜ-ਸਿੰਗੀ ਸੀ।

ਕੰਵਲਨੈਣ ਨੇ ਇਹ ਗੱਲ ਸੁਣੀ ਸੀ—ਸਕੂਲ ਦੇ ਮੁੰਡਿਆਂ ਤੋਂ, ਆਪਸ ਵਿੱਚ ਇੱਕ-ਦੂਜੇ ਨੂੰ ਦੱਸਦਿਆਂ, ਤ੍ਰਿੰਞਣਾਂ ਵਿੱਚ ਬੈਠੀਆਂ ਔਰਤਾਂ ਦੀ ਦੰਦ-ਕਥਾ ਵਿੱਚ, ਬਜ਼ਾਰ ਵਿੱਚ ਵਿਹਲੇ ਹੋ ਕੇ ਬੈਠੇ ਹਟਵਾਣੀਆਂ ਤੋਂ।

ਮਾਸਟਰ ਬੁੱਧ ਸਿੰਘ ਕੋਲ਼ ਗਿੱਦੜ-ਸਿੰਗੀ ਸੀ।

ਮਾਸਟਰ ਜੀ ਚੰਗੇ, ਬਹੁਤ ਚੰਗੇ, ਕੰਵਲ ਨੂੰ ਵੀ ਲੱਗਦੇ ਸਨ ਪਰ ਉਹਨੂੰ ਇਹ ਨਹੀਂ ਸੀ ਪਤਾ ਕਿ ਗਿੱਦੜ-ਸਿੰਗੀ ਕੀ ਚੀਜ਼ ਹੁੰਦੀ ਹੈ। ਕਦੀ ਉਹ ਕੁਝ ਸੋਚਦਾ, ਕਦੀ ਕੁਝ।

ਫੇਰ ਉਹਨੂੰ ਕਿਸੇ ਦੋਸਤ ਨੇ ਦੱਸਿਆ ਕਿ ਗਿੱਦੜ-ਸਿੰਗੀ ਜਾਦੂ ਦੀ ਇੱਕ ਚੀਜ਼ ਹੁੰਦੀ ਹੈ, ਜਿਸ ਕੋਲ਼ ਇਹ ਹੋਵੇ, ਜੋ ਵੀ ਉਸ ਦੀ ਮੁਰਾਦ ਹੋਵੇ, ਬੱਸ ਪੂਰੀ ਹੋ ਜਾਂਦੀ ਹੈ।

ਤੇ ਕੰਵਲਨੈਣ ਨੇ ਸੋਚਿਆ, ਤਾਂਹੀਓਂ ਮਾਸਟਰ ਬੁੱਧ ਸਿੰਘ ਪਿੰਡ ਵਿੱਚ ਇੰਞ ਫਿਰਦਾ ਸੀ, ਜਿਵੇਂ ਕੋਈ ਬਾਦਸ਼ਾਹ ਹੋਵੇ। ਜਿਸ ਗਲ਼ੀ ਵਿੱਚੋਂ ਲੰਘਦਾ, ਲੋਕੀਂ ਉੱਠ ਕੇ ਉਹਨੂੰ ਆਦਰ ਦਿੰਦੇ। ਮੁੰਡੇ, ਮਹੱਲਿਆਂ ਵਿੱਚ, ਮੈਦਾਨਾਂ ਵਿੱਚ ਖੇਡਦੇ, ਉਹਨੂੰ ਵੇਖ ਕੇ ਖੇਡ ਛੱਡ ਦਿੰਦੇ। ਅੱਗੇ-ਪਿੱਛੇ ਹੋਣ ਦੀ ਕੋਸ਼ਸ਼ ਕਰਦੇ। ਜਿਸ ਝਗੜੇ ਦਾ ਫ਼ੈਸਲਾ ਨਾ ਹੋ ਸਕਦਾ, ਮਾਸਟਰ ਬੁੱਧ ਸਿੰਘ ਜੀ ਜੋ ਕਹਿੰਦੇ, ਹਰ ਧਿਰ ਉਹਦਾ ਕਿਹਾ ਮੰਨਦੀ। ਕਿਸੇ ਦੀ ਕੋਈ ਫ਼ਸਲ ਪੱਕੇ, ਕਿਸੇ ਦੇ ਘਰ ਕੋਈ ਸੁਗਾਤ ਆਏ, ਕਿਤੇ ਵਿਆਹ-ਸ਼ਾਦੀ ਹੋਵੇ, ਹਰ ਦਿਨ-ਦਿਹਾੜੇ 'ਤੇ ਮਾਸਟਰ ਜੀ ਦਾ ਹਿੱਸਾ ਉਸ ਵਿੱਚ ਜ਼ਰੂਰ ਹੁੰਦਾ ਸੀ।

ਇੰਞ ਲੱਗਦਾ ਸੀ ਕਿ ਸਾਰੇ ਪਿੰਡ ਵਿੱਚ ਕੇਵਲ ਮਾਸਟਰ ਬੁੱਧ ਸਿੰਘ ਹੀ ਧੋਬੀ ਦੇ ਧੋਤੇ ਕੱਪੜੇ ਪਾਉਂਦਾ ਸੀ। ਉਹਦੀ ਚਮ-ਚਮ ਕਰਦੀ ਸਾਈਕਲ ਪਿਛਲੇ ਕਈ ਸਾਲਾਂ ਤੋਂ ਲੋਕੀਂ ਉਂਞ ਦੀ ਉਂਞ ਵੇਖ ਰਹੇ ਸਨ। ਬਾਕੀ ਪਿੰਡ ਵਾਲ਼ਿਆਂ ਕੋਲ਼ ਸਾਈਕਲਾਂ ਸਨ, ਛਾਉਣੀ ਦੁੱਧ ਦੇਣ ਮੁੰਡੇ ਜਾਇਆ ਕਰਦੇ ਸਨ ਪਰ ਉਹ ਜਿਵੇਂ ਢੀਂਗਲ਼ੀਆਂ ਹੋਣ; ਖੜ-ਖੜ ਕਰਦੀਆਂ, ਹਮੇਸ਼ਾਂ ਚਿੱਕੜ ਨਾਲ਼ ਲਿੱਬੜੀਆਂ ਰਹਿੰਦੀਆਂ। ਕੰਵਲਨੈਣ ਵੇਖ-ਵੇਖ ਕੇ ਹੈਰਾਨ ਹੁੰਦਾ ਸੀ, ਕਿੰਨੀ ਸਾਰੀ ਹਰ ਰੋਜ਼ ਮਾਸਟਰ ਜੀ ਦੀ ਡਾਕ ਆਉਂਦੀ ਸੀ। ਬਾਕੀ ਸਾਰੇ ਪਿੰਡ ਵਿੱਚ ਲੋਕਾਂ ਨੂੰ ਕਦੀ-ਕਦਾਈਂ ਖ਼ੁਸ਼ੀ-ਗ਼ਮੀ ਦਾ ਕੋਈ ਕਾਰਡ ਆਉਂਦਾ ਪਰ ਮਾਸਟਰ ਬੁੱਧ ਸਿੰਘ ਵੱਲ ਵੱਡੇ-ਵੱਡੇ ਲਿਫ਼ਾਫ਼ੇ, ਅਖ਼ਬਾਰ, ਪਾਰਸਲ, ਕੁਝ ਨਾ ਕੁਝ ਹਰ ਰੋਜ਼ ਆਉਂਦਾ ਰਹਿੰਦਾ।

ਤੇ ਪਿੰਡ ਦੇ ਲੋਕੀਂ ਬਹਿੰਦਿਆਂ-ਉੱਠਦਿਆਂ ਕਹਿੰਦੇ, ਸਾਡੇ ਮਾਸਟਰ ਜੀ ਕੋਲ਼ ਡਾਢੀ ਜ਼ਬਰਦਸਤ ਗਿੱਦੜ-ਸਿੰਗੀ ਹੈ।

ਕੰਵਲਨੈਣ ਦਾ ਖ਼ਿਆਲ ਸੀ ਕਿ ਗਿੱਦੜ-ਸਿੰਗੀ ਗਿੱਦੜ ਦੇ ਸਿੰਗਾਂ ਦਾ ਕੋਈ ਟੁਕੜਾ ਹੁੰਦਾ ਹੈ ਤੇ ਉਹ ਸੋਚਦਾ-ਸੋਚਦਾ ਬਾਹਰ ਖੇਤਾਂ ਵਿੱਚ; ਨਦੀ ਦੇ ਕੰਢੇ—ਦੂਰ ਜਿੱਥੇ ਜੰਗਲ਼ ਸ਼ੁਰੂ ਹੋ ਜਾਂਦਾ ਸੀ, ਘੁੰਮਦਾ ਰਹਿੰਦਾ ਤਾਂਜੋ ਕੋਈ ਗਿੱਦੜ ਮਰਿਆ ਹੋਇਆ ਉਸ ਨੂੰ ਮਿਲ ਜਾਏ ਪਰ ਉਹਨੂੰ ਇੰਞ ਲੱਗਦਾ ਸੀ, ਜਿਵੇਂ ਗਿੱਦੜ ਕਦੇ ਮਰਿਆ ਹੀ ਨਹੀਂ ਕਰਦੇ। ਕੁੱਤੇ ਮਰੇ ਹੋਏ ਹੁੰਦੇ, ਗਾਂਵਾਂ ਮਰੀਆਂ ਹੋਈਆਂ ਹੁੰਦੀਆਂ, ਪੰਛੀ ਮਰੇ ਹੁੰਦੇ ਪਰ ਗਿੱਦੜ ਕਦੀ ਮਰਿਆ ਉਸ ਨੇ ਨਹੀਂ ਸੁਣਿਆ ਸੀ।

ਕੰਵਲਨੈਣ ਸੋਚਦਾ ਜੇ ਉਸ ਕੋਲ਼ ਇੱਕ ਵਾਰ ਗਿੱਦੜ-ਸਿੰਗੀ ਆ ਜਾਏ ਤੇ ਫੇਰ ਜਮਾਤ ਵਿੱਚ ਉਹ ਸਭ ਤੋਂ ਪਹਿਲੇ ਨੰਬਰ 'ਤੇ ਰਿਹਾ ਕਰੇਗਾ। ਖੇਡਾਂ ਵਿੱਚ ਸਭ ਤੋਂ ਅੱਗੇ ਹੋਵੇਗਾ। ਉੱਜਲੇ ਕੱਪੜੇ ਪਾਇਆ ਕਰੇਗਾ। ਵੱਡੇ ਹੋ ਕੇ ਮਾਸਟਰ ਬੁੱਧ ਸਿੰਘ ਦੀ ਤਰ੍ਹਾਂ ਸਕੂਲ ਵਿੱਚ ਪੜ੍ਹਾਏਗਾ। ਟਾਂਗੇ ਵਿੱਚ ਚੜ੍ਹਿਆ ਕਰੇਗਾ, ਐਨਕ ਲਾਵੇਗਾ, ਲਿਸ਼-ਲਿਸ਼ ਕਰਦੇ ਉਹਦੇ ਚੀਕਣੇ ਬੂਟ ਹੋਣਗੇ ਜਿਨ੍ਹਾਂ ਦੀ ਅਵਾਜ਼ ਸੁਣ ਕੇ ਮੁੰਡੇ ਕੰਬ ਉੱਠਣਗੇ।

ਤੇ ਉਹ ਹਰ ਦਮ ਕਿਸੇ ਗਿੱਦੜ ਦੀ ਢੂੰਡ ਵਿੱਚ ਲੱਗਾ ਰਹਿੰਦਾ। ਆਪਣੀ ਕਿਤਾਬ ਵਿੱਚ ਛਪੀ ਗਿੱਦੜ ਦੀ ਤਸਵੀਰ ਉਸ ਨੇ ਆਪਣੇ ਦਿਮਾਗ਼ ਵਿੱਚ ਚੰਗੀ ਤਰ੍ਹਾਂ ਵਸਾ ਲਈ ਸੀ ਤੇ ਕੰਵਲਨੈਣ ਮੁੜ-ਮੁੜ ਸੋਚਦਾ, "ਕਾਸ਼! ਜੇ ਗਿੱਦੜ-ਸਿੰਗੀ ਕਦੇ ਉਸ ਦੇ ਹੱਥ ਆ ਜਾਏ!"

ਕੰਵਲਨੈਣ ਨੂੰ ਪਤਾ ਲੱਗਾ ਕਿ ਚੌਧਰੀਆਂ ਦੇ ਘਰ ਇੱਕ ਕੁੱਤੀ ਸੂਈ ਹੈ ਜਿਸ ਨੇ ਸ਼ਿਕਾਰੀ ਨਸਲ ਦੇ ਬੱਚੇ ਦਿੱਤੇ ਹਨ। ਜਦੋਂ ਤੀਕ ਉਹਨਾਂ ਤੋਂ ਇੱਕ ਬੱਚਾ ਲੈ ਨਾ ਲਿਆ, ਉਸ ਨੇ ਉਹਨਾਂ ਦੀ ਮੁਹਾਠ ਦੀ ਮਿੱਟੀ ਪੁੱਟ ਖਾਧੀ। ਉਹ ਹਰ ਰੋਜ਼ ਦੁੱਧ ਪਿਆ-ਪਿਆ ਕੇ ਬੱਚੇ ਨੂੰ ਪਾਲ਼ਦਾ ਤੇ ਡਾਢਾ ਕਾਹਲ਼ਾ ਪੈਂਦਾ ਕਿ ਉਹ ਛੇਤੀ-ਛੇਤੀ ਵੱਡਾ ਕਿਉਂ ਨਹੀਂ ਹੁੰਦਾ ਸੀ। ਦਿਨ ਵਿੱਚ ਕਈ ਵਾਰ ਉਹਨੂੰ ਦੁੱਧ ਪਿਆਉਂਦਾ ਤਾਂਜੋ ਉਹ ਛੇਤੀ-ਛੇਤੀ ਮੋਟਾ ਹੋ ਜਾਵੇ। ਅਖ਼ੀਰ ਖੁਆ-ਖੁਆ ਕੇ ਉਹਦਾ ਪੇਟ ਉਹਨੇ ਖ਼ਰਾਬ ਕਰ ਦਿੱਤਾ। ਪੰਜ-ਸੱਤ ਰੋਜ਼ ਬਿਮਾਰ ਰਹਿ ਕੇ ਕੁੱਤਾ ਮਰ ਗਿਆ।

ਕੰਵਲਨੈਣ ਸੋਚਦਾ, ਉਹਦੇ ਹੱਥ ਕਦੀ ਗਿੱਦੜ-ਸਿੰਗੀ ਨਹੀਂ ਆਏਗੀ। ਜਦੋਂ ਕਦੀ ਵੀ ਮਾਸਟਰ ਬੁੱਧ ਸਿੰਘ ਨੂੰ ਉਹ ਵੇਖਦਾ, ਉਹਦੇ ਵੱਲ ਲਲਚਾਈਆਂ ਹੋਈਆਂ ਨਜ਼ਰਾਂ ਨਾਲ਼ ਵਿੰਹਦਾ ਰਹਿੰਦਾ। ਉਹ ਸੋਚਦਾ ਮਾਸਟਰ ਜੀ ਦੇ ਘਰ ਤਾਂ ਕੋਈ ਬੱਚਾ ਨਹੀਂ ਸੀ; ਮਾਸਟਰ ਬੁੱਢਾ ਹੋ ਗਿਆ ਸੀ, ਹੁਣ ਉਸ ਨੂੰ ਗਿੱਦੜ-ਸਿੰਗੀ ਦੀ ਕੀ ਲੋੜ ਸੀ? ਜੇ ਕਿਤੇ ਉਹ ਗਿੱਦੜ-ਸਿੰਗੀ ਇਹਨੂੰ ਦੇ ਦਏ! ਕਾਸ਼!!

ਇੱਕ ਰਾਤ ਸੁੱਤੇ-ਸੁੱਤੇ ਉਹ ਛੱਤ ਤੋਂ ਹੇਠਾਂ ਢਹਿ ਪਿਆ। ਕਿਸਮਤ ਨਾਲ਼ ਹੇਠ ਤੂੜੀ ਪਈ ਸੀ। ਜਰਕ ਕੋਈ ਜ਼ਿਆਦਾ ਤੇ ਉਹਨੂੰ ਨਾ ਆਈ ਪਰ ਉਹ ਬੇਹੋਸ਼ ਹੋ ਗਿਆ। ਜਦੋਂ ਉਹਨੂੰ ਹੋਸ਼ ਆਈ, ਆਪਣੀ ਤਾਈ ਨੂੰ ਉਸ ਦੱਸਿਆ; ਉਹ ਤੇ ਗਿੱਦੜ ਦਾ ਸ਼ਿਕਾਰ ਖੇਡ ਰਿਹਾ ਸੀ ਕਿ ਇੱਕ ਖੱਡ ਵਿੱਚ ਉਹਦਾ ਪੈਰ ਤਿਲਕ ਗਿਆ। ਉਹਦੀ ਤਾਈ ਨੇ ਉਸ ਨੂੰ ਬਹੁਤ ਪਿਆਰ ਕੀਤਾ ਤੇ ਹੱਸਦੇ-ਹੱਸਦੇ ਪੁੱਛਿਆ ਕਿ ਉਸ ਦਾ ਸ਼ੇਰ ਪੁੱਤਰ ਗਿੱਦੜ ਦਾ ਸ਼ਿਕਾਰ ਕਾਹਨੂੰ ਕਰਨ ਟੁਰ ਪਿਆ ਸੀ?

ਕੰਵਲਨੈਣ ਨੇ ਸਾਰੀ ਦੀ ਸਾਰੀ ਗੱਲ ਤਾਈ ਸੁੱਧੀ ਨੂੰ ਦੱਸ ਦਿੱਤੀ। ਤਾਈ ਸੁੱਧੀ; ਜਿਸ ਦੀ ਬਾਬਤ ਮਸ਼ਹੂਰ ਸੀ, ਉਸ ਕੋਲ਼ ਬੜੇ-ਬੜੇ ਜਾਦੂ-ਟੂਣੇ ਹੁੰਦੇ ਸਨ।

ਤਾਈ ਸੁੱਧੀ ਕੰਵਲਨੈਣ ਦੀ ਗੱਲ ਸੁਣਦੀ ਰਹੀ, ਸੁਣਦੀ ਰਹੀ ਤੇ ਫਿਰ ਰੱਜ ਕੇ ਹੱਸੀ। "ਓਏ ਭੋਲ਼ੇ ਕੁੱਕੜ!" ਉਸ ਨੇ ਕੰਵਲਨੈਣ ਨੂੰ ਦੱਸਿਆ, "ਗਿੱਦੜ-ਸਿੰਗੀ ਕੋਈ ਗਿੱਦੜ ਦੇ ਸਿੰਗ ਤੋਂ ਥੋੜ੍ਹੀ ਬਣਦੀ ਹੈ। ਇਹ ਤੇ ਨਿੱਕੀ ਜਿਹੀ ਵਾਲ਼ਾਂ ਵਾਲ਼ੀ ਇੱਕ ਚੀਜ਼ ਹੁੰਦੀ ਏ, ਜਿਸ ਨੂੰ ਡੱਬੀ ਵਿੱਚ ਪਾ ਕੇ ਰੱਖਿਆ ਜਾਂਦਾ ਹੈ ਤੇ ਉਹ ਸੰਧੂਰ ਦੀ ਖ਼ੁਰਾਕ 'ਤੇ ਪਲ਼ਦੀ ਹੈ।

ਫੇਰ ਤਾਈ ਸੁੱਧੀ ਨੇ ਕੰਵਲਨੈਣ ਨੂੰ ਦੱਸਿਆ ਕਿ ਗਿੱਦੜ-ਸਿੰਗੀ ਸਿਰਫ਼ ਮਾਸਟਰ ਬੁੱਧ ਸਿੰਘ ਕੋਲ਼ ਹੀ ਸੀ, ਸਾਰੇ ਦੇ ਸਾਰੇ ਪਿੰਡ ਵਿੱਚ। ਹੋਰ ਤੇ ਕਿਸੇ ਕੋਲ਼ ਕਦੀ ਨਹੀਂ ਉਸ ਸੁਣੀ।

ਹੁਣ ਇਸ ਦਿਨ ਤੋਂ ਕੰਵਲਨੈਣ ਬਿਸਤਰੇ ਤੋਂ ਉੱਠਦਿਆਂ, ਦਿਨ ਦਾ ਬਹੁਤਾ ਸਮਾਂ ਮਾਸਟਰ ਬੁੱਧ ਸਿੰਘ ਦੇ ਘਰ ਰਹਿੰਦਾ। ਨਿੱਕੇ-ਨਿੱਕੇ ਉਹਦੇ ਕੰਮ ਕਰਦਾ ਰਹਿੰਦਾ।

ਮਾਸਟਰ ਬੁੱਧ ਸਿੰਘ ਦੇ ਘਰ ਰਹਿ ਕੇ ਕੰਵਲਨੈਣ ਨੇ ਵੇਖਿਆ, ਮਾਸਟਰ ਹਰ ਵੇਲ਼ੇ ਕੁਝ ਨਾ ਕੁਝ ਕਰਦਾ ਰਹਿੰਦਾ ਸੀ। ਸਵੇਰੇ ਸਰਘੀ ਵੇਲ਼ੇ ਉੱਠਦਾ, ਬਾਹਰ ਸੈਰ ਨੂੰ ਜਾਂਦਾ, ਦੂਰ ਖੇਤਾਂ ਵਿੱਚ ਕੋਈ ਅੱਧਾ ਘੰਟਾ ਕਸਰਤ ਕਰਦਾ। ਅਜੇ ਹਨੇਰਾ ਹੀ ਹੁੰਦਾ ਤੇ ਵਾਪਸ ਆ ਕੇ ਨ੍ਹਾ ਲੈਂਦਾ। ਫੇਰ ਕੁਝ ਚਿਰ ਲਈ ਪਾਠ-ਪੂਜਾ ਕਰਦਾ, ਰੱਬ ਦਾ ਨਾਂ ਲੈਂਦਾ। ਇਤਨੇ ਵਿੱਚ ਦਿਨ ਚੜ੍ਹ ਜਾਂਦਾ ਤੇ ਉਹ ਸਕੂਲ ਦੀਆਂ ਕਾਪੀਆਂ ਵੇਖਣੀਆਂ ਸ਼ੁਰੂ ਕਰ ਦਿੰਦਾ। ਸ਼ਾਮੀਂ ਜਿਹੜਾ ਵਕਤ ਉਹਦੇ ਕੋਲ਼ ਬਚਦਾ, ਉਸ ਵਿੱਚ ਰਜਿਸਟਰ ਆਦਿ ਵੇਖਦਾ, ਕਮੇਟੀ ਦੇ ਲੋਕਾਂ ਨੂੰ ਮਿਲ਼ਦਾ, ਚੰਦਾ ਇਕੱਠਾ ਕਰਨ ਜਾਂਦਾ, ਰਾਤ ਗਏ ਤੱਕ ਕਿਸੇ ਨਾ ਕਿਸੇ ਆਹਰੇ ਜੁਟਿਆ ਰਹਿੰਦਾ।

ਕੰਵਲਨੈਣ ਨੇ ਇਹ ਵੀ ਵੇਖਿਆ ਕਿ ਮਾਸਟਰ ਬੁੱਧ ਸਿੰਘ ਦੀ ਤ੍ਰੀਮਤ ਉਹਦੇ ਕੱਪੜੇ ਆਪ ਘਰ ਧੋਂਦੀ ਤੇ ਮਾਸਟਰ ਉਹਨਾਂ 'ਤੇ ਇਸਤਰੀ ਕਰਦਾ ਸੀ। ਨਾ ਕਦੀ ਧੋਬੀ ਕੋਈ ਉਹਨਾਂ ਦੇ ਘਰ ਵੜਦਾ, ਨਾ ਇਹਨਾਂ ਕੱਪੜੇ ਕਦੀ ਕਿਸੇ ਨੂੰ ਭੇਜੇ। ਸਕੂਲ ਜਾਣ ਤੋਂ ਪਹਿਲੇ ਨਿਤਾਪ੍ਰਤੀ ਮਾਸਟਰ ਆਪਣੇ ਹੱਥੀਂ ਆਪਣੀ ਸਾਈਕਲ ਨੂੰ ਸਾਫ਼ ਕਰਦਾ। ਘਰ ਵਿੱਚ ਜਾਂ ਬਾਹਰ ਉਹ ਕਦੇ ਝੂਠ ਨਾ ਬੋਲਦਾ। ਹਮੇਸ਼ਾਂ ਸੱਚ ਤੇ ਸੱਚੇ ਆਦਮੀ ਦਾ ਸਾਥ ਦਿੰਦਾ ਤੇ ਆਪਣੀ ਗਰਦਨ ਉੱਚੀ ਰੱਖਦਾ। ਗ਼ਰੀਬ-ਗ਼ੁਰਬੇ ਤੇ ਆਏ-ਗਏ ਦੀ ਆਪਣੇ ਵਿਤ ਮੁਤਾਬਕ ਮਦਦ ਕਰਦਾ। ਸਭ ਨੂੰ ਮਿੱਠਾ ਬੋਲਦਾ ਤੇ ਆਪਣੇ ਵਰਗਾ ਸਮਝਦਾ।

ਮਾਸਟਰ ਬੁੱਧ ਸਿੰਘ ਦੀ ਸੰਗਤ ਵਿੱਚ ਕੰਵਲਨੈਣ ਨੇ ਵੀ ਸਵੇਰੇ ਉੱਠਣਾ ਸਿੱਖ ਲਿਆ, ਵਰਜ਼ਸ਼ ਕਰਨੀ ਸ਼ੁਰੂ ਕਰ ਦਿੱਤੀ। ਸਵੇਰੇ ਉੱਠਣ ਕਰਕੇ ਉਸ ਕੋਲ਼ ਇਤਨਾ ਸਮਾਂ ਬਚ ਜਾਂਦਾ ਕਿ ਜਿਤਨੀਆਂ ਕਿਤਾਬਾਂ ਮਾਸਟਰ ਜੀ ਉਹਨੂੰ ਦਿੰਦੇ, ਪੜ੍ਹ ਲੈਂਦਾ। ਇੰਞ ਉਸ ਸਾਲ ਜਦੋਂ ਇਮਤਿਹਾਨ ਹੋਏ, ਕੰਵਲਨੈਣ ਜਮਾਤ ਵਿੱਚ ਸਭ ਤੋਂ ਜ਼ਿਆਦਾ ਨੰਬਰ ਲੈ ਗਿਆ। ਮਾਸਟਰ ਜੀ ਵਾਂਗ ਉਹ ਆਪਣੇ ਬੂਟਾਂ ਨੂੰ ਆਪ ਪਾਲਸ਼ ਕਰਦਾ, ਆਪਣੀ ਮਾਂ ਦੇ ਧੋਤੇ ਹੋਏ ਕੱਪੜਿਆਂ ਨੂੰ ਇਸਤਰੀ ਕਰਦਾ ਤੇ ਹਰ ਵੇਲ਼ੇ ਉਜਲਾ ਰਹਿੰਦਾ। ਹੁਣ ਉਹਦੇ ਜਮਾਤੀ ਇੰਞ

ਉਸ ਵੱਲ ਵੇਖਦੇ, ਜਿਵੇਂ ਕਹਿ ਰਹੇ ਹੋਣ ਕਿ ਉਹ ਕਿਤਨਾ ਕਿਸਮਤ ਵਾਲ਼ਾ ਹੈ। ਹਰ ਕੋਈ ਸਕੂਲ ਵਿੱਚ ਅੱਜ-ਕੱਲ੍ਹ ਕੰਵਲਨੈਣ ਦੀ ਦੋਸਤੀ ਕਰਨ ਦੀ ਕੋਸ਼ਸ਼ ਕਰਦਾ। ਉਹਨੂੰ ਨਾ ਕਦੀ ਸਕੂਲ ਪਹੁੰਚਣ ਵਿੱਚ ਦੇਰ ਹੋਈ, ਨਾ ਕਦੀ ਉਸ ਦੇ ਕੰਮ ਵਿੱਚ ਕੁਣ-ਕਸਰ ਕੱਢੀ ਜਾਂਦੀ। ਖ਼ੁਸ਼ੀ-ਖ਼ੁਸ਼ੀ ਕੰਵਲਨੈਣ ਸਕੂਲ ਜਾਂਦਾ, ਖ਼ੁਸ਼ੀ-ਖ਼ੁਸ਼ੀ ਮੁੜ ਆਉਂਦਾ। ਸਾਰੇ ਦੇ ਸਾਰੇ ਉਸਤਾਦ ਉਹਨੂੰ ਪਿਆਰ ਕਰਦੇ।

ਕੰਵਲਨੈਣ ਨੇ ਮਾਸਟਰ ਬੁੱਧ ਸਿੰਘ ਦੀ ਸੇਵਾ ਜਾਰੀ ਰੱਖੀ। ਉਹਦੇ ਦਿਲ ਦੇ ਕਿਸੇ ਕੋਨੇ ਵਿੱਚ ਗਿੱਦੜ-ਸਿੰਗੀ ਲਈ ਤੜਪ ਅਜੇ ਵੀ ਕਿਤੇ ਛੁਪੀ ਹੋਈ ਸੀ। ਭਾਵੇਂ ਪਹਿਲੇ ਵਰਗੀ ਬਿਹਬਲਤਾ ਹੁਣ ਉਹਨੂੰ ਮਹਿਸੂਸ ਨਹੀਂ ਸੀ ਹੋ ਰਹੀ।

ਹਰ ਰੋਜ਼ ਦੀ ਸੈਰ ਤੇ ਕਸਰਤ ਨਾਲ਼ ਕੰਵਲਨੈਣ ਦੀ ਸਿਹਤ ਬਹੁਤ ਚੰਗੀ ਹੋ ਗਈ। ਹਰ ਰੋਜ਼ ਦੀ ਬਾਕਾਇਦਗੀ ਨਾਲ਼ ਉਹਦਾ ਜੀਵਨ ਜਿਵੇਂ ਕੂਲ਼ਾ ਪੱਟ ਹੋ ਗਿਆ। ਹਰ ਕੰਮ ਆਪਣੇ ਵਕਤ 'ਤੇ ਹੁੰਦਾ। ਕਦੀ ਉਹਨੂੰ ਇੰਞ ਨਾ ਮਹਿਸੂਸ ਹੁੰਦਾ ਕਿ ਉਹ ਪੱਛੜ ਗਿਆ ਹੈ। ਇਤਨੀ ਛੋਟੀ ਉਮਰ ਵਿੱਚ ਉਹਦੀ ਜ਼ਿੰਦਗੀ ਰਵਾਂ-ਰਵੀਂ ਤੁਰ ਪਈ ਤੇ ਉਹ ਹੈਰਾਨ ਹੁੰਦਾ। ਕਦੀ-ਕਦੀ ਉਹਨੂੰ ਗਿੱਦੜ-ਸਿੰਗੀ ਵੀ ਬਿਲਕੁਲ ਭੁੱਲ ਜਾਂਦੀ। ਉਹਨੂੰ ਇੰਞ ਮਹਿਸੂਸ ਹੁੰਦਾ, ਜਿਵੇਂ ਉਹਨੂੰ ਕਿਸੇ ਹੋਰ ਚੀਜ਼ ਦੀ ਲੋੜ ਨਾ ਹੋਵੇ।

ਕੰਵਲਨੈਣ ਹੈਰਾਨ ਸੀ। ਕਦੀ-ਕਦੀ ਉਸ ਨੂੰ ਉਹਨਾਂ ਦਿਨਾਂ 'ਤੇ ਹਾਸਾ ਆਉਂਦਾ ਸੀ ਜਦੋਂ ਪਿੰਡੋਂ ਬਾਹਰ ਖੱਡਾਂ ਵਿੱਚ, ਦਰਾੜਾਂ ਵਿੱਚ, ਖਾਈਆਂ ਵਿੱਚ, ਖੰਡਰਾਂ ਵਿੱਚ; ਉਹ ਗਿੱਦੜ-ਸਿੰਗੀ ਲੱਭਦਾ ਫਿਰਦਾ ਸੀ। ਇੱਕ ਵਾਰ ਉਹਨੂੰ ਸੁਫਨਾ ਆਇਆ ਕਿ ਗਿੱਦੜ-ਸਿੰਗੀ ਉਹਦੀਆਂ ਕਿਤਾਬਾਂ ਦੇ ਪਿੱਛੇ ਅਲਮਾਰੀ ਦੀ ਨੁੱਕਰ ਵਿੱਚ ਪਈ ਹੈ। ਉਹ ਅੱਭੜਵਾਹੇ ਉੱਠ ਖਲੋਤਾ। ਅੱਧੀ ਰਾਤ ਵੇਲ਼ੇ ਅਲਮਾਰੀ ਨੂੰ ਫਰੋਲ਼ਦਾ ਰਿਹਾ, ਫਰੋਲ਼ਦਾ ਰਿਹਾ। ਗਿੱਦੜ-ਸਿੰਗੀ ਤੇ ਉੱਥੇ ਕੋਈ ਨਹੀਂ ਸੀ ਪਰ ਕੰਵਲਨੈਣ ਦੀ ਅੱਖ ਖੁੱਲ੍ਹ ਗਈ ਤੇ ਉਸ ਨੇ ਪੜ੍ਹਨਾ ਸ਼ੁਰੂ ਕਰ ਦਿੱਤਾ। ਬਾਕੀ ਸਾਰੀ ਰਾਤ ਪੜ੍ਹਦਾ-ਲਿਖਦਾ ਰਿਹਾ। ਉਸ ਰਾਤ ਜਿਹੜੀ ਕਹਾਣੀ ਉਸ ਨੇ ਲਿਖੀ, ਇੱਕ ਅਖ਼ਬਾਰ ਨੇ ਛਾਪਣ ਲਈ ਮਨਜ਼ੂਰ ਕਰ ਲਈ। ਮੁੰਡੇ ਤੇ ਮੁੰਡੇ; ਸਕੂਲ ਦੇ ਕਈ ਮਾਸਟਰ ਵੀ ਅੱਜ-ਕੱਲ੍ਹ ਕੰਵਲਨੈਣ ਦੇ ਕੰਮ ਨੂੰ ਵੇਖ-ਵੇਖ ਉਂਗਲ਼ਾਂ ਪਏ ਟੁੱਕਦੇ ਸਨ।

ਇੰਞ ਕੰਵਲਨੈਣ ਉੱਨਤੀ ਦੀਆਂ ਪੌੜੀਆਂ ਚੜ੍ਹਦਾ ਗਿਆ, ਚੜ੍ਹਦਾ ਗਿਆ। ਅਖ਼ੀਰ ਜਦੋਂ ਪਿੰਡ ਦੇ ਸਕੂਲ ਦੀ ਸਭ ਤੋਂ ਵੱਡੀ ਜਮਾਤ ਉਹ ਪਾਸ ਕਰ ਬੈਠਾ, ਮਾਸਟਰ ਬੁੱਧ ਸਿੰਘ ਉਹਦਾ ਜਿਵੇਂ ਦੋਸਤ ਬਣ ਗਿਆ ਹੋਵੇ। ਹੁਣ ਕੰਵਲਨੈਣ ਨੇ ਸ਼ਹਿਰ ਕਾਲਜ ਵਿੱਚ ਜਾਣਾ ਸੀ। ਮਾਸਟਰ ਬੁੱਧ ਸਿੰਘ ਆਪ ਕਹਿੰਦਾ ਕਿ ਉਹ ਆਪਣੇ ਉਸਤਾਦ ਤੋਂ ਵੀ ਜ਼ਿਆਦਾ ਪੜ੍ਹ ਜਾਵੇਗਾ।

ਕਾਲਜ ਜਾਣ ਵਿੱਚ ਇੱਕ ਦਿਨ ਰਹਿ ਗਿਆ ਸੀ ਕਿ ਸ਼ਾਮ ਨੂੰ ਮਾਸਟਰ ਬੁੱਧ ਸਿੰਘ ਨੇ ਕੰਵਲਨੈਣ ਨੂੰ ਖਾਣੇ 'ਤੇ ਬੁਲਾਇਆ। ਕਿਤਨੀ ਰਾਤ ਗਏ ਉਹ ਗੱਲਾਂ ਕਰਦੇ ਰਹੇ, ਇੰਞ ਜਿਵੇਂ ਦੋਸਤ ਹੁੰਦੇ ਹਨ। ਜਦੋਂ

ਵਿੱਛੜਨ ਲੱਗੇ, ਮਾਸਟਰ ਬੁੱਧ ਸਿੰਘ ਨੇ ਕੰਵਲਨੈਣ ਨੂੰ ਕਿਹਾ, "ਕੰਵਲ! ਮੈਂ ਚਾਹੁੰਦਾ ਹਾਂ, ਤੈਨੂੰ ਕੋਈ ਸੁਗਾਤ ਦਿਆਂ, ਜੋ ਵੀ ਤੂੰ ਮੂੰਹੋਂ ਮੰਗੇਂਗਾ, ਮੈਂ ਇਨਕਾਰ ਨਹੀਂ ਕਰਾਂਗਾ।"

ਨਵੇਂ ਉਤਪੰਨ ਹੋਏ ਆਤਮ-ਸਨਮਾਨ ਨੇ ਉਸ ਤੋਂ ਕੋਈ ਫ਼ਰਮਾਇਸ਼ ਨਾ ਕਰਨ ਦਿੱਤੀ। ਸ਼ਬਦ ਉਹਦੀ ਜੀਭ ਤੱਕ ਆ-ਆ ਕੇ ਮੁੜ-ਮੁੜ ਜਾਂਦੇ। ਇਸ ਜੱਕੋ-ਤੱਕੀ ਵਿੱਚ ਉਹਦੀਆਂ ਅੱਖਾਂ ਬੇਹਾਲ ਹੋ ਗਈਆਂ।

ਇਸ ਤਰ੍ਹਾਂ ਕਿਤਨਾ ਚਿਰ ਮਾਸਟਰ ਦੇ ਗਲ਼ ਲੱਗ, ਕੰਵਲ ਠੰਢਾ-ਠਾਰ ਹੋ ਕੇ ਘਰ ਆ ਗਿਆ। ਹੁਣ ਅੰਦਰ ਕੋਈ ਤ੍ਰਿਸ਼ਨਾ ਨਹੀਂ ਸੀ। ਰੱਜਿਆ-ਪੁੱਜਿਆ, ਖ਼ੁਸ਼ੀ-ਖ਼ੁਸ਼ੀ ਅਗਲੇ ਰੋਜ਼ ਉਹ ਕਾਲਜ ਦਾਖ਼ਲ ਹੋ ਗਿਆ।

ਕਾਲਜ ਵਿੱਚ ਮਾਸਟਰ ਦੇ ਦੱਸੇ ਰਾਹਾਂ 'ਤੇ ਚੱਲਦਾ ਕੰਵਲ ਖੇਡਣ ਵੇਲ਼ੇ ਖੇਡਦਾ, ਪੜ੍ਹਨ ਵੇਲ਼ੇ ਪੜ੍ਹਦਾ, ਕਦੀ ਕਿਸੇ ਮਾੜੀ ਸੰਗਤ ਵਿੱਚ ਨਾ ਬੈਠਦਾ। ਹਰ ਦਿਨ, ਹਰ ਹਫ਼ਤੇ, ਹਰ ਮਹੀਨੇ, ਹਰ ਸਾਲ ਉੱਨਤੀ ਦੀਆਂ ਪੌੜੀਆਂ ਚੜ੍ਹਦਾ ਗਿਆ। ਪਿੰਡ ਦੇ ਲੋਕੀਂ ਉਹਦੇ ਨਤੀਜੇ ਸੁਣ-ਸੁਣ ਕੇ ਹੈਰਾਨ ਹੁੰਦੇ। ਜਿਸ ਇਮਤਿਹਾਨ ਵਿੱਚ ਬੈਠਦਾ, ਕੰਵਲਨੈਣ ਵਜ਼ੀਫ਼ਾ ਲੈਂਦਾ। ਖੇਡਾਂ ਵਿੱਚ ਸਭ ਤੋਂ ਮੂਹਰੇ ਹੁੰਦਾ। ਜੋ ਕੰਮ ਕਰਦਾ, ਉਸ ਵਿੱਚ ਉਹਦੀ ਸੋਭਾ ਹੁੰਦੀ। ਹਰ ਕੋਈ ਉਹਦੇ ਨਾਲ਼ ਖ਼ੁਸ਼ ਸੀ। ਵੱਸ ਲੱਗੇ ਉਹ ਸਭ ਦੇ ਕੰਮ ਆਉਂਦਾ।

ਪਿੰਡ ਦੇ ਲੋਕੀਂ ਕੰਵਲਨੈਣ ਨੂੰ ਇੰਵ ਵਧਦਾ-ਫੁੱਲਦਾ ਦੇਖ ਕੇ ਕਹਿਣ ਲੱਗ ਪਏ ਕਿ ਮਾਸਟਰ ਬੁੱਧ ਸਿੰਘ ਨੇ ਜ਼ਰੂਰ ਉਸ ਨੂੰ ਗਿੱਦੜ-ਸਿੰਗੀ ਦੇ ਦਿੱਤੀ ਹੈ। ਕੁੜੀਆਂ ਤ੍ਰਿੰਞਣਾਂ ਵਿੱਚ ਬੈਠੀਆਂ ਇੱਕ-ਦੂਜੀ ਦੇ ਕੰਨ ਵਿੱਚ ਇਹੀ ਘੁਸਰ-ਮੁਸਰ ਕਰਦੀਆਂ। ਬੁੱਢੇ ਤਕੀਏ ਵਿੱਚ ਬੈਠੇ ਇੱਕ-ਦੂਜੇ ਨੂੰ ਪਏ ਦੱਸਦੇ, ਮੁੰਡੇ ਖੇਡ ਦੇ ਮੈਦਾਨ ਵਿੱਚ ਹਸਰਤ ਭਰੀਆਂ ਨਜ਼ਰਾਂ ਨਾਲ਼ ਸਾਮ੍ਹਣੇ ਸੜਕ ਤੋਂ ਲੰਘਦੇ ਕੰਵਲਨੈਣ ਵੱਲ ਵਿੰਹਦੇ ਰਹਿੰਦੇ, ਵਿੰਹਦੇ ਰਹਿੰਦੇ।

## ਪਾਠ- ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(ੳ) ਲੋਕਾਂ ਨੂੰ ਮਾਸਟਰ ਬੁੱਧ ਸਿੰਘ ਕੋਲ਼ ਕਿਹੜੀ ਚੀਜ਼ ਹੋਣ ਦਾ ਸ਼ੱਕ ਸੀ?

(ਕ) ਬਹੁਤ ਪੈਸਾ (ਖ) ਵਿੱਦਿਆ

(ਗ) ਗਿੱਦੜ-ਸਿੰਗੀ

(ਅ) ਕੰਵਲਨੈਣ ਗਿੱਦੜ-ਸਿੰਗੀ ਨੂੰ ਕਿੱਥੇ ਲੱਭਦਾ ਸੀ?

(ਕ) ਖੇਤਾਂ ਵਿੱਚ (ਖ) ਨਦੀ ਦੇ ਕੰਢੇ 'ਤੇ

(ਗ) ਜੰਗਲ਼ ਵਿੱਚ

(ੲ) ਕਹਾਣੀ ਅਨੁਸਾਰ ਗਿੱਦੜ-ਸਿੰਗੀ ਕਿਸ ਦੇ ਕੋਲ਼ ਸੀ?

(ਕ) ਲੋਕਾਂ ਕੋਲ (ਖ) ਤਾਈ ਸੁੱਧੀ ਕੋਲ਼

(ਗ) ਮਾਸਟਰ ਬੁੱਧ ਸਿੰਘ ਕੋਲ਼

(ਸ) ਮਾਸਟਰ ਬੁੱਧ ਸਿੰਘ ਨੇ ਕੰਵਲਨੈਣ ਨੂੰ ਕੀ ਸਿਖਾਇਆ?

(ਕ) ਪਾਠ ਕਰਨਾ (ਖ) ਖੇਡਣਾ

(ਗ) ਆਪਣਾ ਕੰਮ ਆਪ ਕਰਨਾ

(ਸ) ਕੀ ਕੰਵਲਨੈਣ ਹਰ ਕੰਮ ਸਮੇਂ ਸਿਰ ਕਰਦਾ ਸੀ?

(ਕ) ਹਾਂ ਜੀ (ਖ) ਨਹੀਂ ਜੀ

(ਗ) ਕਦੇ-ਕਦੇ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-

(ੳ) ਕੰਵਲਨੈਣ ਗਿੱਦੜ-ਸਿੰਗੀ ਬਾਰੇ ਕੀ ਸੋਚਦਾ ਹੈ?

(ਅ) ਮਾਸਟਰ ਬੁੱਧ ਸਿੰਘ ਦਾ ਪਹਿਰਾਵਾ ਕਿਹੋ-ਜਿਹਾ ਸੀ?

(ੲ) ਤਾਈ ਸੁੱਧੀ ਬਾਰੇ ਕਿਹੜੀ ਗੱਲ ਬੜੀ ਮਸ਼ਹੂਰ ਸੀ?

(ਸ) ਮਾਸਟਰ ਬੁੱਧ ਸਿੰਘ ਦੀ ਸੰਗਤ ਕਰਨ ਨਾਲ਼ ਕੰਵਲਨੈਣ 'ਤੇ ਕੀ ਅਸਰ ਹੋਇਆ?

(ਹ) ਕੰਵਲਨੈਣ ਤਰੱਕੀ ਦੀਆਂ ਰਾਹਾਂ 'ਤੇ ਕਿਵੇਂ ਤੁਰਦਾ ਗਿਆ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-

(ੳ) ਮਾਸਟਰ ਬੁੱਧ ਸਿੰਘ ਦੇ ਹਰਮਨ-ਪਿਆਰਾ ਹੋਣ ਦੇ ਕੀ ਕਾਰਨ ਸਨ?

(ਅ) ਕੰਵਲਨੈਣ ਗਿੱਦੜ-ਸਿੰਗੀ ਨੂੰ ਕਿੱਥੋਂ ਲੱਭਦਾ ਸੀ?

(ੲ) ਮਾਸਟਰ ਬੁੱਧ ਸਿੰਘ ਸਵੇਰ ਅਤੇ ਸ਼ਾਮ ਵੇਲ਼ੇ ਸਮੇਂ ਦਾ ਉਪਯੋਗ ਕਿਵੇਂ ਕਰਦਾ ਸੀ?

(ਸ) ਕੰਵਲਨੈਣ ਨੂੰ ਵਧਦਾ-ਫੁੱਲਦਾ ਦੇਖ ਕੇ ਲੋਕੀਂ ਕੀ ਸੋਚਦੇ ਸਨ?

(ਹ) ਕਿਹੜੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਮਾਸਟਰ ਬੁੱਧ ਸਿੰਘ ਹੱਥੀਂ ਕੰਮ ਕਰਨ ਨੂੰ ਬੁਰਾ ਨਹੀਂ ਸੀ ਸਮਝਦਾ?

4. **ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

ਬਾਦਸ਼ਾਹ, ਉਜਲੇ, ਸਰਘੀ ਵੇਲ਼ੇ, ਗਿੱਦੜ-ਸਿੰਗੀ, ਆਹਰ, ਚਮ-ਚਮ।

(1) ਲੋਕ ਸੋਚਦੇ, ਮਾਸਟਰ ਜੀ ਕੋਲ _______ ਹੈ।

(2) ਮਾਸਟਰ ਜੀ ਕੋਲ਼ ਇੱਕ _______ ਕਰਦੀ ਸਾਈਕਲ ਸੀ।

(3) ਮਾਸਟਰ ਬੁੱਧ ਸਿੰਘ ਪਿੰਡ ਵਿੱਚ ਇੰਞ ਫਿਰਦਾ ਸੀ, ਜਿਵੇਂ ਕੋਈ _______ ਹੋਵੇ।

(4) ਉਹ ਰੋਜ਼ _______ ਕੱਪੜੇ ਪਾ ਕੇ ਸਕੂਲ ਜਾਂਦਾ।

(5) ਮਾਸਟਰ ਜੀ _______ ਉੱਠ ਕੇ ਕਸਰਤ ਕਰਦੇ ਸਨ।

(6) ਕੰਵਲਨੈਣ ਸਾਰਾ ਦਿਨ ਕਿਸੇ ਨਾ ਕਿਸੇ _______ ਵਿੱਚ ਲੱਗਿਆ ਰਹਿੰਦਾ।

5. **ਵਾਕਾਂ ਵਿੱਚ ਵਰਤੋ :**

ਜਾਦੂ – ਲੋਕ ਸੋਚਦੇ ਕਿ ਗਿੱਦੜ-ਸਿੰਗੀ ਸ਼ਾਇਦ ਕੋਈ ਜਾਦੂ ਦੀ ਚੀਜ਼ ਹੈ।

ਸੁਗਾਤ

ਫ਼ੈਸਲਾ

ਲਿਸ਼-ਲਿਸ਼ ਕਰਨਾ

ਹਨੇਰਾ

ਕਿਸਮਤ ਵਾਲ਼ਾ

4. **ਹੇਠ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਮਾਸਟਰ | अध्यापक | Teacher |
| ਵਿਆਹ | _______ | _______ |
| ਦੋਸਤ | _______ | _______ |
| ਨੰਬਰ | _______ | _______ |
| ਬੁੱਢਾ | _______ | _______ |
| ਰਜਿਸਟਰ | _______ | _______ |

7. **ਸ਼ਬਦ-ਜੋੜ ਸ਼ੁੱਧ ਕਰਕੇ ਲਿਖੋ :**

**ਅਸ਼ੁੱਧ** **ਸ਼ੁੱਧ**

ਦੁੱਧ

ਸੈਕਲ

ਚੜ੍ਹਿਆ

ਸਰਗੀ ਵੇਲਾ

ਕਮੇਟੀ

ਸੇਹਤ

8. **ਵਿਰੋਧੀ ਸ਼ਬਦ ਲਿਖੋ :**

ਮਿੱਤਰ – ਦੁਸ਼ਮਣ

ਸਵੇਰ –

ਖ਼ੁਸ਼ੀ –

ਪਿੰਡ –

ਇਸਤਰੀ –

ਉਸਤਾਦ –

9. **ਅਧਿਆਪਕ ਲਈ**

ਵਿਸ਼ਾ – ਅਧਿਆਪਕ ਪਾਠ ਵਿੱਚ ਆਈਆਂ ਚੰਗੀਆਂ ਆਦਤਾਂ 'ਤੇ ਅਮਲ ਕਰਨ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੇਗਾ।

***

ਪਾਠ-11

# ਸ਼ਹਿਦ ਦੀਆਂ ਮੱਖੀਆਂ

ਸ਼ਹਿਦ ਦੀਆਂ ਮੱਖੀਆਂ ਇੱਕ ਪਰਿਵਾਰ ਦੇ ਜੀਆਂ ਵਾਂਗ ਰਲ਼-ਮਿਲ਼ ਕੇ ਰਹਿੰਦੀਆਂ ਹਨ। ਪੰਜਾਬ ਵਿੱਚ ਇਹਨਾਂ ਨੂੰ ਡੂੰਮਣਾ, ਮਖੀਲ ਜਾਂ ਮਠਾਖੀ ਵੀ ਕਹਿੰਦੇ ਹਨ, ਇਹ ਸਾਰੀਆਂ ਦੇਸੀ ਮੱਖੀਆਂ ਹਨ। ਸ਼ਹਿਦ ਦੀਆਂ ਮੱਖੀਆਂ ਨੂੰ ਵਪਾਰਿਕ ਪੱਧਰ 'ਤੇ ਪਾਲ਼ਿਆ ਵੀ ਜਾਂਦਾ ਹੈ ਤੇ ਇਸ ਪ੍ਰਕਾਰ ਇਹ ਅਨੇਕਾਂ ਲੋਕਾਂ ਦੇ ਰੁਜ਼ਗਾਰ ਦਾ ਸਾਧਨ ਬਣਦੀਆਂ ਹਨ। ਪਾਲ਼ੀਆਂ ਜਾਣ ਵਾਲ਼ੀਆਂ ਮੱਖੀਆਂ ਨੂੰ 'ਇਟਾਲੀਅਨ ਮੱਖੀਆਂ' ਕਹਿੰਦੇ ਹਨ ਕਿਉਂਕਿ ਮੂਲ ਰੂਪ ਵਿੱਚ ਇਹ ਮੱਖੀਆਂ ਕਿਸੇ ਸਮੇਂ ਇਟਲੀ ਤੋਂ ਲਿਆਂਦੀਆਂ ਗਈਆਂ ਸਨ। ਇਹਨਾਂ ਨੂੰ ਬਕਸਿਆਂ ਵਿੱਚ ਪਾਲ਼ਿਆ ਜਾਂਦਾ ਹੈ। ਸ਼ਹਿਦ ਦੇ ਇੱਕ ਬਕਸੇ ਤੋਂ ਸਾਲ ਵਿੱਚ 20 ਤੋਂ 40 ਕਿਲੋ ਤੱਕ ਸ਼ਹਿਦ ਪ੍ਰਾਪਤ ਕੀਤਾ ਜਾ ਸਕਦਾ ਹੈ। ਮਖੀਲ ਦੀਆਂ ਮੱਖੀਆਂ ਆਕਾਰ ਵਿੱਚ ਇਹਨਾਂ ਤੋਂ ਸਭ ਤੋਂ ਛੋਟੀਆਂ ਹੁੰਦੀਆਂ ਹਨ। ਇਹ ਆਪਣਾ ਛੱਤਾ ਝਾੜੀਆਂ ਜਾਂ ਨੀਵੇਂ ਦਰਖ਼ਤਾਂ ਦੀਆਂ ਪਤਲੀਆਂ ਟਾਹਣੀਆਂ ਨਾਲ਼ ਬਣਾਉਂਦੀਆਂ ਹਨ। ਡੂੰਮਣਾ ਆਪਣਾ ਛੱਤਾ ਉੱਚੇ ਦਰਖ਼ਤਾਂ ਦੇ ਮੋਟੇ ਟਾਹਣਿਆਂ ਨਾਲ਼, ਉੱਚੀਆਂ ਛੱਤਾਂ ਨਾਲ਼, ਪਿੱਪਲ਼ ਅਤੇ ਬੋਹੜ ਆਦਿ ਦੇ ਦਰਖ਼ਤਾਂ ਨਾਲ਼ ਬਣਾਉਂਦਾ ਹੈ। ਇਹਨਾਂ ਤੋਂ ਇਲਾਵਾ ਲੱਡੂ ਮੱਖੀ ਜਾਂ ਪਹਾੜੀ ਮੱਖੀ ਵੀ ਸ਼ਹਿਦ ਦੀਆਂ ਮੱਖੀਆਂ ਦੀ ਇੱਕ ਕਿਸਮ ਹੈ। ਇਹ ਆਪਣਾ ਛੱਤਾ ਜੋ ਪੰਜ-ਦਸ ਛੋਟੇ-ਛੋਟੇ ਛੱਤਿਆਂ ਦਾ ਸਮੂਹ ਹੁੰਦਾ ਹੈ; ਦਰਖ਼ਤ ਦੀਆਂ ਖੋੜਾਂ, ਹਨੇਰੇ ਕਮਰਿਆਂ ਜਾਂ ਦਿਵਾਰ ਦੇ ਵਿਚਕਾਰ ਬਣਾਉਂਦੀਆਂ ਹਨ। ਪਹਾੜੀ ਇਲਾਕਿਆਂ ਵਿੱਚ ਲੋਕਾਂ ਨੇ ਆਪਣੇ ਘਰਾਂ ਵਿੱਚ ਬਕਸੇਨੁਮਾ ਛੋਟੇ-ਛੋਟੇ ਪੱਕੇ ਖ਼ਾਨੇ ਬਣਾਏ ਹੁੰਦੇ ਹਨ ਜਿਨ੍ਹਾਂ ਵਿੱਚ ਲੱਡੂ ਮੱਖੀਆਂ ਆਪਣੇ ਛੱਤੇ ਬਣਾਉਂਦੀਆਂ ਹਨ।

ਵਪਾਰਿਕ ਪੱਧਰ 'ਤੇ ਇਟਾਲੀਅਨ ਮੱਖੀਆਂ ਨੂੰ ਬਕਸਿਆਂ ਵਿੱਚ ਪਾਲ਼ਿਆ ਜਾਂਦਾ ਹੈ। ਇੱਕ ਰਾਣੀ ਮੱਖੀ ਦੇ ਪਰਿਵਾਰ ਨੂੰ ਇੱਕ 'ਕਲੋਨੀ' ਆਖਿਆ ਜਾਂਦਾ ਹੈ। ਇੱਕ ਬਕਸੇ ਵਿੱਚ ਉਸ ਦੇ ਆਕਾਰ ਅਨੁਸਾਰ ਕੁਝ ਹਜ਼ਾਰ ਤੋਂ ਲੈ ਕੇ ਕਈ ਹਜ਼ਾਰ ਤੱਕ ਮੱਖੀਆਂ ਹੋ ਸਕਦੀਆਂ ਹਨ। ਆਮ ਤੌਰ 'ਤੇ ਸਾਰੀਆਂ ਮੱਖੀਆਂ ਮਾਦਾ ਕਾਮਾ-ਮੱਖੀਆਂ ਹੁੰਦੀਆਂ ਹਨ। ਇਹ ਮਾਦਾ ਕਾਮਾ -ਮੱਖੀਆਂ ਛੱਤੇ ਨੂੰ ਸੁਆਰਨ, ਸਾਫ਼ ਰੱਖਣ, ਬੱਚਿਆਂ ਨੂੰ ਭੋਜਨ ਦੇਣ, ਬਾਹਰ ਤੋਂ ਸ਼ਹਿਦ ਲਿਆਉਣ ਅਤੇ ਛੱਤੇ ਦੀ ਰਖਵਾਲੀ ਕਰਨ ਵਰਗੇ ਕੰਮ ਕਰਦੀਆਂ ਹਨ। ਕਾਮਾ ਮੱਖੀਆਂ ਦੀ ਉਮਰ ਦੋ ਤੋਂ ਤਿੰਨ ਮਹੀਨੇ ਤੱਕ ਦੀ ਹੁੰਦੀ ਹੈ। ਛੱਤੇ ਵਿੱਚ ਇੱਕ ਮਾਦਾ ਰਾਣੀ ਮੱਖੀ ਹੁੰਦੀ ਹੈ ਜੋ ਆਕਾਰ ਵਿੱਚ ਬਾਕੀ ਮਾਦਾ ਕਾਮਾ-ਮੱਖੀਆਂ ਨਾਲ਼ੋਂ ਥੋੜ੍ਹੀ ਲੰਮੀ ਹੁੰਦੀ ਹੈ। ਇਸ ਦੀ ਉਮਰ ਦੋ ਤੋਂ ਤਿੰਨ ਸਾਲ ਤੱਕ ਹੋ ਸਕਦੀ ਹੈ। ਇੱਕ ਛੱਤੇ ਵਿੱਚ ਇੱਕ ਹੀ ਰਾਣੀ ਮੱਖੀ ਹੁੰਦੀ ਹੈ। ਰਾਣੀ ਮੱਖੀ ਆਂਡੇ ਦੇਣ ਦਾ ਕੰਮ ਕਰਦੀ ਹੈ। ਇਹ ਇੱਕ ਦਿਨ ਵਿੱਚ 3000 ਤੱਕ ਆਂਡੇ ਦੇ ਦਿੰਦੀ ਹੈ।

ਇਹ ਮੱਖੀਆਂ ਜੀਵ-ਜਗਤ ਦੇ ਆਰਥਰੋਪੋਡਾ ਜਾਂ ਜੁੜੀਆਂ ਲੱਤਾਂ ਵਾਲ਼ੇ ਜੀਵ-ਵਰਗ ਨਾਲ਼ ਸੰਬੰਧ ਰੱਖਦੀਆਂ ਹਨ। ਇਹਨਾਂ ਦੀਆਂ ਛੇ ਲੱਤਾਂ ਹੁੰਦੀਆਂ ਹਨ ਜੋ ਧੜ ਨਾਲ਼ ਇੱਕ ਥਾਂ ਤੋਂ ਜੁੜੀਆਂ ਹੁੰਦੀਆਂ ਹਨ। ਇਹਨਾਂ ਦਾ ਜੀਵਨ-ਚੱਕਰ ਬਾਕੀ ਜੀਵਾਂ ਨਾਲ਼ੋਂ ਭਿੰਨ ਹੁੰਦਾ ਹੈ। ਇਹਨਾਂ ਦੇ ਆਂਡਿਆਂ ਵਿੱਚੋਂ ਨਿਕਲ਼ੇ ਬੱਚੇ

ਆਪਣੇ ਮਾਂ-ਬਾਪ ਵਰਗੇ ਨਹੀਂ ਹੁੰਦੇ। ਰਾਣੀ ਮੱਖੀ ਦੁਆਰਾ ਦਿੱਤੇ ਆਂਡਿਆਂ ਵਿੱਚੋਂ ਛੋਟੀ ਜਿਹੀ ਸੁੰਡੀ ਨਿਕਲ਼ਦੀ ਹੈ ਜਿਸ ਨੂੰ ਲਾਰਵਾ ਕਹਿੰਦੇ ਹਨ। ਕਾਮਾ-ਮੱਖੀਆਂ ਆਪਣੇ ਸਰੀਰ ਵਿੱਚ ਇੱਕ ਖ਼ਾਸ ਪ੍ਰਕਾਰ ਦਾ ਰਸ ਪੈਦਾ ਕਰਦੀਆਂ ਹਨ ਜਿਸ ਨੂੰ ਰਾਇਲ ਜੈਲੀ ਕਹਿੰਦੇ ਹਨ। ਲਾਰਵਾ ਨੂੰ ਪਹਿਲੇ ਦੋ ਦਿਨ ਖਾਣ ਲਈ ਰਾਇਲ ਜੈਲੀ ਦਿੱਤੀ ਜਾਂਦੀ ਹੈ। ਰਾਣੀ ਮੱਖੀ ਵੀ ਰਾਇਲ ਜੈਲੀ ਹੀ ਖਾਂਦੀ ਹੈ ਜਦਕਿ ਬਾਕੀ ਕਾਮਾ-ਮੱਖੀਆਂ ਸ਼ਹਿਦ ਅਤੇ ਪ੍ਰਾਗ-ਕਣ ਖਾਂਦੀਆਂ ਹਨ। ਦੋ ਦਿਨ ਰਾਇਲ ਜੈਲੀ ਦੇਣ ਤੋਂ ਬਾਅਦ ਲਾਰਵਾ ਨੂੰ ਸਧਾਰਨ ਸ਼ਹਿਦ ਦਿੱਤਾ ਜਾਂਦਾ ਹੈ। ਕੁਝ ਦਿਨਾਂ ਵਿੱਚ ਇਹ ਆਕਾਰ ਵਧ ਜਾਂਦਾ ਹੈ। ਫਿਰ ਇਹ ਖਾਣਾ ਛੱਡ ਦਿੰਦੀ ਹੈ। ਇਸ ਦੇ ਸੈੱਲ ਨੂੰ ਉੱਪਰ ਤੋਂ ਸੀਲ ਕਰ ਦਿੱਤਾ ਜਾਂਦਾ ਹੈ। ਇਸ ਅਵਸਥਾ ਨੂੰ ਪਿਊਪਾ-ਅਵਸਥਾ ਕਹਿੰਦੇ ਹਨ ਅਤੇ ਅੰਦਰ ਵਾਲ਼ੀ ਸੁੰਡੀ ਨੂੰ ਪਿਊਪਾ। ਪਿਊਪਾ-ਅਵਸਥਾ ਵਿੱਚ ਸੁੰਡੀ ਦੇ ਸਰੀਰ ਵਿੱਚ ਹੈਰਾਨੀਜਨਕ ਤਬਦੀਲੀ ਹੁੰਦੀ ਹੈ ਅਤੇ ਇਹ ਸੁੰਡੀ ਤੋਂ ਸ਼ਹਿਦ ਦੀ ਮੱਖੀ ਦੇ ਰੂਪ ਵਿੱਚ ਪਰਿਵਰਤਿਤ ਹੋ ਜਾਂਦੀ ਹੈ। ਜਦੋਂ ਸੈੱਲ ਨੂੰ ਖੋਲ੍ਹਿਆ ਜਾਂਦਾ ਹੈ ਤਾਂ ਨਵੀਂ ਕਾਮਾ-ਮੱਖੀ ਬਾਹਰ ਆ ਜਾਂਦੀ ਹੈ। ਇਹ ਕਾਮਾ-ਮੱਖੀ ਅਜੇ ਆਕਾਰ ਵਿੱਚ ਬਾਕੀਆਂ ਨਾਲ਼ੋਂ ਥੋੜ੍ਹੀ ਛੋਟੀ ਹੁੰਦੀ ਹੈ। ਇਸ ਲਈ ਕੁਝ ਦਿਨ ਇਹ ਛੱਤੇ ਦੇ ਸੈੱਲਾਂ ਨੂੰ ਸਾਫ਼ ਕਰਨ ਅਤੇ ਲਾਰਵਾ ਨੂੰ ਭੋਜਨ ਖੁਆਉਣ ਦਾ ਕੰਮ ਕਰਦੀ ਹੈ। ਜੀਵਨ ਦੇ ਬਾਕੀ ਦਿਨਾਂ ਵਿੱਚ ਇਹ ਫੁੱਲਾਂ ਤੋਂ ਸ਼ਹਿਦ ਇਕੱਠਾ ਕਰਕੇ ਲਿਆਉਣ ਦਾ ਕੰਮ ਕਰਦੀ ਹੈ।

ਮੱਖੀਆਂ ਨੂੰ ਆਪਣੇ ਬਕਸੇ ਦੀ ਪਛਾਣ ਹੁੰਦੀ ਹੈ। ਇਹ ਆਪਣੇ ਬਕਸੇ ਵਿੱਚ ਹੀ ਵਾਪਸ ਆਉਂਦੀਆਂ ਹਨ। ਬਕਸੇ ਦੇ ਦੁਆਰ 'ਤੇ ਰਖਵਾਲੀ ਕਰਨ ਵਾਲ਼ੀਆਂ ਮੱਖੀਆਂ ਪਹਿਰਾ ਦਿੰਦੀਆਂ ਹਨ। ਉਹ ਬਾਹਰੀ ਮੱਖੀ ਨੂੰ ਅੰਦਰ ਆਉਣ ਤੋਂ ਰੋਕਦੀਆਂ ਹਨ ਪਰ ਜੇਕਰ ਕੋਈ ਬਾਹਰੀ ਮੱਖੀ ਸ਼ਹਿਦ ਲੈ ਕੇ ਆਵੇ ਤਾਂ ਉਸ ਨੂੰ ਆਉਣ ਦਿੰਦੀਆਂ ਹਨ।

ਅਕਸਰ ਕਮਜ਼ੋਰ ਛੱਤਿਆਂ ਉੱਤੇ ਬਾਹਰੀ ਮੱਖੀਆਂ ਹਮਲਾ ਕਰਕੇ ਉਹਨਾਂ ਦਾ ਸ਼ਹਿਦ ਚੂਸ ਲੈਂਦੀਆਂ ਹਨ। ਇਸ ਦੌਰਾਨ ਛੱਤੇ ਦੀਆਂ ਸਾਰੀਆਂ ਮੱਖੀਆਂ ਹਮਲਾਵਰ ਮੱਖੀਆਂ ਦਾ ਡਟ ਕੇ ਮੁਕਾਬਲਾ ਕਰਦੀਆਂ ਹਨ। ਇਹਨਾਂ ਹਮਲਿਆਂ ਵਿੱਚ ਮੱਖੀਆਂ ਦਾ ਬਹੁਤ ਜਾਨੀ ਨੁਕਸਾਨ ਹੁੰਦਾ ਹੈ। ਕਮਜ਼ੋਰ ਛੱਤੇ ਵਾਲ਼ੀਆਂ ਮੱਖੀਆਂ ਮਾਰੀਆਂ ਜਾਂਦੀਆਂ ਹਨ।

ਮੱਖੀਆਂ ਸ਼ਹਿਦ ਇਕੱਠਾ ਕਰਨ ਲਈ ਦੋ ਤੋਂ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਸ਼ਹਿਦ ਦੀ ਭਾਲ਼ ਕਰਦੀਆਂ ਹਨ ਅਤੇ ਛੱਤੇ ਵਿੱਚ ਵਾਪਸ ਆ ਕੇ ਬਾਕੀ ਕਾਮਾ-ਮੱਖੀਆਂ ਨੂੰ ਇਸ ਸਥਾਨ ਦੀ ਦੂਰੀ ਅਤੇ ਦਿਸ਼ਾ ਬਾਰੇ ਦੱਸਦੀਆਂ ਹਨ। ਅਜਿਹਾ ਕਰਨ ਲਈ ਉਹ ਛੱਤੇ ਉੱਪਰ ਆਠੇ ਦੇ ਆਕਾਰ ਵਿੱਚ ਘੁੰਮਦੀਆਂ ਹਨ। ਇਹ ਆਠੇ ਦਾ ਆਕਾਰ ਜਿੰਨਾ ਵੱਡਾ ਹੁੰਦਾ ਹੈ, ਫੁੱਲਾਂ ਦਾ ਸਥਾਨ ਓਨਾ ਹੀ ਦੂਰ ਹੁੰਦਾ ਹੈ।

ਮੱਖੀਆਂ ਦੇ ਮੂੰਹ ਦੇ ਅਲੱਗ-ਅਲੱਗ ਹਿੱਸੇ ਹੁੰਦੇ ਹਨ। ਅੰਦਰਲੇ ਹਿੱਸੇ ਵਿੱਚ ਜੀਭ ਇੱਕ ਪਾਈਪ ਵਰਗੀ ਹੁੰਦੀ ਹੈ। ਇਸ ਨਾਲ਼ ਇਹ ਫੁੱਲਾਂ ਵਿੱਚੋਂ ਰਸ ਚੂਸਦੀਆਂ ਹਨ; ਬਿਲਕੁਲ ਉਵੇਂ, ਜਿਵੇਂ ਅਸੀਂ ਕਿਸੇ ਪਾਈਪ ਦੁਆਰਾ ਬੋਤਲ ਵਿੱਚੋਂ ਜੂਸ ਜਾਂ ਸੋਢਾ ਆਦਿ ਪੀਂਦੇ ਹਾਂ। ਜਦੋਂ ਇਹ ਉਸ ਰਸ ਨੂੰ ਪਚਾਉਂਦੀਆਂ ਹਨ ਤਾਂ ਕਈ ਪ੍ਰਕਾਰ ਦੇ ਐਨਜ਼ਾਈਮ ਇਸ ਵਿੱਚ ਮਿਲ਼ ਜਾਂਦੇ ਹਨ। ਛੱਤੇ ਵਿੱਚ ਪਹੁੰਚ ਕੇ ਇਸ ਰਸ ਨੂੰ ਸੈੱਲਾਂ ਵਿੱਚ ਉਗਲ਼ ਦਿੱਤਾ ਜਾਂਦਾ ਹੈ। ਮੱਖੀਆਂ ਆਪਣੇ ਖੰਭਾਂ ਨੂੰ ਫੜਫੜਾ ਕੇ ਉਗਲ਼ੇ ਹੋਏ ਰਸ ਵਿੱਚੋਂ ਪਾਣੀ ਨੂੰ ਉਡਾਉਂਦੀਆਂ ਹਨ।

ਇਸ ਤਰ੍ਹਾਂ ਸ਼ਹਿਦ ਬਣ ਜਾਂਦਾ ਹੈ। ਸ਼ਹਿਦ ਵਿੱਚ ਪਾਣੀ, ਕਾਰਬੋਹਾਈਡ੍ਰੇਟਸ, ਪ੍ਰਾਗ-ਕਣ, ਐਨਜ਼ਾਈਮ ਆਦਿ ਹੁੰਦੇ ਹਨ। ਸ਼ਹਿਦ ਗਾੜ੍ਹਾ ਹੋਣ ਅਤੇ ਸੈੱਲ ਭਰ ਜਾਣ 'ਤੇ ਸੈੱਲਾਂ ਨੂੰ ਮੋਮ ਨਾਲ਼ ਬੰਦ ਕਰ ਦਿੱਤਾ ਜਾਂਦਾ ਹੈ।

ਬਸੰਤ ਰੁੱਤ ਅਤੇ ਫੁੱਲਾਂ ਦੇ ਮੌਸਮ ਵਿੱਚ ਸ਼ਹਿਦ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ। ਇਸ ਲਈ ਛੱਤਿਆਂ ਵਿੱਚ ਵੀ ਕਾਫ਼ੀ ਸ਼ਹਿਦ ਹੁੰਦਾ ਹੈ। ਉਦੋਂ ਰਾਣੀ ਮੱਖੀ ਵੀ ਵੱਧ ਆਂਡੇ ਦਿੰਦੀ ਹੈ ਜਿਸ ਕਾਰਨ ਮੱਖੀਆਂ ਦੀ ਸੰਖਿਆ ਕਾਫ਼ੀ ਵਧ ਜਾਂਦੀ ਹੈ। ਇਸ ਦੌਰਾਨ ਕੁਝ ਕਾਮਾ-ਮੱਖੀਆਂ ਆਕੀ ਹੋ ਕੇ ਨਵੀਂ ਰਾਣੀ ਮੱਖੀ ਤਿਆਰ ਕਰ ਲੈਂਦੀਆਂ ਹਨ। ਅਜਿਹਾ ਕਰਨ ਲਈ ਛੱਤੇ ਤੋਂ ਦੂਰ ਦੇ ਇਲਾਕੇ ਵਿੱਚ ਜਿੱਥੇ ਰਾਣੀ ਮੱਖੀ ਬਹੁਤ ਘੱਟ ਜਾਂਦੀ ਹੋਵੇ ਇੱਕ ਰਾਣੀ ਸੈੱਲ ਬਣਾਇਆ ਜਾਂਦਾ ਹੈ ਜੋ ਦੂਜੇ ਸੈੱਲਾਂ ਨਾਲੋਂ ਮਜ਼ਬੂਤ ਅਤੇ ਵੱਡਾ ਹੁੰਦਾ ਹੈ। ਇਸ ਵਿੱਚ ਆਂਡਾ ਲਿਆ ਕੇ ਰੱਖਿਆ ਜਾਂਦਾ ਹੈ ਅਤੇ ਆਂਡੇ ਵਿੱਚੋਂ ਨਿਕਲ਼ਨ ਵਾਲ਼ੇ ਲਾਰਵਾ ਨੂੰ ਰਾਇਲ ਜੈਲੀ ਦਿੱਤੀ ਜਾਂਦੀ ਹੈ। ਲਾਰਵਾ ਤੋਂ ਪਿਊਪਾ ਅਵਸਥਾ ਤੱਕ ਇਹ ਰਾਇਲ ਜੈਲੀ ਹੀ ਖਾਂਦਾ ਹੈ। ਰਾਇਲ ਜੈਲੀ ਖਾਣ ਕਾਰਨ ਇਹ ਆਕਾਰ ਵਿੱਚ ਵਧ ਜਾਂਦਾ ਹੈ ਅਤੇ ਪਿਊਪਾ ਅਵਸਥਾ ਤੋਂ ਬਾਅਦ ਇਹ ਰਾਣੀ-ਮੱਖੀ ਵਿੱਚ ਵਿਕਸਿਤ ਹੋ ਜਾਂਦਾ ਹੈ। ਮਖੱਟੂਆਂ ਦੇ ਮੂੰਹ ਵਿੱਚ ਚੂਸਣ ਵਾਲ਼ੇ ਅੰਗ ਨਹੀਂ ਹੁੰਦੇ। ਇਸ ਲਈ ਆਪਣੇ ਭੋਜਨ ਲਈ ਉਹ ਪੂਰੀ ਤਰ੍ਹਾਂ ਕਾਮਾ ਮੱਖੀਆਂ 'ਤੇ ਨਿਰਭਰ ਹੁੰਦੇ ਹਨ। ਕਾਮਾ-ਮੱਖੀਆਂ ਇਹਨਾਂ ਦੇ ਮੂੰਹ ਵਿੱਚ ਭੋਜਨ ਦਿੰਦੀਆਂ ਹਨ।

ਨਵੀਂ ਰਾਣੀ-ਮੱਖੀ ਕੁਝ ਦਿਨਾਂ ਬਾਅਦ ਆਪਣੇ ਨਾਲ਼ ਹੋਰ ਕਾਮਾ-ਮੱਖੀਆਂ ਲੈ ਕੇ ਉੱਡ ਜਾਂਦੀ ਹੈ ਅਤੇ ਨਵੀਂ ਜਗ੍ਹਾ 'ਤੇ ਨਵਾਂ ਛੱਤਾ ਤਿਆਰ ਕਰਦੀ ਹੈ।

## ਪਾਠ- ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(ੳ) ਕੀ ਸ਼ਹਿਦ ਦੀਆਂ ਮੱਖੀਆਂ ਰਲ਼-ਮਿਲ਼ ਕੇ ਇੱਕ ਪਰਿਵਾਰ ਵਾਂਗ ਰਹਿੰਦੀਆਂ ਹਨ?

(ਕ) ਹਾਂ ਜੀ (ਖ) ਨਹੀਂ ਜੀ

(ਗ) ਕਦੇ-ਕਦੇ

(ਅ) ਇੱਕ ਕਲੋਨੀ ਵਿੱਚ ਸ਼ਹਿਦ ਦੀਆਂ ਮੱਖੀਆਂ ਦੀ ਲਗ-ਪਗ ਕਿੰਨੀ ਗਿਣਤੀ ਹੁੰਦੀ ਹੈ?

(ਕ) ਇੱਕ ਹਜ਼ਾਰ (ਖ) ਦੋ ਹਜ਼ਾਰ

(ਗ) ਕਈ ਹਜ਼ਾਰ

(ੲ) ਕਾਮਾ-ਮੱਖੀ ਦੀ ਕਿੰਨੀ ਉਮਰ ਹੁੰਦੀ ਹੈ?

(ਕ) 25 ਦਿਨ (ਖ) 30 ਦਿਨ

(ਗ) ਦੋ ਤੋਂ ਤਿੰਨ ਮਹੀਨੇ

(ਸ) ਰਾਣੀ ਮੱਖੀ ਇੱਕ ਦਿਨ ਵਿੱਚ ਲਗ-ਪਗ ਕਿੰਨੇ ਆਂਡੇ ਦੇ ਸਕਦੀ ਹੈ?

(ਕ) ਲਗ-ਪਗ 100 (ਖ) 1000

(ਗ) 3000

(ਸ) ਸ਼ਹਿਦ ਦੀਆਂ ਪਾਲਤੂ ਮੱਖੀਆਂ ਦਾ ਠੀਕ ਨਾਂ ਕਿਹੜਾ ਹੈ?

(ਕ) ਇਟਾਲੀਅਨ ਮੱਖੀ (ਖ) ਲੱਡ-ਮੱਖੀ ਜਾਂ ਪਹਾੜੀ ਮੱਖੀ

(ਗ) ਡੂੰਮਣਾ

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਵਪਾਰਿਕ ਤੌਰ 'ਤੇ ਪਾਲ਼ੀਆਂ ਜਾਣ ਵਾਲ਼ੀਆਂ ਮੱਖੀਆਂ ਦਾ ਕੀ ਨਾਂ ਹੈ?

(ਅ) ਸ਼ਹਿਦ ਦੀਆਂ ਮੱਖੀਆਂ ਦੀਆਂ ਹੋਰ ਕਿਹੜੀਆਂ ਕਿਸਮਾਂ ਹਨ?

(ੲ) ਲਾਰਵਾ ਨੂੰ ਪਿਊਪਾ ਬਣਨ ਦੀ ਅਵਸਥਾ ਤੱਕ ਕੀ ਖਾਣ ਨੂੰ ਦਿੱਤਾ ਜਾਂਦਾ ਹੈ?

(ਸ) ਕਾਮਾ-ਮੱਖੀ ਕੀ ਕੰਮ ਕਰਦੀ ਹੈ?

(ਹ) ਸ਼ਹਿਦ ਵਿੱਚ ਕੀ-ਕੀ ਹੁੰਦਾ ਹੈ?

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਕਾਮਾ-ਮੱਖੀਆਂ ਸ਼ਹਿਦ ਬਣਾਉਣ ਲਈ ਫੁੱਲਾਂ ਦੇ ਰਸ ਵਿੱਚ ਕੀ ਮਿਲ਼ਾਉਂਦੀਆਂ ਹਨ?

(ਅ) ਸ਼ਹਿਦ ਦੀਆਂ ਮੱਖੀਆਂ ਦਾ ਜੀਵਨ-ਚੱਕਰ ਕਿਹੋ-ਜਿਹਾ ਹੁੰਦਾ ਹੈ?

(ੲ) ਰਾਣੀ-ਮੱਖੀ ਦਾ ਭੋਜਨ ਕੀ ਹੈ?

(ਸ) ਸ਼ਹਿਦ ਦੀਆਂ ਮੱਖੀਆਂ ਬਾਹਰਲੀਆਂ ਹਮਲਾਵਰ ਮੱਖੀਆਂ ਤੋਂ ਆਪਣੀ ਕਲੋਨੀ ਅਤੇ ਸ਼ਹਿਦ ਦਾ ਬਚਾਅ ਕਿਵੇਂ ਕਰਦੀਆਂ ਹਨ?

(ਹ) ਕਿਹੜੀ ਰੁੱਤ ਵਿੱਚ ਸ਼ਹਿਦ ਕਾਫ਼ੀ ਮਾਤਰਾ ਵਿੱਚ ਹੁੰਦਾ ਹੈ?

## 4. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :

(ਪਛਾਣ, ਰਲ਼-ਮਿਲ਼ ਕੇ, ਰਾਇਲ ਜੈਲੀ, ਕਾਮਾ-ਮੱਖੀਆਂ, ਪਹਾੜੀ ਮੱਖੀ, ਆਰਥਰੋਪੋਡਾ)

(ੳ) ਸ਼ਹਿਦ ਦੀਆਂ ਮੱਖੀਆਂ ਇੱਕ ਪਰਿਵਾਰ ਵਾਂਗ ________ ਰਹਿੰਦੀਆਂ ਹਨ?

(ਅ) ________ ਵੀ ਸ਼ਹਿਦ ਦੀਆਂ ਮੱਖੀਆਂ ਦੀ ਇੱਕ ਕਿਸਮ ਹੈ?

(ੲ) ਮੱਖੀਆਂ ਜੀਵ-ਜਗਤ ਦੇ ________ ਜੀਵ-ਵਰਗ ਨਾਲ਼ ਸਬੰਧ ਰੱਖਦੀਆਂ ਹਨ।

(ਸ) ਲਾਰਵਾ ਨੂੰ ਪਹਿਲੇ ਦੋ ਦਿਨ ________ ਖਾਣ ਨੂੰ ਦਿੱਤੀ ਜਾਂਦੀ ਹੈ?

(ਹ) ਮੱਖੀਆਂ ਨੂੰ ਆਪਣੇ ਬਕਸੇ ਦੀ ________ ਹੁੰਦੀ ਹੈ।

(ਕ) ਨਵੀਂ ਰਾਣੀ ਮੱਖੀ ਕੁਝ ਦਿਨਾਂ ਬਾਅਦ ਆਪਣੇ ਨਾਲ਼ ਹੋਰ ________ ਲੈ ਕੇ ਉੱਡ ਜਾਂਦੀ ਹੈ।

5. **ਵਾਕਾਂ ਵਿੱਚ ਵਰਤੋ :**

ਆਕਾਰ – ਮਖੀਲ ਦੀ ਮੱਖੀ ਆਕਾਰ ਵਿੱਚ ਬਾਕੀ ਕਿਸਮਾਂ ਦੀਆਂ ਮੱਖੀਆਂ ਤੋਂ ਛੋਟੀ ਹੁੰਦੀ ਹੈ।

ਜੀਵ-ਜਗਤ –

ਕਮਜ਼ੋਰ –

ਹਮਲਾਵਰ –

ਮੌਸਮ –

ਅਵਸਥਾ –

6. **ਹੇਠ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਸ਼ਬਦ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਪਰਿਵਾਰ | परिवार | Family |
| ਸ਼ਹਿਦ | ________ | ________ |
| ਆਂਡੇ | ________ | ________ |
| ਫੁੱਲ | ________ | ________ |
| ਅੰਗ | ________ | ________ |
| ਸਥਾਨ | ________ | ________ |

5. **ਸ਼ੁੱਧ ਕਰਕੇ ਲਿਖੋ :**

**ਅਸ਼ੁੱਧ** – **ਸ਼ੁੱਧ**

ਸ਼ੈਹਦ –

ਰੱਖਵਾਲੀ –

ਹਰਾਨੀਜਨਕ –

ਪੈਹਰਾ –

ਗਾੜਾ

ਪਾਇਪ

8. **ਵਿਰੋਧੀ ਸ਼ਬਦ ਲਿਖੋ :**

**ਸ਼ਬਦ** – **ਵਿਰੋਧੀ ਸ਼ਬਦ**

ਉੱਚਾ – ਨੀਵਾਂ

ਪੱਕਾ –

ਬਾਹਰ –

ਸਧਾਰਨ –

ਕਮਜ਼ੋਰ –

ਨੁਕਸਾਨ –

9. **ਅਧਿਆਪਕ ਲਈ:**

ਅਧਿਆਪਕ ਵਿਦਿਆਰਥੀਆਂ ਨੂੰ ਸ਼ਹਿਦ ਦੀਆਂ ਮੱਖੀਆਂ ਬਾਰੇ ਹੋਰ ਜਾਣਕਾਰੀ ਦੇਵੇਗਾ।

ਪਾਠ - 12

# ਸ਼ਹੀਦ ਰਾਜਗੁਰੂ

ਸ਼ਹੀਦ ਰਾਜਗੁਰੂ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਦੇ ਸਾਥੀ ਸਨ। ਇਹਨਾਂ ਤਿੰਨਾਂ ਕ੍ਰਾਂਤੀਕਾਰੀਆਂ ਨੇ ਇੱਕੋ ਸਮੇਂ ਇੱਕੋ ਤਖ਼ਤੇ 'ਤੇ ਖੜ੍ਹ ਕੇ ਫਾਂਸੀ ਦਾ ਰੱਸਾ ਚੁੰਮਿਆ ਸੀ।

ਸ਼ਹੀਦ ਰਾਜਗੁਰੂ ਦਾ ਜਨਮ 24 ਅਗਸਤ, 1908 ਨੂੰ ਪਿੰਡ ਖੇੜਾ (ਮਹਾਂਰਾਸ਼ਟਰ) ਵਿੱਚ ਹੋਇਆ। ਰਾਜਗੁਰੂ ਦਾ ਪੂਰਾ ਨਾਂ ਸ਼ਿਵ ਰਾਮ ਰਾਜਗੁਰੂ ਸੀ। ਰਾਜਗੁਰੂ ਦੇ ਪਿਤਾ ਹਰੀ ਨਾਰਾਇਣ ਰਾਜਗੁਰੂ ਪੂਨਾ ਦੇ ਨੇੜੇ ਪਿੰਡ ਚਾਕਨ ਦੇ ਵਾਸੀ ਸਨ। ਜੀਵਨ-ਨਿਰਬਾਹ ਲਈ ਕੰਮ ਦੀ ਤਲਾਸ਼ ਵਿੱਚ ਉਹ ਪੂਨਾ ਦੇ ਕੋਲ਼ ਹੀ ਇੱਕ ਪਿੰਡ ਖੇੜਾ ਵਿੱਚ ਵੱਸ ਗਏ। ਰਾਜਗੁਰੂ ਛੇ ਸਾਲ ਦੇ ਸਨ ਜਦੋਂ ਉਹਨਾਂ ਦੇ ਪਿਤਾ ਸੁਰਗਵਾਸ ਹੋ ਗਏ। ਉਹਨਾਂ ਨੂੰ ਵੱਡੇ ਭਰਾ ਦਿਨਕਰ ਹਰੀ ਰਾਜਗੁਰੂ ਨੇ ਪਾਲ਼ਿਆ। ਰਾਜਗੁਰੂ ਨੂੰ ਇੱਕ ਮਰਾਠੀ ਸਕੂਲ ਵਿੱਚ ਪੜ੍ਹਨ ਪਾਇਆ ਗਿਆ ਪਰ ਉਸ ਦਾ ਮਨ ਪੜ੍ਹਾਈ ਵਿੱਚ ਨਹੀਂ ਲੱਗਦਾ ਸੀ। ਉਹ ਖੇਡ ਕੇ ਸਮਾਂ ਬਿਤਾਉਂਦੇ ਸਨ। ਵੱਡਾ ਭਰਾ ਦਿਨਕਰ ਨੌਕਰੀ ਕਰਦਾ ਸੀ। ਉਹ ਰਾਜਗੁਰੂ ਨੂੰ ਪੜ੍ਹਨ ਲਈ ਪ੍ਰੇਰਦਾ ਰਹਿੰਦਾ ਪਰ ਰਾਜਗੁਰੂ ਦੀ ਪੜ੍ਹਾਈ ਵਿੱਚ ਬਿਲਕੁਲ ਰੁਚੀ ਨਹੀਂ ਸੀ । ਇਸ ਕਾਰਨ ਇੱਕ ਦਿਨ ਵੱਡੇ ਭਰਾ ਨੇ ਰਾਜਗੁਰੂ ਨੂੰ ਪੜ੍ਹਾਈ 'ਚ ਮਨ ਲਾਉਣ ਲਈ ਜ਼ੋਰ ਪਾਇਆ। ਰਾਜਗੁਰੂ ਨੂੰ ਖੇਡ ਤੋਂ ਬਿਨਾਂ ਕੋਈ ਹੋਰ ਗੱਲ ਨਹੀਂ ਭਾਉਂਦੀ ਸੀ। ਇਸ ਕਾਰਨ ਉਹ ਵੱਡੇ ਭਰਾ ਨਾਲ਼ ਨਰਾਜ਼ ਹੋ ਗਏ।

1924 ਈ: ਦੀ ਗੱਲ ਹੈ। ਇੱਕ ਦਿਨ ਰਾਜਗੁਰੂ ਵੱਡੇ ਭਰਾ ਨੂੰ ਦੱਸਣ ਤੋਂ ਬਿਨਾਂ ਹੀ ਘਰ ਤੋਂ ਨਿਕਲ਼ ਤੁਰੇ। ਉਸ ਸਮੇਂ ਉਸ ਕੋਲ਼ ਸਿਰਫ਼ ਨੌਂ ਪੈਸੇ ਸਨ। ਉਹ ਨਾਸਿਕ, ਕਾਨਪੁਰ ਘੁੰਮਦੇ-ਘੁੰਮਦੇ ਭੁੱਖੇ-ਤਿਹਾਏ ਪੰਦਰ੍ਹਾਂ ਦਿਨਾਂ ਵਿੱਚ ਕਾਂਸ਼ੀ ਪਹੁੰਚ ਗਏ। ਕੁਝ ਦਿਨ ਉਹਨਾਂ ਨੇ ਅਹਿਲਿਆ ਘਾਟ 'ਤੇ ਕੱਟੇ। ਫਿਰ ਇੱਕ ਸੰਸਕ੍ਰਿਤ-ਸਕੂਲ ਵਿੱਚ ਦਾਖ਼ਲ ਹੋ ਗਏ। ਸਕੂਲ ਵਿੱਚ ਦਾਖ਼ਲਾ ਲੈ ਕੇ ਰਾਜਗੁਰੂ ਨੇ ਵੱਡੇ ਭਰਾ ਨੂੰ ਇਸ ਬਾਰੇ ਖ਼ਤ ਲਿਖ ਦਿੱਤਾ। ਭਰਾ ਨੇ ਰਾਜਗੁਰੂ ਨੂੰ ਫ਼ੀਸ ਲਈ ਪੰਜ ਰੁਪਏ ਮਹੀਨਾ ਭੇਜਣੇ ਸ਼ੁਰੂ ਕਰ ਦਿੱਤੇ। ਪੜ੍ਹਾਈ ਤੇ ਰਹਾਇਸ਼ ਦੇ ਖ਼ਰਚੇ ਲਈ ਪੰਜ ਰੁਪਏ ਘੱਟ ਸਨ। ਸੰਸਕ੍ਰਿਤ ਦੇ ਅਧਿਆਪਕ ਨੇ ਰਾਜਗੁਰੂ ਨੂੰ ਆਪਣੇ ਕੋਲ਼ ਰੱਖ ਲਿਆ। ਇਸ ਬਦਲੇ ਰਾਜਗੁਰੂ ਆਪਣੇ ਅਧਿਆਪਕ ਦਾ ਖਾਣਾ ਬਣਾਉਣ ਦੇ ਨਾਲ਼-ਨਾਲ਼ ਕਈ ਹੋਰ ਘਰੇਲੂ ਕੰਮ ਵੀ ਕਰਦੇ ਸਨ। ਸੰਸਕ੍ਰਿਤ-ਅਧਿਆਪਕ ਉਸ ਨੂੰ ਪੜ੍ਹਾਉਂਦਾ ਘੱਟ ਤੇ ਘਰੇਲੂ ਕੰਮ ਜ਼ਿਆਦਾ ਕਰਵਾਉਂਦਾ ਸੀ। ਹੁਣ ਰਾਜਗੁਰੂ ਨੂੰ ਵਿੱਦਿਆ ਦਾ ਮਹੱਤਵ ਪਤਾ ਲੱਗ ਗਿਆ ਸੀ ਇਸ ਲਈ ਉਹ ਪੜ੍ਹਨਾ ਚਾਹੁੰਦੇ ਸਨ। ਅਧਿਆਪਕ ਦੇ ਘਰੇਲੂ ਕੰਮ-ਕਾਜ ਕਾਰਨ ਉਹਨਾਂ ਦਾ ਵਿੱਦਿਆ ਪੜ੍ਹਨ ਦਾ ਸੁਪਨਾ ਟੁੱਟਦਾ ਜਾ ਰਿਹਾ ਸੀ। ਆਖ਼ਰ ਇੱਕ ਦਿਨ ਸੰਸਕ੍ਰਿਤ-ਅਧਿਆਪਕ ਤੋਂ ਤੰਗ ਆਏ ਰਾਜਗੁਰੂ ਨੇ ਪੜ੍ਹਾਈ ਛੱਡ ਕੇ ਨਵੇਂ ਜੀਵਨ ਦੀ ਤਲਾਸ਼ ਸ਼ੁਰੂ ਕਰ ਦਿੱਤੀ।

ਕੁਝ ਦਿਨ ਇੱਧਰ-ਉੱਧਰ ਭਟਕਣ ਤੋਂ ਬਾਅਦ ਰਾਜਗੁਰੂ ਨੂੰ ਬਨਾਰਸ ਦੇ ਮਿਊਂਸਿਪਲ ਸਕੂਲ ਵਿੱਚ ਡ੍ਰਿਲ-ਮਾਸਟਰ ਦੀ ਨੌਕਰੀ ਮਿਲ਼ ਗਈ। ਸਕੂਲ ਵਿੱਚ ਉਹ ਬੱਚਿਆਂ ਨੂੰ ਖੇਡਾਂ ਕਰਵਾਉਂਦੇ। ਆਥਣ-ਸਵੇਰ ਉਹ ਘੋਲ਼-ਅਖਾੜੇ ਵਿੱਚ ਜਾਂਦੇ। ਇੱਥੇ ਬੱਚਿਆਂ ਦੀ ਸੰਗਤ ਵਿੱਚ ਉਹ ਚੰਗਾ ਰਚ-ਮਿਚ ਗਏ ਸਨ। ਘੋਲ-ਅਖਾੜੇ ਵਿੱਚ ਹੀ ਉਹਨਾਂ ਦਾ ਮੇਲ਼ ਮੁਨੀਸ਼ਵਰ ਅਵਸਥੀ ਨਾਲ਼ ਹੋਇਆ। ਅਵਸਥੀ ਨੇ ਹੀ ਰਾਜਗੁਰੂ ਨੂੰ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਬਣਾਇਆ। ਹੁਣ ਉਹਨਾਂ ਨੂੰ ਇੱਕ ਰਸਤਾ ਮਿਲ਼ ਗਿਆ। ਖ਼ੁਸ਼ੀ-ਖ਼ੁਸ਼ੀ ਬੱਚਿਆਂ ਨੂੰ ਨਕਲੀ ਰਫ਼ਲਾਂ ਨਾਲ਼ ਨਿਸ਼ਾਨੇ ਲਾਉਣਾ ਸਿਖਾਉਂਦਿਆਂ ਰਾਜਗੁਰੂ ਨੇ ਅਜ਼ਾਦੀ ਦਾ ਸੁਫਨਾ ਦੇਖਿਆ।

ਕ੍ਰਾਂਤੀਕਾਰੀ ਸ਼ਿਵ ਵਰਮਾ 'ਸ਼ਹੀਦਾਂ ਦੇ ਅੰਗ-ਸੰਗ' ਪੁਸਤਕ ਵਿੱਚ ਲਿਖਦੇ ਹਨ, "ਜਦੋਂ ਮੈਂ ਪਹਿਲੀ ਵਾਰ ਰਾਜਗੁਰੂ ਨੂੰ ਮਿਲ਼ਨ ਗਿਆ, ਮੈਂ ਸੋਚਦਾ ਸਾਂ ਕਿ ਉਹ ਇੱਕ ਲੰਮਾ-ਚੌੜਾ ਫ਼ੌਜੀ ਜਵਾਨ ਹੋਵੇਗਾ। ਉਸ ਦਿਨ ਮੈਂ ਸਕੂਲ ਦੀ ਇੱਕ ਕੋਠੜੀ ਵਿੱਚ ਨਕਲੀ ਰਫ਼ਲਾਂ ਤੇ ਲਾਠੀਆਂ ਗਿਣ ਰਹੇ ਇੱਕ ਆਦਮੀ ਨੂੰ ਜਾ ਕੇ ਪੁੱਛਿਆ, 'ਰਾਜਗੁਰੂ ਨੂੰ ਮਿਲ਼ਨਾ ਹੈ।' 'ਮੈਂ ਹੀ ਰਾਜਗੁਰੂ ਹਾਂ, ਬੋਲੋ ਕੀ ਕੰਮ ਹੈ?' ਉਸ ਨੇ ਬੜਾ ਰੁੱਖਾ ਜਵਾਬ ਦਿੱਤਾ। ਮੈਨੂੰ ਉਸ ਦੇ ਚਿਹਰੇ ਉੱਤੇ ਖ਼ੁਸ਼ੀ ਦਾ ਕੋਈ ਚਿੰਨ੍ਹ ਪ੍ਰਗਟ ਹੁੰਦਾ ਨਾ ਦਿਸਿਆ। ਮੈਂ ਦੇਖਿਆ, ਉਸ ਦਾ ਕਾਲ਼ਾ ਰੰਗ, ਬੇਡੌਲ ਚਿਹਰਾ। ਗੱਲ੍ਹਾਂ ਦੇ ਉੱਪਰਲੀਆਂ ਹੱਡੀਆਂ ਉੱਭਰੀਆਂ ਹੋਈਆਂ ਤੇ ਮੂੰਹ ਪਿਚਕਿਆ ਹੋਇਆ ਸੀ। ਉਸ ਨੂੰ ਦੇਖ ਕੇ ਮੈਂ ਝੁੰਜਲ਼ਾ ਗਿਆ ਤੇ ਬੋਲਿਆ, 'ਤੁਹਾਡੇ ਨਾਲ਼ ਖ਼ਾਸ ਕੰਮ ਹੈ।' ਉਹ ਝੱਟ-ਪੱਟ ਕੰਮ ਤੋਂ ਵਿਹਲਾ ਹੋ ਗਿਆ। ਕੋਠੜੀ ਨੂੰ ਜਿੰਦਰਾ ਲਾਇਆ। ਅਸੀਂ ਦੋਵੇਂ ਨਵੇਕਲ਼ੀ ਥਾਂ ਇੱਕ ਝੀਲ ਦੇ ਕਿਨਾਰੇ ਜਾ ਬੈਠੇ। ਉਹ ਬਿਲਕੁਲ ਚੁੱਪ ਸੀ। ਇਕਾਂਤ ਵਿੱਚ ਮੈਂ ਬਹੁਤ ਠਰ੍ਹੰਮੇ ਨਾਲ਼ ਉਸ ਨੂੰ ਆਪਣੇ ਆਉਣ ਦਾ ਮੰਤਵ ਦੱਸਿਆ। ਮੇਰੀ ਗੱਲ ਸੁਣ ਕੇ ਉਸ ਦਾ ਚਿਹਰਾ ਭਖਣ ਲੱਗਾ। ਸਹਿਜ-ਸੁਭਾਅ ਉਸ ਦੇ ਚਿਹਰੇ 'ਤੇ ਖ਼ੁਸ਼ੀ ਦੀ ਲਹਿਰ ਦੌੜ ਗਈ। ਉਹ ਮੁਸਕਰਾਇਆ ਤੇ ਬੋਲਿਆ, 'ਪਾਰਟੀ ਨੇ ਮੈਨੂੰ ਕਿਸੇ ਯੋਗ ਤਾਂ ਸਮਝਿਆ!'

ਰਾਜਗੁਰੂ ਖ਼ੁਸ਼ ਸੀ। ਉਹ ਕ੍ਰਾਂਤੀਕਾਰੀਆਂ ਨਾਲ਼ ਕੰਮ ਕਰਨਾ ਚਾਹੁੰਦਾ ਸੀ। ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਇੱਕ ਹਫ਼ਤੇ ਬਾਅਦ ਹੀ ਉਹ ਸ਼ਿਵ ਵਰਮਾ ਕੋਲ਼ ਕਾਨਪੁਰ ਪਹੁੰਚ ਗਿਆ। ਉੱਥੋਂ ਉਹ ਦੋਵੇਂ ਦਿੱਲੀ ਚਲੇ ਗਏ। ਦਿੱਲੀ ਉਹਨਾਂ ਇੱਕ ਸਰਾਂ 'ਚ ਟਿਕਾਣਾ ਕੀਤਾ। ਉਸ ਬੰਦੇ ਦਾ ਖੁਰਾ-ਖੋਜ ਲੱਭ ਲਿਆ ਜਿਸ ਨੂੰ ਉਹਨਾਂ ਨੇ ਨਿਸ਼ਾਨਾ ਬਣਾਉਣਾ ਸੀ। ਉਹਨਾਂ ਸਥਿਤੀ ਦਾ ਜਾਇਜ਼ਾ ਲਿਆ ਤੇ ਫ਼ੈਸਲਾ ਹੋਇਆ ਕਿ ਇੱਕ ਹਥਿਆਰ ਨਾਲ ਕੰਮ ਨਹੀਂ ਚੱਲਣਾ। ਰਾਜਗੁਰੂ ਨੂੰ ਦਿੱਲੀ ਛੱਡ ਕੇ ਸ਼ਿਵ ਵਰਮਾ ਹਥਿਆਰ ਲੈਣ ਲਾਹੌਰ ਚਲਾ ਗਿਆ। ਤੀਸਰੇ ਦਿਨ ਸ਼ਿਵ ਵਰਮਾ ਲਾਹੌਰ ਤੋਂ ਦਿੱਲੀ ਵਾਪਸ ਆਇਆ। ਸ਼ਾਮ ਦੇ ਸਾਢੇ ਸੱਤ ਵੱਜੇ ਸਨ। ਇਹ ਸਮਾਂ ਉਹਨਾਂ ਦੇ ਐਕਸ਼ਨ ਦਾ ਸੀ। ਸ਼ਿਵ ਵਰਮਾ ਨੇ ਸੋਚਿਆ ਕਿ ਰਾਜਗੁਰੂ ਮੌਕੇ 'ਤੇ ਪਹੁੰਚ ਗਿਆ ਹੋਵੇਗਾ। ਉਹ ਮਿਥੇ ਹੋਏ ਟਿਕਾਣੇ ਵੱਲ ਤੁਰ ਪਿਆ। ਜਦੋਂ ਸ਼ਿਵ ਵਰਮਾ ਟਿਕਾਣੇ ਦੇ ਨੇੜੇ ਪਹੁੰਚਿਆ ਤਾਂ ਉੱਥੇ ਪੁਲਿਸ ਦੇ ਮੋਟਰ-ਸਾਈਕਲ ਤੇ ਕਾਰਾਂ ਘੁੰਮ ਰਹੀਆਂ ਸਨ। ਸ਼ਿਵ ਵਰਮਾ ਪੁਲਿਸ ਤੋਂ ਬਚ ਕੇ ਆਪਣੇ ਟਿਕਾਣੇ 'ਤੇ ਦਿੱਲੀ ਵਾਪਸ ਪਰਤ ਆਇਆ। ਉਸ ਰਾਤ ਉਸ ਦਾ ਰਾਜਗੁਰੂ ਨਾਲ਼ ਮੇਲ਼ ਨਾ ਹੋਇਆ। ਦੂਜੇ ਦਿਨ ਸ਼ਿਵ ਵਰਮਾ ਨੇ ਅਖ਼ਬਾਰ ਪੜ੍ਹਿਆ। ਇਸ ਅਖ਼ਬਾਰ ਵਿੱਚ ਉਹਨਾਂ ਵੱਲੋਂ ਮਿਥੀ ਜਗ੍ਹਾ 'ਤੇ ਕਤਲ ਦੀ ਵਾਰਦਾਤ ਦੀ ਖ਼ਬਰ ਛਪੀ ਹੋਈ ਸੀ। ਮੌਕਾ ਵਾਚ ਕੇ ਸ਼ਿਵ ਵਰਮਾ ਆਗਰਾ ਹੁੰਦਾ ਹੋਇਆ ਕਾਨਪੁਰ ਵਾਪਸ ਪਹੁੰਚ ਗਿਆ। ਦੂਜੇ ਦਿਨ ਸ਼ਾਮ ਨੂੰ ਰਾਜਗੁਰੂ ਵੀ ਕਾਨਪੁਰ ਪਹੁੰਚ ਗਿਆ। ਉਸ ਨੂੰ ਨਹੀਂ ਪਤਾ ਸੀ ਕਿ ਉਹ ਕਾਹਲ਼ੀ ਵਿੱਚ ਕਿਸੇ ਹੋਰ ਵਿਅਕਤੀ ਨੂੰ ਹੀ ਮਾਰ ਆਇਆ ਸੀ।

ਰਾਜਗੁਰੂ ਵਿੱਚ ਅਥਾਹ ਜਜ਼ਬਾ ਸੀ ਉਹ ਕ੍ਰਾਂਤੀਕਾਰੀ ਦਲ ਵੱਲੋਂ ਮਿਲੇ ਕੰਮਾਂ ਨੂੰ ਇਕੱਲਾ ਹੀ ਤੋੜ ਚੜ੍ਹਾਉਣਾ ਚਾਹੁੰਦਾ ਸੀ। ਰਾਜਗੁਰੂ ਪੜ੍ਹਿਆ ਨਹੀਂ ਸੀ। ਉਹ ਅਨੇਕਾਂ ਠੋਕਰਾਂ ਖਾ ਕੇ ਸਮਾਜ ਲਈ ਨਵੀਂ ਆਸ਼ਾ ਦਾ ਦੀਪ ਜਗਾਉਣ ਦੇ ਰਾਹ ਤੁਰਿਆ ਸੀ। ਇਸ ਲਈ ਉਹ ਹਰ 'ਐਕਸ਼ਨ' ਇਕੱਲਾ ਹੀ ਕਰਨਾ ਚਾਹੁੰਦਾ ਸੀ। ਦਿੱਲੀ ਵਾਲ਼ਾ ਐਕਸ਼ਨ ਕਰਕੇ ਉਹ ਮਥਰਾ ਵੱਲ ਨੂੰ ਰੇਲਵੇ ਲਾਈਨ ਪੈ ਗਿਆ ਤੇ ਪੁਲਿਸ-ਘੇਰੇ ਵਿੱਚ ਆ ਗਿਆ। ਪੁਲਿਸ ਦੀਆਂ ਗੋਲ਼ੀਆਂ ਤੇ ਸਰਚ-ਲਾਈਟਾਂ ਤੋਂ ਬਚਣ ਲਈ ਉਹ ਸਾਰੀ ਰਾਤ ਇੱਕ ਪਾਣੀ ਨਾਲ਼ ਭਰੇ ਹੋਏ ਖੇਤ ਵਿੱਚ ਪਿਆ ਰਿਹਾ। ਸ਼ਿਵ ਵਰਮਾ, ਰਾਜਗੁਰੂ ਦੇ ਅੰਦਰ ਭਰੇ ਪਏ ਮਾਨਵਤਾ ਦੇ ਦਰਦ ਬਾਰੇ ਲਿਖਦੇ ਹਨ ਕਿ ਜਦੋਂ ਉਸ ਨੂੰ ਪਤਾ ਲੱਗਿਆ ਕਿ ਅਸਲ ਵਿਅਕਤੀ ਦੀ ਥਾਂ ਕੋਈ ਹੋਰ ਵਿਅਕਤੀ ਮਾਰਿਆ ਗਿਆ ਹੈ ਤਾਂ ਉਸ ਨੇ ਕਿਹਾ ਕਿ ਜਲਦਬਾਜ਼ੀ ਕਾਰਨ ਕੀਤੀ ਗ਼ਲਤੀ ਲਈ ਉਹ ਪਾਰਟੀ ਦਾ ਅਪਰਾਧੀ ਹੈ। ਉਸ ਰਾਤ ਉਹ ਹੁਬਕੀਂ-ਹੁਬਕੀਂ ਰੋਂਦਾ ਰਿਹਾ। ਕਿਸੇ ਅਣਭੋਲ ਵਿਅਕਤੀ ਨੂੰ ਨਿਸ਼ਾਨਾ ਬਣਾਏ ਜਾਣ ਕਾਰਨ ਉਹ ਕਈ ਦਿਨ ਉਦਾਸ ਰਿਹਾ।

ਭਗਤ ਸਿੰਘ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ ਪ੍ਰੋਗ੍ਰਾਮ ਉਲੀਕਿਆ ਗਿਆ। ਰਾਜਗੁਰੂ ਜ਼ਿਦ ਕਰਨ ਲੱਗਿਆ ਕਿ ਐਕਸ਼ਨ ਲਈ ਭਗਤ ਸਿੰਘ ਦੇ ਨਾਲ਼ ਉਸ ਨੂੰ ਵੀ ਜ਼ਰੂਰ ਭੇਜਿਆ ਜਾਵੇ। ਉਸ ਨੇ ਐਕਸ਼ਨ ਵਿੱਚ ਸ਼ਾਮਲ ਹੋਣ ਲਈ ਚੰਦਰ ਸ਼ੇਖਰ ਆਜ਼ਾਦ ਨੂੰ ਝਾਂਸੀ ਜਾ ਕੇ ਬੇਨਤੀ ਕੀਤੀ। ਆਜ਼ਾਦ ਨੇ ਰਾਜਗੁਰੂ ਨੂੰ ਸਮਝਾਇਆ ਕਿ ਭਗਤ ਸਿੰਘ ਤੇ ਬੀ. ਕੇ. ਦੱਤ ਨੇ ਪਾਰਲੀਮੈਂਟ ਹਾਊਸ, ਦਿੱਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਗਰਿਫ਼ਤਾਰ ਹੋ ਕੇ ਅਦਾਲਤ ਨੂੰ ਪਾਰਟੀ ਦੇ ਪ੍ਰਚਾਰ ਲਈ ਮੰਚ ਬਣਾਉਣਾ ਹੈ। ਉਸ ਨੂੰ ਅੰਗਰੇਜ਼ੀ ਨਾ ਆਉਂਦੀ ਹੋਣ ਕਾਰਨ ਉਹ ਪਾਰਟੀ ਦੇ ਮੰਤਵ ਲੋਕਾਂ ਅੱਗੇ ਨਹੀਂ ਰੱਖ ਸਕੇਗਾ। ਇਸ ਲਈ ਉਸ ਨੂੰ ਇਸ ਐਕਸ਼ਨ ਵਿੱਚ ਸ਼ਾਮਲ ਨਹੀਂ ਕੀਤਾ ਜਾ ਰਿਹਾ।

ਰਾਜਗੁਰੂ ਦੀ ਅਸੈਂਬਲੀ ਬੰਬ-ਕਾਂਡ ਵਿੱਚ ਸ਼ਾਮਲ ਹੋਣ ਦੀ ਇੱਛਾ ਪੂਰੀ ਨਾ ਹੋਈ। ਉਹ ਪੂਨੇ ਚਲਾ ਗਿਆ। ਪੂਨੇ ਜਾ ਕੇ ਉਹ ਆਪਣੇ ਇੱਕ ਮਿੱਤਰ ਸਾਵਰਗਾਓਂਕਰ ਨਾਲ਼ ਰਹਿਣ ਲੱਗ ਪਿਆ। ਉਹ ਸੋਚਦਾ ਸੀ ਕਿ ਪੂਨੇ ਵਿੱਚ ਕ੍ਰਾਂਤੀਕਾਰੀ ਪਾਰਟੀ ਦਾ ਯੂਨਿਟ ਬਣਾਇਆ ਜਾਵੇ। ਇਸ ਕੰਮ ਵਿੱਚ ਕਾਮਯਾਬ ਹੋਣ ਤੇ ਕੁਝ ਸਾਥੀਆਂ ਨੂੰ ਵਿਸ਼ਵਾਸ 'ਚ ਲੈਣ ਲਈ ਉਸ ਨੇ ਕ੍ਰਾਂਤੀਕਾਰੀ ਪਾਰਟੀ ਵੱਲੋਂ ਕੀਤੇ ਐਕਸ਼ਨਾਂ ਵਿੱਚ ਆਪਣੀ ਸ਼ਮੂਲੀਅਤ ਨੂੰ ਖੁੱਲ੍ਹੇਆਮ ਦੱਸਣਾ ਸ਼ੁਰੂ ਕਰ ਦਿੱਤਾ। ਸਾਵਰਗਾਓਂਕਰ ਦੇ ਨਾਲ਼ ਉਸ ਦਾ ਦੂਜਾ ਸਾਥੀ ਕਰੰਦੀਕਰ ਸੀ। ਇੱਕ ਹੋਰ ਵਿਅਕਤੀ ਸਰਦ ਕੇਸਕਰ ਸੀ। ਉਸ ਨੇ ਰਾਜਗੁਰੂ ਨਾਲ਼ ਆਪਣੀ ਜਾਣ-ਪਛਾਣ ਬਣਾ ਲਈ। ਸਰਦ ਕੇਸਕਰ 'ਸੀ. ਆਈ. ਡੀ.' ਦਾ ਬੰਦਾ ਸੀ। ਉਹ ਰਾਜਗੁਰੂ ਨਾਲ਼ ਹੋਈ ਗੱਲ-ਬਾਤ ਦੀ ਰਿਪੋਰਟ ਸ਼ਿਮਲਾ ਭੇਜਿਆ ਕਰਦਾ ਸੀ। 27 ਸਤੰਬਰ, 1929 ਨੂੰ ਕ੍ਰਾਂਤੀਕਾਰੀਆਂ ਦੇ ਇੱਕ ਸਮਰਥਕ ਸੰਪਾਦਕ ਸ਼ਿਵ ਰਾਮ ਪੰਤ ਪਰਾਂਜਮੇ ਦਾ ਦਿਹਾਂਤ ਹੋ ਗਿਆ। ਰਾਜਗੁਰੂ, ਸਾਵਰਗਾਓਂਕਰ ਨਾਲ਼ ਉਸ ਦੀ ਅੰਤਿਮ-ਯਾਤਰਾ ਵਿੱਚ ਸ਼ਾਮਲ ਹੋਇਆ। ਇੱਥੇ ਉਸ ਨੇ ਕ੍ਰਾਂਤੀਕਾਰੀਆਂ ਦੇ ਨਾਹਰੇ, 'ਇਨਕਲਾਬ-ਜ਼ਿੰਦਾਬਾਦ' ਲਾਏ। ਅਰਥੀ ਨਾਲ਼ ਜਾ ਰਹੇ ਲੋਕਾਂ ਨੇ ਇਹ ਨਾਹਰੇ ਸੁਣੇ, ਉਹ ਚੁਕੰਨੇ ਹੋ ਗਏ। ਅਖ਼ਬਾਰ ਰਾਹੀਂ ਆਮ ਲੋਕਾਂ ਨੂੰ ਪਤਾ ਸੀ ਕਿ ਇਹ ਨਾਅਰੇ 'ਅਸੈਂਬਲੀ ਬੰਬ ਕਾਂਡ' ਵੇਲ਼ੇ ਕ੍ਰਾਂਤੀਕਾਰੀਆਂ ਵੱਲੋਂ ਲਾਏ ਗਏ ਸਨ। ਸਰਦ ਕੇਸਕਰ ਨੇ ਰਾਜਗੁਰੂ ਤੋਂ ਭੇਦ ਲੈਣ ਲਈ ਉਸ ਨਾਲ ਮੇਲ਼-ਜੋਲ਼ ਹੋਰ ਵਧਾ ਲਿਆ।

ਸਰਦ ਕੇਸਕਰ ਰਾਜਗੁਰੂ ਤੇ ਸਾਵਰਗਾਓਂਕਰ ਨੂੰ ਹਥਿਆਰਾਂ ਸਮੇਤ ਪੁਲਿਸ ਨੂੰ ਫੜਾਉਣਾ ਚਾਹੁੰਦਾ ਸੀ। ਇੱਕ ਦਿਨ ਉਹ ਇੱਕ ਪਸਤੌਲ ਲੈ ਕੇ ਉਹਨਾਂ ਦੇ ਕਮਰੇ ਵਿੱਚ ਪਹੁੰਚ ਗਿਆ। ਉਸ ਦੇ ਪਸਤੌਲ ਨੂੰ ਦੇਖ ਕੇ ਸਾਵਰਗਾਓਂਕਰ ਨੇ ਆਪਣਾ ਰਿਵਾਲਵਰ ਦਿਖਾ ਦਿੱਤਾ। ਰਾਜਗੁਰੂ ਵੀ ਪਿੱਛੇ ਨਾ ਰਿਹਾ। ਇਸ ਰਾਤ ਹੀ ਉਹਨਾਂ ਦੇ ਕਮਰੇ 'ਤੇ ਪੁਲਿਸ ਦੀ ਧਾੜ ਪੈ ਗਈ। ਰਾਜਗੁਰੂ ਗਰਿਫ਼ਤਾਰ ਹੋ ਗਿਆ। ਉਸ ਨੇ ਜਜ਼ਬਾਤ ਵਿੱਚ ਵਹਿ ਕੇ ਪਾਰਟੀ ਦੇ ਗੁਪਤ ਨਿਯਮਾਂ ਦੀ ਉਲੰਘਣਾ ਕੀਤੀ ਸੀ। ਉਹ ਪੂਨੇ ਵਿੱਚ ਆਪਣੇ ਅਸਲੀ ਨਾਂ ਰਾਜਗੁਰੂ 'ਤੇ ਹੀ ਵਿਚਰਦਾ ਰਿਹਾ ਸੀ। ਅਜਿਹੇ ਬੜਬੋਲੇਪਣ ਕਾਰਨ ਰਾਜਗੁਰੂ ਆਪਣੇ ਸਾਥੀਆਂ ਕੋਲ਼ ਜੇਲ੍ਹ ਵਿੱਚ ਪਹੁੰਚ ਗਿਆ। ਜੇਲ੍ਹ ਵਿੱਚ ਸਭਨਾਂ ਨੂੰ ਮਿਲ਼ ਕੇ ਉਹ ਬਹੁਤ ਖ਼ੁਸ਼ ਹੋਇਆ। ਉਸ ਦੇ ਗੀਤ ਤੇ ਹਾਸੇ ਫਿਰ ਪਰਤ ਆਏ ਸਨ। ਅਸਲ 'ਚ ਜਦੋਂ ਪਾਰਟੀ ਯੂਨਿਟ ਨਾਲ਼ੋਂ ਟੁੱਟ ਕੇ ਉਹ ਪੂਨੇ ਰਹਿਣ ਲੱਗਾ ਸੀ ਤਾਂ ਆਪਣੀ ਨਿਰਾਸ਼ਾ ਵਿੱਚੋਂ ਹੀ ਉਹ ਆਪਣੇ ਕੀਤੇ ਕੰਮਾਂ ਬਾਰੇ ਆਪਣੇ ਮੂੰਹੋਂ ਬੋਲਣ ਲੱਗ ਪਿਆ ਸੀ। ਪਾਰਟੀ ਜ਼ਾਬਤੇ ਦੀ ਉਲੰਘਣਾ ਕਰਨ ਕਾਰਨ ਹੀ ਉਸ ਦੀ ਗਰਿਫ਼ਤਾਰੀ ਹੋਈ ਸੀ। ਅਸਲ ਵਿੱਚ ਉਹ ਪਾਰਟੀ ਲਈ ਇਕੱਲਾ ਹੀ ਕੋਈ ਹੋਰ ਵੱਡਾ ਕੰਮ ਕਰਨਾ ਚਾਹੁੰਦਾ ਸੀ, ਜਿਵੇਂ ਇੱਕ ਦਿਨ ਉਸ ਨੇ ਪੂਰੇ ਇੱਕ ਸਮਾਗਮ ਵਿੱਚ 'ਗਵਰਨਰ' ਨੂੰ ਮਾਰਨ ਦੀ ਤਿਆਰੀ ਕਰ ਲਈ ਪਰ ਸੀ. ਆਈ. ਡੀ. ਦੀਆਂ ਨਜ਼ਰਾਂ ਵਿੱਚ ਪਹਿਲਾਂ ਹੀ ਚੜ੍ਹੇ ਹੋਣ ਕਾਰਨ ਉਹ ਐਕਸ਼ਨ ਨਾ ਕਰ ਸਕਿਆ।

ਇੱਕ ਦਿਨ ਜੇਲ੍ਹ ਵਿੱਚ ਆਪਣੇ ਕ੍ਰਾਂਤੀਕਾਰੀ ਸਾਥੀਆਂ ਨਾਲ਼ੋਂ ਅੱਗੇ ਲੰਘਣ ਦੀ ਹੋੜ ਵਿੱਚ ਉਸ ਨੇ ਭੁੱਖ-ਹੜਤਾਲ ਵੇਲ਼ੇ ਦੁੱਧ ਪੀਣ ਸਮੇਂ ਹੁੰਦੀ ਕਸਰਤ ਮੌਕੇ ਆਪਣੀ ਜਾਨ ਨੂੰ ਖ਼ਤਰੇ ਵਿੱਚ ਪਾ ਲਿਆ ਸੀ। ਦੁੱਧ- ਨਲੀ ਉਸ ਦੇ ਫੇਫੜਿਆਂ ਵਿੱਚ ਪੈ ਗਈ। ਉਸ ਨੇ ਇੱਕ ਪਰਚੀ 'ਤੇ ਸਾਥੀਆਂ ਨੂੰ ਲਿਖ ਭੇਜਿਆ, 'ਸਫਲਤਾ'। ਪਹਿਲਾਂ ਜਤਿੰਦਰ ਨਾਥ ਦਾਸ ਵੀ ਇਸ ਤਰ੍ਹਾਂ ਹੀ ਭੁੱਖ ਹੜਤਾਲ ਵੇਲ਼ੇ ਪਾਰਟੀ ਤੋਂ ਵਿਦਾ ਹੋ ਚੁੱਕਿਆ ਸੀ। ਰਾਜਗੁਰੂ ਵੀ ਇਸ ਪਾਸੇ ਕਦਮ ਵਧਾ ਰਿਹਾ ਸੀ। ਕ੍ਰਾਂਤੀਕਾਰੀਆਂ ਨੂੰ ਇਸ ਗੱਲ ਬਾਰੇ ਪਤਾ ਲੱਗਣਸਾਰ ਉਹ ਚੁਕੰਨੇ ਹੋ ਗਏ। ਉਸ ਦੇ ਇਲਾਜ ਲਈ ਯਤਨ ਕੀਤਾ ਗਿਆ। ਠੀਕ ਹੋ ਜਾਣ ਉਪਰੰਤ ਭਗਤ ਸਿੰਘ ਤੇ ਸਾਥੀਆਂ ਨੇ ਉਸ ਦੇ ਮੰਜੇ ਦੁਆਲ਼ੇ ਖੜ੍ਹ ਕੇ ਭੁੱਖ-ਹੜਤਾਲ ਸਮਾਪਤ ਕਰਨ ਲਈ ਰਾਜਗੁਰੂ ਨੂੰ ਦੁੱਧ ਦਾ ਗਲਾਸ ਪਿਆਇਆ। ਰਾਜਗੁਰੂ ਦਾ ਵਿਚਾਰ ਸੀ ਕਿ ਮੌਤ ਇਨਕਲਾਬੀਆਂ ਲਈ ਵਰਦਾਨ ਹੈ। ਉਹ ਕਿਹਾ ਕਰਦਾ ਸੀ, "ਜੇਕਰ ਸਾਡੀ ਕੁਰਬਾਨੀ ਨਾਲ਼ ਕਰੋੜਾਂ ਲੋਕਾਂ ਦਾ ਜੀਵਨ ਸੌਰ ਸਕਦਾ ਹੈ ਤਾਂ ਇਹ ਲਾਹੇਵੰਦ ਸੌਦਾ ਹੈ।"

ਰਾਜਗੁਰੂ ਨੇ ਗ਼ਰੀਬੀ ਦੇਖੀ ਸੀ। ਉਹ ਭੁੱਖ ਨਾਲ਼ ਘੁਲ਼ਿਆ ਸੀ। ਕ੍ਰਾਂਤੀਕਾਰੀਆਂ ਵੱਲੋਂ ਜੋ ਨਵੇਂ ਸਮਾਜ ਦੀ ਰੂਪ-ਰੇਖਾ ਉਲੀਕੀ ਗਈ ਸੀ, ਉਹ ਉਸ ਦਾ ਕਾਇਲ ਸੀ। ਇਸ ਲਈ ਉਹ ਇਨਕਲਾਬ ਦੇ ਰਾਹ 'ਤੇ ਦੂਜੇ ਸਾਥੀਆਂ ਨਾਲ਼ੋਂ ਆਪਣੇ-ਆਪ ਨੂੰ ਸਦਾ ਹੀ ਮੋਹਰੀ ਰੱਖਦਾ ਸੀ। ਆਪਣੇ ਸਖ਼ਤ ਇਰਾਦੇ ਦਾ ਧਾਰਨੀ ਹੋ ਕੇ ਹੀ ਉਹ ਆਪਣੇ ਪਿਆਰੇ ਸਾਥੀਆਂ ਸ਼ਹੀਦ ਭਗਤ ਸਿੰਘ ਤੇ ਸੁਖਦੇਵ ਦੇ ਨਾਲ਼ 'ਇਨਕਲਾਬ-ਜ਼ਿੰਦਾਬਾਦ' ਦੇ ਨਾਹਰੇ ਲਾਉਂਦਾ ਹੋਇਆ 23 ਮਾਰਚ, 1931 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਉਹਨਾਂ ਦੇ ਨਾਲ਼ ਹੀ ਫਾਂਸੀ ਦੇ ਤਖ਼ਤੇ 'ਤੇ ਜਾ ਖੜ੍ਹਾ ਸੀ। ਸ਼ਹੀਦ ਰਾਜਗੁਰੂ ਨੇ ਸ਼ਹੀਦ ਭਗਤ ਸਿੰਘ ਤੇ ਸ਼ਹੀਦ ਸੁਖਦੇਵ ਦੇ ਨਾਲ਼ ਹੀ ਫਾਂਸੀ ਦਾ ਰੱਸਾ ਚੁੰਮ ਕੇ ਗਲ਼ ਵਿੱਚ ਪਾਇਆ ਅਤੇ ਅਮਰ ਪਦਵੀ ਪਾ ਗਿਆ।

## ਪਾਠ - ਅਭਿਆਸ

1. **ਬਹੁਵਿਕਲਪੀ ਪ੍ਰਸ਼ਨ :**

(ੳ) ਰਾਜਗੁਰੂ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ?

(ਕ) 24 ਅਗਸਤ, 1908 (ਖ) 24 ਅਗਸਤ, 1909

(ਗ) 24 ਅਗਸਤ, 1910

(ਅ) ਰਾਜਗੁਰੂ ਦੇ ਪਿਤਾ ਦਾ ਕੀ ਨਾਂ ਸੀ?

(ਕ) ਹਰੀ ਨਰਾਇਣ (ਖ) ਸ਼ਾਮ ਨਾਰਾਇਣ

(ਗ) ਰਾਮ ਨਾਰਾਇਣ

(ੲ) ਰਾਜਗੁਰੂ ਦਾ ਪਿੰਡ ਕਿਹੜਾ ਸੀ?

(ਕ) ਖੇੜਾ (ਖ) ਝਮੇੜਾ

(ਗ) ਬਲਵੇੜਾ।

(ਸ) ਰਾਜਗੁਰੂ ਨੂੰ ਭੁੱਖ-ਹੜਤਾਲ ਖ਼ਤਮ ਕਰਨ ਸਮੇਂ ਕੀ ਪਿਆਇਆ ਗਿਆ?

(ਕ) ਪਾਣੀ ਦਾ ਗਲਾਸ (ਖ) ਜੂਸ ਦਾ ਗਲਾਸ

(ਗ) ਦੁੱਧ ਦਾ ਗਲਾਸ

(ਸ) ਰਾਜਗੁਰੂ ਦੀ ਮਾਲੀ ਹਾਲਤ ਕਿਹੋ-ਜਿਹੀ ਸੀ?

(ਕ) ਗ਼ਰੀਬ ਸੀ (ਖ) ਅਮੀਰ ਸੀ

(ਗ) ਦਰਮਿਆਨਾ ਤਬਕਾ

2. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਕਿਹੜੇ-ਕਿਹੜੇ ਸ਼ਹੀਦਾਂ ਨੇ ਇੱਕੋ ਸਮੇਂ ਫਾਂਸੀ ਦਾ ਰੱਸਾ ਚੁੰਮਿਆ?

(ਅ) ਰਾਜਗੁਰੂ ਦਾ ਜਨਮ ਕਦੋਂ ਤੇ ਕਿੱਥੇ ਹੋਇਆ?

(ੲ) ਰਾਜਗੁਰੂ ਵੱਡੇ ਭਰਾ ਨਾਲ਼ ਨਰਾਜ਼ ਕਿਉਂ ਹੋ ਗਏ?

(ਸ) ਆਪਣੇ ਸੰਸਕ੍ਰਿਤ ਦੇ ਅਧਿਆਪਕ ਕੋਲ਼ ਰਾਜਗੁਰੂ ਨੇ ਕੀ ਕੰਮ ਕੀਤਾ?

(ਹ) ਰਾਜਗੁਰੂ ਨੂੰ ਫਾਂਸੀ ਕਦੋਂ ਦਿੱਤੀ ਗਈ?

3. **ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :**

(ੳ) ਰਾਜਗੁਰੂ ਦਾ ਪੜ੍ਹਾਈ ਵਿੱਚ ਮਨ ਕਿਉਂ ਨਹੀਂ ਸੀ ਲੱਗਦਾ?

(ਅ) ਰਾਜਗੁਰੂ ਤੇ ਸ਼ਿਵ ਵਰਮਾ ਦੀ ਆਪਸ ਵਿੱਚ ਕੀ ਗੱਲ-ਬਾਤ ਹੋਈ?

(ੲ) ਅਖ਼ਬਾਰ ਵਿੱਚ ਕੀ ਖ਼ਬਰ ਛਪੀ ਹੋਈ ਸੀ?

(ਸ) ਰਾਜਗੁਰੂ ਨੂੰ ਐਕਸ਼ਨ-ਕਮੇਟੀ ਵਿੱਚ ਕਿਉਂ ਨਹੀਂ ਸ਼ਾਮਲ ਕੀਤਾ ਗਿਆ?

(ਹ) ਰਾਜਗੁਰੂ ਨੇ ਭੁੱਖ ਹੜਤਾਲ ਕਿਉਂ ਕੀਤੀ?

4. **ਖ਼ਾਲੀ ਥਾਂਵਾਂ ਭਰੋ :**

ਸੁਰਗਵਾਸ, ਪ੍ਰੋਗ੍ਰਾਮ, ਕ੍ਰਾਂਤੀਕਾਰੀਆਂ, ਅਧਿਆਪਕ, ਰੁਚੀ, ਪਿੰਡ ਖੇੜਾ ਮਹਾਰਾਸ਼ਟਰ।

1. ਰਾਜਗੁਰੂ ਦਾ ਜਨਮ __________ ਵਿੱਚ ਹੋਇਆ।
2. ਛੇ ਸਾਲ ਦੀ ਉਮਰ ਵਿੱਚ ਆਪ ਦੇ ਪਿਤਾ __________ਹੋ ਗਏ।
3. ਰਾਜਗੁਰੂ ਦੀ ਪੜ੍ਹਾਈ ਵਿੱਚ ਬਿਲਕੁਲ __________ਨਹੀਂ ਸੀ।
4. ਸੰਸਕ੍ਰਿਤ ਦੇ ________ ਨੇ ਰਾਜਗੁਰੂ ਨੂੰ ਆਪਣੇ ਕੋਲ਼ ਰੱਖ ਲਿਆ।
5. ਆਪ __________ ਨਾਲ਼ ਕੰਮ ਕਰਨਾ ਚਾਹੁੰਦੇ ਸਨ।
6. ਭਗਤ ਸਿੰਘ ਵੱਲੋਂ ਅਸੈਂਬਲੀ ਵਿੱਚ ਬੰਬ ਸੁੱਟਣ ਦਾ __________ ਉਲੀਕਿਆ ਗਆ।

5. **ਵਾਕਾਂ ਵਿੱਚ ਵਰਤੋ : -**

| ਸ਼ਬਦ | | ਵਾਕ |
|---|---|---|
| ਤਲਾਸ਼ | — | ਰਾਜਗੁਰੂ ਜੀਵਨ-ਨਿਰਬਾਹ ਲਈ ਕੰਮ ਦੀ ਤਲਾਸ਼ ਕਰਦੇ ਰਹੇ। |
| ਆਥਣ ਵੇਲ਼ੇ | — | |
| ਮਨ-ਭਾਉਂਦਾ | — | |
| ਸੁਪਨਾ ਟੁੱਟਣਾ | — | |
| ਖ਼ੁਸ਼ੀ ਦੀ ਲਹਿਰ ਦੌੜਨਾ | — | |
| ਵਾਰਦਾਤ | — | |

6. **ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | | ਹਿੰਦੀ | ਅੰਗਰੇਜ਼ੀ |
|---|---|---|---|
| ਜਨਮ | — | जन्म | Birth |

| | | |
|---|---|---|
| ਸਕੂਲ | __________ | __________ |
| ਪਿੰਡ | __________ | __________ |
| ਪੜ੍ਹਾਈ | __________ | __________ |
| ਅਖ਼ਬਾਰ | __________ | __________ |
| ਦੁੱਧ | __________ | __________ |

**7. ਵਿਰੋਧੀ ਸ਼ਬਦ ਲਿਖੋ : -**

ਵੱਡਾ – ਛੋਟਾ

ਪੜ੍ਹਿਆ–ਲਿਖਿਆ –

ਘਰੇਲੂ –

ਨਕਲੀ –

ਕਾਲ਼ਾ –

ਇਕਾਂਤ –

**8. ਸ਼ੁੱਧ ਕਰਕੇ ਲਿਖੋ : -**

| ਅਸ਼ੁੱਧ | | ਸ਼ੁੱਧ |
|---|---|---|
| ਨਿਰਵਾਹ | – | ਨਿਰਬਾਹ |
| ਜੀਬਨ | – | |
| ਪੜਾਈ | – | |
| ਅੱਗ–ਸੱਗ | – | |
| ਲੰਬਾ–ਚੌੜਾ | – | |
| ਲੈਹਰ | – | |

**9. ਅਧਿਆਪਕ ਲਈ**

**ਵਿਸ਼ਾ :** ਅਧਿਆਪਕ ਰਾਜਗੁਰੂ ਦੇ ਨਾਲ਼–ਨਾਲ਼ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਬਾਰੇ ਵੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਵੇਗਾ।

***

ਪਾਠ- 13

# ਵਤਨ

ਮੇਰੇ ਵਤਨ! ਸਾਂਈਂ ਤੈਨੂੰ ਭਾਗ ਲਾਏ,
ਦੇ ਕੇ ਬਰਕਤਾਂ ਸਭ ਸਮਾਨ ਸੋਹਣੇ।
ਤੇਰੇ ਸੋਹਣੇ ਦਰਿਆ, ਪਹਾੜ ਸੋਹਣੇ,
ਜੰਗਲ਼, ਜੂਹ ਤੇ ਬਾਗ਼, ਮੈਦਾਨ ਸੋਹਣੇ।

ਸੋਹਣੇ ਫਲ਼, ਮੇਵੇ ਤੇਰੇ ਆਏ ਵਿਰਸੇ,
ਬਾਂਕੇ ਗੱਭਰੂ, ਛੈਲ-ਜਵਾਨ ਸੋਹਣੇ।
ਜੰਮੇ, ਪਲ਼ੇ, ਖੇਡੇ ਤੇਰੀ ਗੋਦ ਅੰਦਰ,
ਧਨੀ ਤੇਗ਼ ਦੇ ਬੀਰ, ਬਲਵਾਨ ਸੋਹਣੇ।

ਪੈਦਾ ਕੀਤੇ ਤੂੰ ਸੂਰਮੇ ਮਹਾਂਯੋਧੇ,
ਰਾਜੇ, ਮਹਾਰਾਜੇ ਤੇ ਸੁਲਤਾਨ ਸੋਹਣੇ।
ਸਾਨੀ ਕੋਈ ਨਹੀਂ ਤੇਰਾ ਜਹਾਨ ਅੰਦਰ,
ਉੱਚੀ ਸ਼ਾਨ ਵਾਲ਼ੇ ਹਿੰਦੁਸਤਾਨ ਸੋਹਣੇ।

ਥਾਂ-ਥਾਂ 'ਤੇ ਖ਼ੂਬ ਬਹਾਰ ਲਾਈ,
ਤੇਰੇ ਝਰਨਿਆਂ, ਛੰਭਾਂ, ਫੁਹਾਰਿਆਂ ਨੇ।
ਪਈਆਂ ਯਾਦ ਕਰਾਉਂਦੀਆਂ ਯਾਦਗਾਰਾਂ,
ਏਥੇ ਬੰਦਗੀ ਕੀਤੀ ਪਿਆਰਿਆਂ ਨੇ।

ਤੈਨੂੰ ਸੱਚਾ ਸ੍ਵਰਗ ਬਣਾ ਦਿੱਤਾ,
ਮੰਦਰ, ਮਸਜਦਾਂ ਤੇ ਗੁਰਦਵਾਰਿਆਂ ਨੇ।
ਤੇਰਾ ਜੱਗ ਅੰਦਰ ਉੱਘਾ ਨਾਂ ਕੀਤਾ,

ਜੁੱਧ-ਜੰਗ, ਭੇੜਾਂ, ਘੱਲੂਘਾਰਿਆਂ ਨੇ।
ਤੇਰੀ ਗੋਦ ਵਿੱਚ ਲੱਖਾਂ ਸ਼ਹੀਦ ਸੁੱਤੇ,
ਜਿਹੜੇ ਅਣਖ ਲਈ ਹੋਏ ਕੁਰਬਾਨ ਸੋਹਣੇ।
ਤੇਰੇ 'ਕਿਣਕਿਆਂ' ਦੇ ਅੰਦਰ ਬੀਰਤਾ ਹੈ,
ਮੇਰੇ ਵਤਨ ਪਿਆਰੇ, ਹਿੰਦੁਸਤਾਨ ਸੋਹਣੇ।

ਜਨਮ-ਭੂਮੀ ਤੂੰ ਕੌਰਵਾਂ, ਪਾਂਡਵਾਂ ਦੀ,
ਤੇਰੀ ਗੋਦ ਵਿੱਚ ਕ੍ਰਿਸ਼ਨ ਮੁਰਾਰ ਆਏ।
ਤੇਰੀ ਸੋਹਣੀ ਤਲਵੰਡੀ 'ਤੇ ਗੁਰੂ ਨਾਨਕ,
ਕਹਿੰਦੇ 'ਸਤਿ ਕਰਤਾਰ, ਕਰਤਾਰ' ਆਏ।

ਅਕਬਰ ਜਿਹਾਂ ਆ ਐਥੇ ਨਿਆਂ ਕੀਤੇ,
ਚਿਸ਼ਤੀ ਜਿਹੇ ਵੀ ਵਲੀ ਹਜ਼ਾਰ ਆਏ।
ਤੇਰੀ ਸੋਹਣੀ ਸੁਹਾਵਣੀ ਭੋਇੰ ਉੱਤੇ,
ਗੁਰੂ, ਪੀਰ, ਪੈਗ਼ੰਬਰ, ਅਵਤਾਰ ਆਏ।

ਤੂੰ ਹੀ ਗੁਰੂ ਹੈਂ ਫ਼ਲਸਫ਼ੇ, ਸਾਇੰਸਾਂ ਦਾ,
ਤੇਰੇ ਵਿੱਚ ਹੀ ਹੋਏ ਗਿਆਨ ਸੋਹਣੇ।
ਬੇਸ਼ੱਕ ਹੋਣਗੇ ਚੀਨ, ਜਪਾਨ ਸੋਹਣੇ,
ਸੋਹਣਾ ਤੂੰ ਸਭ ਤੋਂ, ਹਿੰਦੁਸਤਾਨ ਸੋਹਣੇ।

ਮੇਰੀ ਆਤਮਾ ਸਦਾ ਹੀ ਰਹੇ ਵਿੰਹਦੀ,
ਤੇਰੀਆਂ ਯਾਦਗਾਰਾਂ ਤੇ ਨਿਸ਼ਾਨ ਸੋਹਣੇ।
'ਤੀਰ' ਦਿਲੋਂ ਇਹ ਸਦਾ ਅਸੀਸ ਨਿਕਲ਼ੇ,
'ਯੁੱਗ ਵੱਸ ਮੇਰੇ, ਹਿੰਦੁਸਤਾਨ ਸੋਹਣੇ।'

## ਪਾਠ- ਅਭਿਆਸ

1. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-**

(1) ਵਤਨ ਕਵਿਤਾ ਕਿਸ ਲੇਖਕ ਦੀ ਰਚਨਾ ਹੈ?

(2) ਕਵੀ ਨੂੰ ਵਿਰਸੇ ਵਿੱਚ ਕੀ-ਕੀ ਮਿਲ਼ਿਆ?

(3) ਕਵਿਤਾ ਵਿੱਚ ਕਿਹੜੀਆਂ ਬਰਕਤਾਂ ਦਾ ਵਰਨਣ ਹੈ?

(4) ਤਲਵੰਡੀ ਦੀ ਧਰਤੀ 'ਤੇ ਕਿਨ੍ਹਾਂ ਦਾ ਜਨਮ ਹੋਇਆ?

(5) ਕਵੀ ਦੀ ਆਤਮਾ ਹਰ ਵੇਲ਼ੇ ਕੀ ਦੇਖਣਾ ਲੋਚਦੀ ਹੈ?

2. **ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :-**

1. ਕਿਹੜੀਆਂ ਚੀਜ਼ਾਂ ਨੇ ਵਤਨ ਨੂੰ ਸੁਰਗ ਬਣਾ ਦਿੱਤਾ?
2. ਵਤਨ ਦੀ ਭੂਮੀ 'ਤੇ ਕਿਹੜੇ-ਕਿਹੜੇ ਪੀਰ-ਪੈਗ਼ੰਬਰਾਂ ਨੇ ਜਨਮ ਲਿਆ?
3. ਕਵੀ ਨੇ ਵਤਨ ਦੇ ਸੁਹੱਪਣ ਦਾ ਕਿਵੇਂ ਵਰਨਣ ਕੀਤਾ ਹੈ?

4. **ਸਰਲ ਅਰਥ ਕਰੋ :**

ਤੇਰੀ ਗੋਦ ਵਿੱਚ ਲੱਖਾਂ ਸ਼ਹੀਦ ਸੁੱਤੇ,
ਜਿਹੜੇ ਅਣਖ ਲਈ ਹੋਏ ਕੁਰਬਾਨ ਸੋਹਣੇ।
ਤੇਰੇ 'ਕਿਣਕਿਆਂ' ਦੇ ਅੰਦਰ ਬੀਰਤਾ ਹੈ,
ਮੇਰੇ ਵਤਨ ਪਿਆਰੇ, ਹਿੰਦੁਸਤਾਨ ਸੋਹਣੇ।

ਜਾਂ

ਮੇਰੀ ਆਤਮਾ ਸਦਾ ਹੀ ਰਹੇ ਵਿੰਹਦੀ,
ਤੇਰੀਆਂ ਯਾਦਗਾਰਾਂ ਤੇ ਨਿਸ਼ਾਨ ਸੋਹਣੇ।
'ਤੀਰ' ਦਿਲੋਂ ਇਹ ਸਦਾ ਅਸੀਸ ਨਿਕਲ਼ੇ,
ਯੁੱਗ ਵੱਸ ਮੇਰੇ, ਹਿੰਦੁਸਤਾਨ ਸੋਹਣੇ।

5. **ਕਵਿਤਾ ਦੀਆਂ ਸਤਰਾਂ ਪੜ੍ਹ ਕੇ ਉੱਤਰ ਦਿਓ :**

ਜਨਮ-ਭੂਮੀ ਤੂੰ ਕੌਰਵਾਂ, ਪਾਂਡਵਾਂ ਦੀ,
ਤੇਰੀ ਗੋਦ ਵਿੱਚ ਕ੍ਰਿਸ਼ਨ ਮੁਰਾਰ ਆਏ।

ਪ੍ਰ. ਹਿੰਦੁਸਤਾਨ ਨੂੰ ਕਿਨ੍ਹਾਂ ਮਹਾਂਪੁਰਸ਼ਾਂ ਦੀ ਜਨਮ-ਭੂਮੀ ਕਿਹਾ ਜਾਂਦਾ ਹੈ?

5. **ਖ਼ਾਲੀ ਥਾਂਵਾਂ ਭਰੋ :**

ਸੱਚਾ ਸੁਰਗ, ਫ਼ਲਸਫ਼ੇ-ਸਾਇੰਸਾਂ, ਸੁਲਤਾਨ, ਬਹਾਰ, ਸ਼ਹੀਦ

1. ਰਾਜੇ, ਮਹਾਰਾਜੇ ਤੇ ________ ਸੋਹਣੇ।
2. ਥਾਂ-ਥਾਂ 'ਤੇ ਖ਼ੂਬ ________ ਲਾਈ।
3. ਤੈਨੂੰ ________ ਬਣਾ ਦਿੱਤਾ।
4. ਤੇਰੀ ਗੋਦ ਵਿੱਚ ਲੱਖਾਂ ________ ਸੁੱਤੇ।
5. ਤੂੰ ਹੀ ਗੁਰੂ ਹੈਂ, ________ ਦਾ।

4. **ਵਾਕਾਂ ਵਿੱਚ ਵਰਤੋ :**

ਭਾਗ ਲਾਉਣਾ -

ਬਰਕਤਾਂ -

ਛੈਲ-ਜਵਾਨ -

ਬਲਵਾਨ -

ਬੰਦਗੀ ਕਰਨਾ -

ਘੁੱਗ ਵੱਸਣਾ -

5. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਬਾਗ਼ | बाग़ | Garden |
| ਬਲਵਾਨ | | |
| ਸੋਹਣਾ | | |
| ਸ਼ਹੀਦ | | |
| ਗਿਆਨ | | |
| ਆਤਮਾ | | |

6. **ਅਧਿਆਪਕ ਲਈ :**

ਵਿਸ਼ਾ - ਅਧਿਆਪਕ ਵਿਦਿਆਰਥੀਆਂ ਨੂੰ ਇਹ ਕਵਿਤਾ ਸੁਰ-ਲੈਅ ਨਾਲ਼ ਗਾ ਕੇ ਸੁਣਾਏਗਾ।

* * *

ਪਾਠ-14

# ਜੜ੍ਹ

ਭੋਲੂ ਇੱਕ ਪਿੰਡ ਦੇ ਸਕੂਲ ਵਿੱਚ ਪੜ੍ਹਦਾ ਸੀ। ਉਹ ਇਸ ਸਾਲ ਦੂਜੀ ਜਮਾਤ ਵਿੱਚ ਹੋਇਆ ਸੀ। ਇੱਕ ਦਿਨ ਉਸ ਨੇ ਅੱਧੀ ਛੁੱਟੀ ਵੇਲ਼ੇ ਆਪਣੇਂ ਖਾਣੇ ਵਾਲ਼ਾ ਡੱਬਾ ਖੋਲ੍ਹਿਆ। ਉਸ ਦੇ ਇੱਕ ਖ਼ਾਨੇ ਵਿੱਚ ਉਸ ਦੀ ਮੰਮੀ ਨੇ ਕੁਝ ਜਾਮਣਾਂ ਵੀ ਪਾ ਦਿੱਤੀਆਂ ਸਨ।

ਰੋਟੀ ਖਾਣ ਤੋਂ ਬਾਅਦ ਭੋਲੂ ਨੇ ਜਾਮਣਾਂ ਨੂੰ ਮੁੱਠੀ ਵਿੱਚ ਚੁੱਕਿਆ। ਫਿਰ ਉਹ ਬਾਹਰ ਮੈਦਾਨ ਵੱਲ ਟਹਿਲਣ ਲਈ ਤੁਰ ਪਿਆ। ਉਸ ਦਾ ਦੋਸਤ ਮਨੀ ਵੀ ਉਸ ਦੇ ਨਾਲ਼ ਸੀ। ਉਸ ਨੇ ਮਨੀ ਨੂੰ ਵੀ ਤਿੰਨ-ਚਾਰ ਜਾਮਣਾਂ ਦਿੱਤੀਆਂ। ਦੋਹਾਂ ਨੇ ਜਾਮਣਾਂ ਖਾ ਲਈਆਂ ਪਰ ਆਖ਼ਰੀ ਜਾਮਣ ਦੀ ਗਿਟਕ ਭੋਲੂ ਦੇ ਮੂੰਹ ਵਿੱਚ ਇੱਧਰ-ਉੱਧਰ ਗੇੜੇ ਦੇ ਰਹੀ ਸੀ।

ਜਾਮਣ ਦੀ ਗਿਟਕ ਦਾ ਸਾਹ ਘੁਟਣ ਲੱਗਿਆ। ਉਹ ਮਨ ਹੀ ਮਨ ਭੋਲੂ ਨੂੰ ਬੋਲੀ, "ਹੁਣ ਤਾਂ ਬਾਹਰ ਕੱਢ ਕੇ ਸੁੱਟ ਦੇ ਕਿ ਮੈਨੂੰ ਵੀ ਖਾਏਂਗਾ?"

ਭੋਲੂ ਨੇ ਸਕੂਲ ਦੇ ਮੈਦਾਨ ਦੀ ਕੰਧ ਕੋਲ਼ ਮੂੰਹੋਂ ਗਿਟਕ ਕੱਢ ਕੇ ਸੁੱਟ ਦਿੱਤੀ। ਫਿਰ ਉਸ ਨੇ ਪੈਰ ਨਾਲ਼ ਉਸ ਉੱਪਰ ਮਿੱਟੀ ਪਾ ਕੇ ਥੋੜ੍ਹੀ ਜਿਹੀ ਦੱਬ ਵੀ ਦਿੱਤੀ। ਕੁਝ ਹੀ ਦਿਨਾਂ ਬਾਅਦ ਉੱਥੇ ਗਿਟਕ ਵਿੱਚੋਂ ਇੱਕ ਬੂਟਾ ਉੱਗ ਆਇਆ।

ਇੱਕ ਦਿਨ ਸਕੂਲ ਦੇ ਮਾਲੀ ਨੇ ਮੈਦਾਨ ਵਿੱਚ ਪਾਣੀ ਛੱਡਿਆ। ਜਾਮਣ ਦੇ ਬੂਟੇ ਨੂੰ ਵੀ ਪਾਣੀ ਮਿਲ਼ ਗਿਆ। ਉਹਦੇ ਚਿਹਰੇ 'ਤੇ ਰੌਣਕ ਆ ਗਈ। ਜਾਮਣ ਦਾ ਬੂਟਾ ਹੌਲ਼ੀ-ਹੌਲ਼ੀ ਵੱਡਾ ਹੋਣ ਲੱਗਿਆ। ਉਸ ਦੇ ਪੱਤੇ ਪੁੰਗਰਨੇ ਸ਼ੁਰੂ ਹੋ ਗਏ ਸਨ। ਇਉਂ ਲੱਗਦਾ ਸੀ, ਜਿਵੇਂ ਉਸ ਦੇ ਖੰਭ ਉੱਗ ਆਏ ਹੋਣ। ਉਹਦਾ ਦਿਲ ਕਰਦਾ ਕਿ ਅਸਮਾਨ ਵਿੱਚ ਉੱਡਦੇ ਪੰਛੀਆਂ ਵਾਂਗ ਉਹ ਵੀ ਆਪਣੇ ਖੰਭਾਂ ਨਾਲ਼ ਉੱਡਣ ਲੱਗ ਪਵੇ।

ਪੰਦਰਾਂ-ਵੀਹ ਦਿਨਾਂ ਬਾਅਦ ਉਹਦਾ ਤਣਾ ਹੋਰ ਵੱਡਾ ਹੋ ਗਿਆ। ਪੱਤੇ ਅਤੇ ਕਰੂੰਬਲ਼ਾਂ ਹੋਰ ਵਧੇਰੇ ਪੁੰਗਰ ਪਈਆਂ। ਇੱਕ ਦਿਨ ਉਸ ਨੇ ਅਸਮਾਨ ਵਿੱਚ ਪੰਛੀਆਂ ਦੀ ਡਾਰ ਦੇਖੀ। ਉਹਨੇ ਬੜਾ ਜ਼ੋਰ ਲਾਇਆ ਕਿ ਧਰਤੀ ਵਿੱਚੋਂ ਆਪਣੇ-ਆਪ ਨੂੰ ਛੁਡਵਾ ਕੇ ਉਹਨਾਂ ਪੰਛੀਆਂ ਵਿੱਚ ਜਾ ਰਲ਼ੇ ਅਤੇ ਖ਼ੂਬ ਉਡਾਰੀਆਂ ਲਾਵੇ ਪਰ ਉਸ ਨੂੰ ਤਾਂ ਕਿਸੇ ਨੇ ਧਰਤੀ ਵਿੱਚ ਘੁੱਟ ਕੇ ਜਕੜਿਆ ਹੋਇਆ ਸੀ।

"ਤੂੰ ਕੌਣ ਏਂ, ਜਿਸ ਨੇ ਮੈਨੂੰ ਜਕੜਿਆ ਹੋਇਆ ਏ? ਮੈਨੂੰ ਛੱਡ ਦੇ ਮੈਂ ਅਸਮਾਨ ਵਿੱਚ ਪੰਛੀਆਂ ਨਾਲ਼ ਉਡਾਰੀਆਂ ਲਾਉਣੀਆਂ ਨੇ।"

"ਮੈਂ ਤੇਰੀ ਜੜ੍ਹ ਹਾਂ, ਨੰਨ੍ਹੇ-ਮੁੰਨੇ! ਮੈਂ ਹੀ ਤਾਂ ਤੈਨੂੰ ਜ਼ਿੰਦਾ ਰੱਖਣ ਲਈ ਧਰਤੀ ਵਿੱਚੋਂ ਪਾਣੀ ਲੈ ਕੇ ਦਿੰਦੀ ਹਾਂ। ਜੇ ਤੂੰ ਧਰਤੀ ਨਾਲੋਂ ਟੁੱਟ ਗਿਆ ਜਾਂ ਮੈਂ ਤੈਨੂੰ ਛੱਡ ਦਿੱਤਾ ਤਾਂ ਤੂੰ ਪਲਾਂ-ਛਿਣਾਂ ਵਿੱਚ ਹੀ ਸੁੱਕ ਜਾਏਂਗਾ, ਮਰ ਜਾਏਂਗਾ।"

"ਹੈਂ!" ਜਾਮਣ ਦਾ ਬੂਟਾ ਇਕਦਮ ਡਰ ਗਿਆ।

"ਠੀਕ ਐ, ਫਿਰ ਮੈਂ ਨਹੀਂ ਬਣਦਾ, ਪੰਛੀ। ਐਵੇਂ ਉੱਡ-ਉੱਡ ਕੇ ਥੱਕਦੇ ਰਹਿੰਦੇ ਨੇ। ਮੈਂ ਤਾਂ ਇੱਥੇ ਈ ਠੀਕ ਆਂ।"

ਸਕੂਲ ਵਿੱਚ ਛੁੱਟੀਆਂ ਹੋ ਗਈਆਂ ਸਨ। ਇੱਕ ਦਿਨ ਬੱਦਲ਼ਵਾਈ ਹੋਈ। ਠੰਢੀ ਹਵਾ ਰੁਮਕਣ ਲੱਗੀ।

ਜਾਮਣ ਦੇ ਬੂਟੇ ਨੂੰ ਬੜਾ ਅਨੰਦ ਆਇਆ। ਮੀਂਹ ਪਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਬੋਲਿਆ, "ਸਾਹ ਆ ਗਿਆ।"

ਸਕੂਲ ਦੀ ਚਾਰ-ਦਿਵਾਰੀ ਇੱਕ ਥਾਂ ਤੋਂ ਥੋੜ੍ਹੀ ਜਿਹੀ ਟੁੱਟੀ ਹੋਈ ਸੀ। ਮੰਗਲ਼ ਉਸ ਦੇ ਨੇੜਿਓਂ ਦੀ ਆਪਣੀਆਂ ਬੱਕਰੀਆਂ ਲੈ ਕੇ ਖੇਤਾਂ ਵੱਲ ਲੰਘਿਆ ਕਰਦਾ ਸੀ। ਇੱਕ ਦਿਨ ਛੁੱਟੀਆਂ ਵਿੱਚ ਉਸ ਦੀ ਇੱਕ ਬੱਕਰੀ ਛਾਲ਼ ਮਾਰ ਕੇ ਚਾਰ-ਦਿਵਾਰੀ ਰਾਹੀਂ ਸਕੂਲ ਦੇ ਮੈਦਾਨ ਵਿੱਚ ਆ ਵੜੀ ਤੇ ਘਾਹ ਚਰਨ ਲੱਗੀ। ਜਾਮਣ ਦੇ ਬੂਟੇ ਨੇ ਬੱਕਰੀ ਨੂੰ ਪਹਿਲੀ ਵਾਰ ਦੇਖਿਆ ਸੀ। ਉਹ ਘਾਹ ਚਰਦੀ-ਚਰਦੀ ਉਸ ਵੱਲ ਹੀ ਵਧਦੀ ਆ ਰਹੀ ਸੀ।



ਚਿੱਤਰ

"ਹੈਂ! ਇਹ ਤਾਂ ਘਾਹ ਚਰਦੀ ਆ ਰਹੀ ਹੈ। ਇਹ ਤਾਂ ਲੱਗਦੈ, ਮੈਨੂੰ ਵੀ ਖਾ ਜਾਏਗੀ।" ਜਾਮਣ ਦੇ ਬੂਟੇ ਦੀ ਚਿੰਤਾ ਵਧਣ ਲੱਗ ਪਈ। ਉਦੋਂ ਤੱਕ ਬੱਕਰੀ ਚਰਦੀ-ਚਰਦੀ ਬੂਟੇ ਕੋਲ਼ ਆ ਗਈ। ਉਹ ਉਸ ਦੇ ਕੋਮਲ ਪੱਤਿਆਂ ਨੂੰ ਮੂੰਹ ਮਾਰਨ ਹੀ ਲੱਗੀ ਸੀ ਕਿ ਬੂਟਾ ਸੁੰਗੜਦਾ ਹੋਇਆ ਬੋਲਿਆ,

"ਮੈਨੂੰ ਨਾ ਖਾਹ। ਮੈਂ ਤਾਂ ਅਜੇ ਬਹੁਤ ਛੋਟਾ ਹਾਂ।"

ਬੱਕਰੀ ਬੜੇ ਹੰਕਾਰ ਵਿੱਚ ਬੋਲੀ, "ਕਿਉਂ ਨਾ ਖਾਵਾਂ? ਤੁਹਾਡੇ ਵਰਗੇ ਬੂਟਿਆਂ ਦੇ ਕੋਮਲ-ਕੋਮਲ ਪੱਤੇ ਤੇ ਤਣੇ ਤਾਂ ਮੈਨੂੰ ਬੜੇ ਸੁਆਦੀ ਲੱਗਦੇ ਨੇ।"

ਜਾਮਣ ਦੇ ਬੂਟੇ ਨੇ ਤਰਲਾ ਲਿਆ ਕਿ ਉਹ ਜਦੋਂ ਵੱਡਾ ਹੋ ਗਿਆ ਤਾਂ ਉਸ ਨੂੰ ਆਪਣੇ ਮਿੱਠੇ ਫਲ਼ ਖਾਣ ਲਈ ਦਿਆ ਕਰੇਗਾ। ਇਹ ਸੁਣ ਕੇ ਬੱਕਰੀ ਹੱਸ ਪਈ ਤੇ ਬੋਲੀ, "ਕਿਆ ਪਿੱਦੀ, ਕਿਆ ਪਿੱਦੀ ਦਾ ਸ਼ੋਰਬਾ!"

"ਕੀ ਆਖਿਆ ਏ?" ਜਾਮਣ ਦੇ ਬੂਟੇ ਨੇ ਹੈਰਾਨੀ ਨਾਲ਼ ਪੁੱਛਿਆ।

"ਕੁਝ ਨਹੀਂ, ਤੇਰੇ ਗੱਲ ਸਮਝ ਆਉਣ ਵਾਲ਼ੀ ਨਹੀਂ।"

ਇਹ ਆਖ ਕੇ ਉਸ ਨੇ ਜਾਮਣ ਦੇ ਬੂਟੇ ਦੀ ਟੀਸੀ ਨੂੰ ਮੂੰਹ ਵਿੱਚ ਪਾਇਆ ਤਾਂ ਉਸ ਦੀ ਚੀਕ ਨਿਕਲ਼ ਗਈ।

ਬੱਕਰੀ ਉਸ ਦੇ ਹਰੇ ਕਚੂਰ ਪੱਤੇ ਤੇ ਕਰੂੰਬਲ਼ਾਂ ਖਾ ਗਈ। ਉਹ ਤਾਂ ਚਾਹੁੰਦੀ ਸੀ ਕਿ ਉਸ ਨੂੰ ਜੜ੍ਹੋਂ ਹੀ ਪੁੱਟ ਕੇ ਖਾ ਜਾਵੇ ਪਰ ਉਸ ਦੀ ਜੜ੍ਹ ਡੂੰਘੀ ਲੱਗ ਚੁੱਕੀ ਸੀ। ਜੜ੍ਹ ਨੇ ਆਪਣੇ-ਆਪ ਨੂੰ ਜ਼ਮੀਨ ਨਾਲ਼ ਚੰਗੀ ਤਰ੍ਹਾਂ ਜਕੜਿਆ ਹੋਇਆ ਸੀ। ਇਸ ਲਈ ਬੱਕਰੀ ਜਾਮਣ ਦੇ ਬੂਟੇ ਦਾ ਤਣਾ ਬਾਹਰ ਨਾ ਖਿੱਚ ਸਕੀ।

ਹੁਣ ਉੱਥੇ ਜਾਮਣ ਦੇ ਬੂਟੇ ਦਾ ਕੇਵਲ ਥੋੜ੍ਹਾ ਜਿਹਾ ਤਣਾ ਹੀ ਬਾਹਰ ਦਿਸ ਰਿਹਾ ਸੀ ਅਤੇ ਉਹ ਵੀ ਮਧੋਲ਼ਿਆ ਹੋਇਆ, ਜ਼ਖ਼ਮੀ ਹਾਲਤ ਵਿੱਚ।

ਜੜ੍ਹ ਨੂੰ ਬਹੁਤ ਦੁੱਖ ਹੋਇਆ ਕਿ ਬੱਕਰੀ ਉਸ ਦੇ ਵਧ-ਫੁੱਲ ਰਹੇ ਬੂਟੇ ਨੂੰ ਖਾ ਗਈ ਸੀ। ਭਾਵੇਂ ਮਨੁੱਖ ਦੀ ਗ਼ਲਤੀ ਕਾਰਨ ਧਰਤੀ ਵਿੱਚੋਂ ਪਾਣੀ ਦਾ ਪੱਧਰ ਬਹੁਤ ਹੇਠਾਂ ਜਾ ਰਿਹਾ ਸੀ ਪਰ ਜਾਮਣ ਦੇ ਬੂਟੇ ਦੀ ਜੜ੍ਹ ਵੀ ਹਿੰਮਤ ਨਹੀਂ ਸੀ ਹਾਰ ਰਹੀ। ਉਹ ਧਰਤੀ ਹੇਠਲੀ ਥੋੜ੍ਹੀ-ਬਹੁਤੀ ਨਮੀ ਵਿੱਚੋਂ ਹੀ ਪਾਣੀ ਦੀ ਬੂੰਦ-ਬੂੰਦ ਇਕੱਠੀ ਕਰਕੇ ਆਪਣੇ ਤਣੇ ਨੂੰ ਜਿਉਂਦਾ ਰੱਖ ਰਹੀ ਸੀ।

ਇੱਕ ਦਿਨ ਮੀਂਹ ਦੀਆਂ ਕੁਝ ਬੂੰਦਾਂ ਡਿਗੀਆਂ। ਜਾਮਣ ਦੇ ਰੁੰਡ-ਮਰੁੰਡ ਤਣੇ ਵਿੱਚ ਜਿਵੇਂ ਸਾਹ ਆ ਗਿਆ ਹੋਵੇ। ਉਸ ਵਿੱਚ ਹਿਲ-ਜੁਲ ਹੋਣ ਲੱਗੀ।

ਇੱਕ ਦੋ ਦਿਨਾਂ ਬਾਅਦ ਉਸ ਤਣੇ ਵਿੱਚੋਂ ਨਿੱਕੀਆਂ-ਨਿੱਕੀਆਂ ਕਰੂੰਬਲ਼ਾਂ ਫੁੱਟ ਪਈਆਂ। ਇਹ ਕਰੂੰਬਲ਼ਾਂ ਉਸ ਦੀਆਂ ਅੱਖਾਂ ਸਨ। ਉਸ ਨੇ ਅੰਗੜਾਈ ਲਈ। ਜਾਮਣ ਦਾ ਤਣਾ ਫਿਰ ਰਾਜ਼ੀ ਹੋਣ ਲੱਗ ਪਿਆ।

ਜੜ੍ਹ ਖ਼ੁਸ਼ ਸੀ। ਇੱਕ ਦਿਨ ਉਸ ਨੇ ਤਣੇ ਨੂੰ ਕਹਿੰਦਿਆਂ ਸੁਣਿਆ, "ਮਾਂ, ਮੈਂ ਤਾਂ ਜਿਊਂਣ ਦੀ ਆਸ ਹੀ ਛੱਡ ਦਿੱਤੀ ਸੀ, ਪਰ ਹੁਣ ਮੇਰੇ ਪੱਤੇ ਤੇ ਲਗਰਾਂ ਫਿਰ ਪੁੰਗਰਨਗੀਆਂ। ਮੈਂ ਹਾਰਾਂਗਾ ਨਹੀਂ।"

"ਜੇ ਕਿਸੇ ਬੂਟੇ ਦੀਆਂ ਜੜ੍ਹਾਂ ਧਰਤੀ ਵਿੱਚ ਡੂੰਘੀਆਂ ਲੱਗੀਆਂ ਹੋਣ ਤਾਂ ਉਹ ਜ਼ਰੂਰ ਇੱਕ ਨਾ ਇੱਕ ਬਿਰਖ ਬਣਦਾ ਹੈ।"

"ਹਾਂ, ਮਾਂ, ਮੈਂ ਤੇਰੀ ਬਦੌਲਤ ਇੱਕ ਦਿਨ ਜ਼ਰੂਰ ਰੁੱਖ ਬਣਾਂਗਾ," ਇਹ ਆਖ ਕੇ ਜਾਮਣ ਦਾ ਬੂਟਾ ਫਿਰ ਝੂਮਣ ਲੱਗ ਪਿਆ।

## ਪਾਠ- ਅਭਿਆਸ

1. **ਠੀਕ ਉੱਤਰ ਸਾਮ੍ਹਣੇ ਸਹੀ (✔) ਦਾ ਨਿਸ਼ਾਨ ਲਾਓ :**

(ੳ) ਖਾਣੇ ਵਾਲ਼ੇ ਡੱਬੇ ਦੇ ਇੱਕ ਖ਼ਾਨੇ ਵਿੱਚ ਕੀ ਪਾਇਆ ਹੋਇਆ ਸੀ?

(1) ਅਮਰੂਦ (2) ਸੇਬ

(3) ਮਿਠਿਆਈ (4) ਜਾਮਣਾਂ

(ਅ) ਸਕੂਲ ਦੇ ਮੈਦਾਨ ਵਿੱਚ ਪਾਣੀ ਕਿਸ ਨੇ ਛੱਡਿਆ?

(1) ਲੋਕਾਂ ਨੇ (2) ਬੱਚਿਆਂ ਨੇ

(3) ਅਧਿਆਪਕਾਂ ਨੇ (4) ਮਾਲੀ ਨੇ

(ੲ) ਮੀਂਹ ਪੈਣ ਕਾਰਨ ਜਾਮਣ ਦੇ ਬੂਟੇ ਨੂੰ ਕੀ ਮਹਿਸੂਸ ਹੋਇਆ?

(1) ਭੈ (2) ਹੈਰਾਨੀ

(3) ਅਨੰਦ (4) ਡਰ

(ਸ) ਜਾਮਣ ਦਾ ਬੂਟਾ ਰੁੰਡ-ਮਰੁੰਡ ਕਿਸ ਨੇ ਕੀਤਾ?

(1) ਮੱਝ ਨੇ (2) ਭੇਡ ਨੇ

(3) ਮਾਲੀ ਨੇ (4) ਬੱਕਰੀ ਨੇ

(ਹ) "ਮੈਂ ਹਾਰਾਂਗਾ ਨਹੀਂ।" ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ?

(1) ਤਣੇ ਨੇ ਜੜ੍ਹ ਨੂੰ (2) ਜੜ੍ਹ ਨੇ ਤਣੇ ਨੂੰ

(3) ਬੱਕਰੀ ਨੇ ਜੜ੍ਹ ਨੂੰ (4) ਜੜ੍ਹ ਨੇ ਬੱਕਰੀ ਨੂੰ

2. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :-**

(ੳ) ਭੋਲੂ ਨੇ ਖਾਣੇ ਵਾਲ਼ੇ ਡੱਬੇ ਵਿੱਚ ਕੀ ਦੇਖਿਆ?

(ਅ) ਭੋਲੂ ਨੇ ਸਕੂਲ ਦੀ ਕੰਧ ਕੋਲ਼ ਕੀ ਸੁੱਟਿਆ?

(ੲ) ਪੰਛੀਆਂ ਦੀ ਡਾਰ ਦੇਖ ਕੇ ਜਾਮਣ ਦੇ ਬੂਟੇ ਨੇ ਕੀ ਮਹਿਸੂਸ ਕੀਤਾ?

(ਸ) ਜਾਮਣ ਦੇ ਬੂਟੇ ਦੀ ਚਿੰਤਾ ਕਿਉਂ ਵਧਣ ਲੱਗੀ?

(ਹ) ਜੜ੍ਹ ਨੂੰ ਕੀ ਕਹਿ ਕੇ ਬੂਟਾ ਝੂਮਣ ਲੱਗ ਪਿਆ?

3. **ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :-**

(ੳ) ਜਾਮਣ ਦਾ ਬੂਟਾ ਅਸਮਾਨ ਵਿੱਚ ਕਿਉਂ ਨਹੀਂ ਸੀ ਉੱਡ ਸਕਦਾ?

(ਅ) ਜਾਮਣ ਦੇ ਬੂਟੇ ਨੇ ਬੱਕਰੀ ਨੂੰ ਕੀ ਕਿਹਾ?

(ੲ) ਬੱਕਰੀ ਨੇ ਜਾਮਣ ਦੇ ਬੂਟੇ ਨੂੰ ਕੀ ਜਵਾਬ ਦਿੱਤਾ?

(ਸ) ਮਨੁੱਖ ਦੀ ਗ਼ਲਤੀ ਕਾਰਨ ਕੀ ਵਾਪਰਿਆ?

(ਹ) ਕਿਹੜਾ ਬੂਟਾ ਇੱਕ ਦਿਨ ਬਿਰਖ ਬਣਦਾ ਹੈ?

**ਪ੍ਰਸ਼ਨ 4. ਵਾਕਾਂ ਵਿੱਚ ਵਰਤੋ :**

ਮੁੱਠੀ, ਇੱਧਰ-ਉੱਧਰ, ਕਰੂੰਬਲ਼ਾਂ, ਬੱਦਲ਼ਵਾਈ, ਹੰਕਾਰ, ਹਿੰਮਤ, ਰੁੰਡ-ਮਰੁੰਡ।

5. **ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਛੁੱਟੀ | अवकाश | Holiday |
| ਆਖ਼ਰੀ | | |
| ਬੂਟਾ | | |
| ਹੌਲ਼ੀ-ਹੌਲ਼ੀ | | |
| ਡਾਰ | | |
| ਮੀਂਹ | | |
| ਹੰਕਾਰ | | |
| ਟੀਸੀ | | |
| ਧਰਤੀ | | |

6. **ਸ਼ੁੱਧ ਕਰ ਕੇ ਲਿਖੋ :**

ਕੰਦ

ਆਸਮਾਨ

ਖੰਬ

ਪੰਸ਼ੀ

ਡੂੰਗੀ

ਹਿੱਲ-ਜੁੱਲ

ਚਾਰ ਦਵਾਰੀ

***

ਪਾਠ - 15

# ਅਲੋਪ ਹੋ ਰਹੇ ਜੀਵ-ਜੰਤੂ ਅਤੇ ਬਨਸਪਤੀ

ਮਨੁੱਖ ਜਿਵੇਂ-ਜਿਵੇਂ ਜੰਗਲ਼, ਪਰਬਤ ਅਤੇ ਦਰਿਆਵਾਂ ਆਦਿ ਨਾਲ਼ ਛੇੜ-ਛਾੜ ਕਰ ਕੇ ਉਹਨਾਂ ਨੂੰ ਨਸ਼ਟ ਕਰ ਰਿਹਾ ਹੈ, ਤਿਵੇਂ-ਤਿਵੇਂ ਕੁਦਰਤੀ ਜੀਵ-ਜੰਤ ਅਤੇ ਬਨਸਪਤੀ ਲੋਪ ਹੋ ਰਹੀ ਹੈ। ਮਨੁੱਖ ਦੁਆਰਾ ਖ਼ੁਦ ਤਿਆਰ ਕੀਤੀਆਂ ਗੈਸਾਂ, ਬੰਬ-ਬਰੂਦ ਆਦਿ ਵੀ ਕੁਦਰਤ ਨੂੰ ਪ੍ਰਭਾਵਿਤ ਕਰ ਰਹੇ ਹਨ। ਪੁਰਾਤਨ ਗ੍ਰੰਥਾਂ ਵਿੱਚ ਅਸੀਂ ਕਈ ਜੀਵ-ਜੰਤੂਆਂ ਅਤੇ ਬਨਸਪਤੀ ਆਦਿ ਬਾਰੇ ਪੜ੍ਹਦੇ ਹਾਂ ਜਿਹੜੇ ਇਸ ਸਮੇਂ ਧਰਤੀ 'ਤੇ ਮੌਜੂਦ ਨਹੀਂ ਰਹੇ ਤੇ ਲੋਪ ਹੋ ਗਏ ਹਨ।

ਇਸ ਤਰ੍ਹਾਂ ਜੰਗਲ਼ਾਂ ਦੇ ਖ਼ਤਮ ਹੋਣ ਨਾਲ਼ ਪੰਛੀਆਂ ਦੀਆਂ ਕਈ ਨਸਲਾਂ ਖ਼ਤਮ ਹੋ ਗਈਆਂ ਹਨ। ਪੰਜਾਬ ਵਿੱਚ ਕਿਸੇ ਸਮੇਂ ਹਜ਼ਾਰਾਂ ਦੀ ਗਿਣਤੀ ਵਿੱਚ ਇੱਲਾਂ ਅਤੇ ਗਿਰਝਾਂ ਦਰਖ਼ਤਾਂ 'ਤੇ ਬੈਠੀਆਂ ਹੁੰਦੀਆਂ ਸਨ। ਉਹ ਉੱਚੇ ਪਿੱਪਲ਼ਾਂ, ਬੋਹੜਾਂ ਤੇ ਹੋਰ ਦਰਖ਼ਤਾਂ 'ਤੇ ਆਲ੍ਹਣੇ ਬਣਾ ਕੇ ਰਹਿੰਦੀਆਂ ਸਨ। ਉਹਨਾਂ ਦੇ ਮੋਟੇ ਆਂਡੇ ਵੀ ਵੇਖਣ ਨੂੰ ਆਮ ਮਿਲ਼ਦੇ ਸਨ।



ਜਦੋਂ ਕੋਈ ਪਸ਼ੂ ਮਰਦਾ ਹੈ ਤਾਂ ਉਹ ਹਜ਼ਾਰਾਂ ਦੀ ਗਿਣਤੀ ਵਿੱਚ ਮਾਸ ਖਾਣ ਲਈ ਇਕੱਠੀਆਂ ਹੁੰਦੀਆਂ ਤੇ ਘੰਟਾ-ਘੰਟਾ ਅਕਾਸ਼ ਵਿੱਚ, ਧਰਤੀ ਤੋਂ ਇੱਕ ਤੋਂ ਦੋ ਕਿਲੋਮੀਟਰ ਉੱਪਰ ਵੱਲ ਗੋਲ਼ ਚੱਕਰ ਵਿੱਚ ਘੁੰਮਦੀਆਂ ਤੇ ਸ਼ਾਮ ਨੂੰ ਵਾਪਸ ਰੁੱਖਾਂ 'ਤੇ ਆ ਜਾਂਦੀਆਂ। ਹੁਣ ਇੱਕ ਵੀ ਇੱਲ ਆਸ-ਪਾਸ ਨਜ਼ਰ ਨਹੀਂ ਆਉਂਦੀ। ਮਨ ਦੁਖੀ ਹੁੰਦਾ ਹੈ ਕਿ ਅਸੀਂ ਬੱਚਿਆਂ ਨੂੰ ਉਦਾਹਰਨ ਦੇ ਕੇ ਵੀ ਨਹੀਂ ਸਮਝਾ ਸਕਦੇ ਕਿ ਇੱਲ ਕਿਸ ਤਰ੍ਹਾਂ ਦੀ ਹੁੰਦੀ ਸੀ? ਕੋਈ ਵੀ ਇੱਲ ਹੁਣ ਇੱਥੇ ਮੌਜੂਦ ਨਹੀਂ ਹੈ।

ਇਹਨਾਂ ਦੇ ਅਲੋਪ ਹੋਣ ਦਾ ਇੱਕ ਕਾਰਨ ਇਹ ਹੈ ਕਿ ਹੁਣ ਵੱਡੇ ਰੁੱਖ ਵੀ ਮਨੁੱਖ ਨੇ ਕੱਟ ਦਿੱਤੇ ਹਨ ਤੇ ਵੱਡੇ ਰੁੱਖਾਂ ਦੀ ਕਮੀ ਕਾਰਨ ਇੱਲਾਂ ਇਸ ਕਰਕੇ ਅਲੋਪ ਹੋ ਗਈਆਂ ਕਿਉਂਕਿ ਇਹ ਪੰਛੀ ਪੱਚੀ-ਤੀਹ ਮੀਟਰ ਉੱਚੇ ਰੁੱਖਾਂ 'ਤੇ ਹੀ ਆਲ੍ਹਣੇ ਬਣਾਉਂਦਾ ਸੀ। ਮਨੁੱਖ ਵੱਲੋਂ ਕੀਟ-ਨਾਸਿਕ ਦਵਾਈਆਂ ਖੇਤਾਂ ਵਿੱਚ ਪਾਉਣ ਕਾਰਨ ਅਤੇ ਪਸ਼ੂਆਂ ਨੂੰ ਦੁੱਧ ਚੋਣ ਵਾਲ਼ੇ ਨਸ਼ੇ ਦੇ ਟੀਕੇ ਲਾਉਣ ਕਾਰਨ ਇੱਲਾਂ ਦੀ ਅਬਾਦੀ ਵਿੱਚ ਵਾਧੇ ਦੀ ਦਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਇਸ ਪ੍ਰਕਾਰ ਖੇਤਾਂ ਵਿੱਚੋਂ ਜ਼ਹਿਰੀਲਾ ਪਾਣੀ ਪੀਣ ਕਾਰਨ ਤੇ ਜ਼ਹਿਰੀਲਾ ਮਾਸ ਖਾਣ ਨਾਲ਼ ਅਤੇ ਉੱਚੇ ਰੁੱਖਾਂ ਦੀ ਕਮੀ ਕਾਰਨ ਇੱਲ ਧਰਤੀ ਤੋਂ ਖ਼ਤਮ ਹੋ ਰਹੀ ਹੈ। ਇਹਨਾਂ ਦੀ ਸਲਾਮਤੀ ਲਈ ਜੇਕਰ ਅਜੇ ਵੀ ਸਹੀ ਕਦਮ ਨਾ ਚੁੱਕੇ ਗਏ ਤਾਂ ਇਹ ਪੰਛੀ ਸਦਾ ਲਈ ਇੱਕ ਬੁਝਾਰਤ ਬਣ ਕੇ ਰਹਿ ਜਾਵੇਗਾ।



ਇਸੇ ਤਰ੍ਹਾਂ ਚਿੜੀਆਂ ਵੀ ਜ਼ਹਿਰੀਲਾ ਕੀਟ-ਨਾਸਿਕ ਪਾਣੀ ਪੀਣ ਅਤੇ ਖੇਤਾਂ 'ਚੋਂ ਜ਼ਹਿਰੀਲੇ ਪਦਾਰਥ ਖਾਣ ਕਰਕੇ ਤੇ ਹੋਰ ਕਈ ਕਾਰਨਾਂ ਕਰਕੇ ਇਹਨਾਂ ਦੀ ਗਿਣਤੀ ਵਿੱਚ ਬੇਹੱਦ ਕਮੀ ਆ ਗਈ ਹੈ। ਕੀਟ-ਨਾਸਿਕ ਜ਼ਹਿਰਾਂ ਨਾਲ਼ ਭਰੀਆਂ ਸੁੰਡੀਆਂ ਖਾ ਕੇ ਚਿੜੀਆਂ ਮਰ ਰਹੀਆਂ ਹਨ। ਰਹਿਣ-ਸਹਿਣ ਦੇ ਬਦਲਾਅ ਕਾਰਨ ਚਿੜੀਆਂ ਦੀ ਨਵੀਂ ਪੀੜ੍ਹੀ ਸਹੀ ਢੰਗ ਨਾਲ਼ ਘਰ ਨਹੀਂ ਬਣਾ ਸਕੀ ਤੇ ਸਹੀ ਸਮੇਂ 'ਤੇ ਪ੍ਰਜਣਨ ਨਹੀਂ ਕਰ ਸਕੀ। ਇੱਕ ਚਿੜੀ ਆਪਣੇ ਆਲ੍ਹਣੇ ਵਿੱਚ 2 ਤੋਂ 4 ਬੱਚਿਆਂ ਨੂੰ ਆਂਡਿਆਂ ਰਾਹੀਂ ਜਨਮ ਦਿੰਦੀ ਸੀ। ਅੱਜ ਦੇ ਬੱਚਿਆਂ ਲਈ ਚਿੜੀ ਇੱਕ ਬੁਝਾਰਤ ਬਣ ਗਈ ਹੈ। ਇਹੋ ਹਾਲ ਬਿਜੜੇ ਦਾ ਹੋ ਰਿਹਾ ਹੈ। ਤਿਲ਼, ਬਾਜਰਾ, ਚਰ੍ਹੀ, ਰੌਂਗੀ, ਮਸਰਾਂ ਦੀ ਘਟਦੀ ਬਿਜਾਈ, ਜੰਗਲ਼ ਤੇ ਸਰਕੰਡੇ ਦੇ ਖ਼ਤਮ ਹੋਣ ਕਾਰਨ ਬਿਜੜਾ ਵੀ ਅਲੋਪ ਹੋ ਰਿਹਾ ਹੈ। ਬਿਜੜੇ ਦੀ ਜਨ-ਸੰਖਿਆ ਵਿੱਚ 75% ਕਮੀ ਆਈ ਹੈ ਤੇ ਲਗਾਤਾਰ ਗਿਰਾਵਟ ਜਾਰੀ ਹੈ। ਹੁਣ ਸੜਕਾਂ ਅਤੇ ਨਾਲ਼ਿਆਂ ਕੰਢੇ ਬਿਜੜੇ ਦੇ ਸੁੰਦਰ ਘਰ ਲੁਪਤ ਹੋ ਰਹੇ ਹਨ। ਫ਼ਸਲ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਅੱਗ ਲਾ ਕੇ, ਸਾੜ ਕੇ ਖੇਤ ਸਾਫ਼ ਕਰਨ ਦਾ ਬਹੁਤਾ ਰੁਝਾਨ ਸੰਨ 1999-2000 ਤੋਂ ਸ਼ੁਰੂ ਹੋਇਆ ਹੈ। ਇਸ ਸਮੇਂ ਤੋਂ ਹੀ ਜ਼ਮੀਨ 'ਤੇ ਘਰ ਬਣਾ ਕੇ ਆਂਡੇ ਦੇਣ ਵਾਲ਼ੇ ਪੰਛੀ ਤਿੱਤਰ, ਬਟੇਰ, ਸੱਪ, ਛੋਟੀ ਦੋ ਇੰਚ ਲੰਮੀ ਚਿੜੀ,

ਦੁਰਲੱਭ ਕਾਲ਼ਾ ਤਿੱਤਰ ਤੇ ਧਰਤੀ 'ਤੇ ਬੱਚੇ ਪੈਦਾ ਕਰਨ ਵਾਲੇ ਹੋਰ ਕਈ ਜੀਵ-ਜੰਤੂਆਂ ਦੀ ਤਾਦਾਦ ਵਿੱਚ 50% ਤੋਂ ਵੱਧ ਗਿਰਾਵਟ ਆਈ ਹੈ ਤੇ ਲਗਾਤਾਰ ਜਾਰੀ ਹੈ।

ਪਿੰਡਾਂ ਵਿੱਚ ਮੂਸਲ (ਤੂੜੀ ਦਾ ਕੁੱਪ) ਬੰਨ੍ਹਣ ਦਾ ਰਿਵਾਜ ਖ਼ਤਮ ਹੋਣ ਨਾਲ਼ ਤੇ ਗੋਹੇ ਦੇ ਕੁੱਪ (ਸਰਗਾੜ) ਬਣਾਉਣ ਦਾ ਰੁਝਾਨ 1995 ਤੋਂ ਬਾਅਦ ਅਚਾਨਕ ਸੌ ਪ੍ਰਤਿਸ਼ਤ ਤੋਂ ਦਸ-ਪੰਦਰਾਂ ਪ੍ਰਤਿਸ਼ਤ ਰਹਿ ਜਾਣ ਕਾਰਨ ਦੁਰਲੱਭ ਪ੍ਰਜਾਤੀ ਦੇ ਪੰਛੀ ਅਲੋਪ ਹੋ ਗਏ ਹਨ। ਇਹ ਪੰਛੀ ਮੂਸਲ ਤੇ ਸਰਗਾੜ ਦੇ ਉੱਪਰਲੇ ਪੂਛਲ-ਸਿਰੇ 'ਤੇ ਘਰ ਬਣਾ ਕੇ, ਆਂਡੇ ਦੇ ਕੇ ਬੱਚੇ ਪੈਦਾ ਕਰਦੇ ਸਨ ਪਰ ਅਚਾਨਕ ਕੰਬਾਈਨਾਂ ਦੀ ਕਟਾਈ ਕਾਰਨ ਤੇ ਕਿਸਾਨੀ ਦੇ ਆਧੁਨਿਕੀਕਰਨ ਕਾਰਨ ਲਲਾਰਨ ਨਾਮ ਦਾ ਪੰਛੀ ਮਨੁੱਖ ਅਤੇ ਕੁਦਰਤ ਨੂੰ ਅਲਵਿਦਾ ਕਹਿ ਕੇ ਅਲੋਪ ਹੋ ਗਿਆ ਹੈ। ਇਸੇ ਤਰ੍ਹਾਂ ਬਚੇ-ਖੁਚੇ ਅਨੇਕਾਂ-ਜੀਵ ਜੰਤੂ ਜ਼ਿੰਦਗੀ ਲਈ ਸੰਘਰਸ਼ ਕਰ ਰਹੇ ਹਨ ਪਰ ਜ਼ਹਿਰੀਲਾ ਚੋਗਾ ਬੱਚਿਆਂ ਨੂੰ ਖੁਆਉਣ ਨਾਲ਼ ਉਹਨਾਂ ਦਾ ਸਰੀਰਿਕ ਵਾਧਾ ਸਹੀ ਢੰਗ ਨਾਲ਼ ਨਹੀਂ ਹੋ ਰਿਹਾ ਤੇ ਬੱਚੇ ਆਲ੍ਹਣਿਆਂ ਵਿੱਚ ਹੀ ਮਰ ਰਹੇ ਹਨ। ਇਹ ਸਭ ਮਨੁੱਖ ਦੁਆਰਾ ਕੁਦਰਤ ਨਾਲ਼ ਛੇੜ-ਛਾੜ ਦਾ ਨਤੀਜਾ ਹੈ।



ਜਲ-ਕੁੱਕੜੀ, ਕਾਂ, ਘਰੇਲੂ ਸ਼ਾਰਕ (ਗੁਟਾਰ), ਤੋਤੇ, ਕਬੂਤਰ ਅਤੇ ਘੁੱਗੀਆਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਜੰਗਲ਼ ਕੱਟਣ ਨਾਲ਼ ਤੇ ਕੁਦਰਤੀ ਸਾਧਨਾਂ ਨਾਲ਼ ਛੇੜ-ਛਾੜ ਕਰਨ ਨਾਲ਼ ਜੀਵ-ਜੰਤੂਆਂ ਦੀ ਨਵੀਂ ਪੀੜ੍ਹੀ ਭਟਕ ਜਾਂਦੀ ਹੈ। ਕੁਦਰਤ ਨਾਲ਼ੋਂ ਟੁੱਟਣ ਕਾਰਨ ਉਹ ਸਹੀ ਢੰਗ ਨਾਲ਼ ਆਪਣਾ ਨਸਲੀ ਵਾਧਾ ਨਹੀਂ ਕਰ ਰਹੀ ਤੇ ਨਾ ਹੀ ਸਹੀ ਢੰਗ ਨਾਲ਼ ਆਲ੍ਹਣੇ ਬਣਾ ਰਹੀ ਹੈ। ਇਸੇ ਕਾਰਨ ਉਹਨਾਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਦਰਖ਼ਤਾਂ ਦੀ ਘਾਟ ਕਾਰਨ ਬਗਲਿਆਂ ਦੀ ਤਾਦਾਦ ਵੀ ਲਗਾਤਾਰ ਘਟ ਰਹੀ ਹੈ। ਵੱਡੇ-ਵੱਡੇ ਦਰਖ਼ਤ ਖ਼ਤਮ ਹੁੰਦਿਆਂ ਹੀ ਉੱਲੂ ਖ਼ਤਮ ਹੋ ਰਹੇ ਹਨ ਅਤੇ ਚਮਗਿੱਦੜ, ਚਾਮਚੜਿੱਕ ਤੇ ਪੰਜਾਬ ਦਾ ਸੁੰਦਰ ਪੰਛੀ ਕਠਫੋੜਾ ਵੀ ਖ਼ਤਮ ਹੋ ਰਹੇ ਹਨ ਕਿਉਂਕਿ ਇਹ ਪੁਰਾਣੇ ਦਰਖ਼ਤਾਂ ਦੀਆਂ ਖੋੜਾਂ ਵਿੱਚ ਆਪਣੇ ਘਰ ਬਣਾ ਕੇ ਆਂਡੇ ਦਿੰਦੇ ਸਨ।

ਬਦਲਦੇ ਫ਼ਸਲੀ ਚੱਕਰ ਕਾਰਨ ਤੇ ਕੀਟ-ਨਾਸਿਕਾਂ ਕਾਰਨ ਕਈ ਪ੍ਰਕਾਰ ਦੇ ਕੀੜੇ-ਮਕੌੜੇ ਵੀ ਧਰਤੀ ਤੋਂ ਲੁਪਤ ਹੋ ਗਏ ਹਨ। ਖੇਤਾਂ ਨੂੰ ਅੱਗ ਲਾਉਣ ਦੀ ਪ੍ਰਥਾ ਨੇ ਵੀ ਉਹਨਾਂ ਦਾ ਅੰਤ ਕਰ ਦਿੱਤਾ ਹੈ। ਇਸ ਤਰ੍ਹਾਂ ਕੁਦਰਤ ਦੀ ਸੁੰਦਰਤਾ ਘਟਦੀ ਜਾ ਰਹੀ ਹੈ। ਵਿਗਿਆਨ ਨੇ ਤਰੱਕੀ ਦੀ ਰਾਹ ਤਾਂ ਦੱਸੀ ਹੈ ਪਰ ਉਸ ਦੇ ਬੁਰੇ ਪ੍ਰਭਾਵਾਂ ਦੀ ਰੋਕਥਾਮ ਲਈ ਵਿਗਿਆਨਿਕ ਸੋਚ ਪੈਦਾ ਕਰਨਾ ਬਾਕੀ ਹੈ। ਜੇਕਰ ਅਸੀਂ ਸਮੇਂ 'ਤੇ ਸਹੀ ਕਦਮ ਨਾ ਚੁੱਕੇ ਤਾਂ ਕੁਦਰਤ ਵੀ ਵੱਡੀ ਆਫ਼ਤ ਬਣ ਕੇ ਇੱਕ ਦਿਨ ਸਾਨੂੰ ਸਬਕ ਸਿਖਾ ਸਕਦੀ ਹੈ। ਜੰਗਲ਼, ਦਰਖ਼ਤ ਅਤੇ ਅਨੇਕਾਂ ਕਿਸਮਾਂ ਦੀਆਂ ਜੜ੍ਹੀ-ਬੂਟੀਆਂ ਜੋ ਕਈ ਪ੍ਰਕਾਰ ਦੇ ਗੁਣ ਰੱਖਦੀਆਂ ਹਨ, ਨੂੰ ਵੀ ਮਨੁੱਖ ਖ਼ਤਮ ਕਰ

ਰਿਹਾ ਹੈ। ਇਹੀ ਕਾਰਨ ਹੈ ਕਿ ਪਿਛਲੇ ਕਈ ਸਾਲਾਂ ਤੋਂ ਵਰਖਾ ਸਾਉਣ ਦੇ ਮਹੀਨੇ ਨਹੀਂ ਹੋ ਰਹੀ। ਹੁਣ ਬਰਸਾਤ ਦੀ ਵਰਖਾ ਅਗਸਤ ਦੇ ਅੰਤ ਤੱਕ ਹੋਣ ਲੱਗੀ ਹੈ ਤੇ ਸਤੰਬਰ ਵਿੱਚ ਪ੍ਰਵੇਸ਼ ਕਰਨ ਲੱਗੀ ਹੈ।

ਕੁਦਰਤ ਦੀ ਰਚੀ ਸ੍ਰਿਸ਼ਟੀ ਨੂੰ ਨਸ਼ਟ ਕਰਨ ਦਾ ਸਾਡੇ ਕੋਲ਼ ਕੋਈ ਅਧਿਕਾਰ ਨਹੀਂ ਹੈ। ਜੇਕਰ ਅਸੀਂ ਜੀਵ-ਜੰਤੂ, ਕੁਦਰਤ ਅਤੇ ਵਾਤਾਵਰਨ ਦਾ ਸਮੇਂ ਸਿਰ ਧਿਆਨ ਨਹੀਂ ਰੱਖਾਂਗੇ ਤਾਂ ਸਾਨੂੰ ਭਿਆਨਕ ਨਤੀਜਿਆਂ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ। ਸਾਡੇ ਕੋਲ਼ ਅਜੇ ਵੀ ਸਭ ਕੁਝ ਠੀਕ-ਠਾਕ ਕਰਨ ਦਾ ਸਮਾਂ ਹੈ।

## ਪਾਠ- ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(ੳ) ਖ਼ੁਦ ਤਿਆਰ ਕੀਤੀਆਂ ਗੈਸਾਂ ਅਤੇ ਬੰਬ-ਬਰੂਦ ਆਦਿ ਕਰਕੇ ਮਨੁੱਖ ਕਿਸ ਨੂੰ ਨੁਕਸਾਨ ਪਹੁੰਚਾ ਰਿਹਾ ਹੈ :

(ਕ) ਸੜਕਾਂ ਨੂੰ (ਖ) ਕੁਦਰਤ ਨੂੰ

(ਗ) ਦਰਿਆਵਾਂ ਨੂੰ

(ਅ) ਇੱਲ ਮਾਸ ਖਾਣ ਲਈ ਧਰਤੀ ਤੋਂ ਕਿੰਨੀ ਦੂਰੀ ਤੱਕ ਅਕਾਸ਼ ਵਿੱਚ ਘੁੰਮਦੀ ਨਜ਼ਰ ਆਉਂਦੀ ਹੈ?

(ਕ) ਇੱਕ-ਦੋ ਕਿਲੋਮੀਟਰ (ਖ) ਦੋ-ਤਿੰਨ ਕਿਲੋਮੀਟਰ

(ਗ) ਤਿੰਨ-ਚਾਰ ਕਿਲੋਮੀਟਰ

(ੲ) ਕਿਹੜੇ ਪੰਛੀ ਦੇ ਵਧੇਰੇ ਕਰਕੇ ਲੁਪਤ ਹੋਣ ਦਾ ਜ਼ਿਕਰ ਹੈ?

(ਕ) ਕਾਂ (ਖ) ਬਟੇਰਾ

(ਗ) ਇੱਲਾਂ

(ਸ) ਅੱਜ ਦੇ ਛੋਟੇ ਬੱਚੇ ਲਈ ਕਿਹੜਾ ਜਾਨਵਰ ਅਣਡਿੱਠ ਹੋ ਰਿਹਾ ਹੈ।

(ਕ) ਕਬੂਤਰ (ਖ) ਚਿੜੀ

(ਗ) ਕਾਂ

(ਹ) ਬਿਜੜੇ ਦੀ ਜਨ-ਸੰਖਿਆ ਵਿੱਚ ਕਿੰਨੀ ਕਮੀ ਆਈ ਹੈ?

(ਕ) 50% (ਖ) 75% (ਗ) 72%

## 2. ਪ੍ਰਸ਼ਨਾਂ ਦੇ ਉੱਤਰ ਦਿਓ :

(ੳ) ਜੰਗਲ਼ਾਂ ਦੇ ਖ਼ਤਮ ਹੋਣ ਨਾਲ਼ ਕੀ ਖਤਮ ਹੋ ਰਿਹਾ ਹੈ?

(ਅ) ਪਸ਼ੂ ਮਰਨ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਕਿਨ੍ਹਾਂ ਦੀ ਤਾਦਾਦ ਇਕੱਤਰ ਹੋ ਜਾਂਦੀ ਸੀ?

(ੲ) ਇੱਲਾਂ ਦੇ ਅਲੋਪ ਹੋ ਜਾਣ ਦਾ ਇੱਕ ਕਾਰਨ ਦੱਸੋ।

(ਸ) ਕਿਸ ਪੰਛੀ ਦਾ ਆਲ੍ਹਣਾ ਬਹੁਤ ਸੁੰਦਰ ਮੰਨਿਆ ਜਾਂਦਾ ਹੈ?

(ਹ) ਖੇਤਾਂ ਨੂੰ ਅੱਗ ਲਾਉਣ ਦੀ ਪ੍ਰਥਾ ਨੇ ਕੀ ਨੁਕਸਾਨ ਕੀਤਾ ਹੈ?

## 3. ਵਿਸਤਾਰ ਨਾਲ਼ ਉੱਤਰ ਦਿਓ :

(ੳ) ਜੰਗਲ਼ਾਂ ਤੇ ਪਰਬਤਾਂ ਦੀ ਛੇੜ-ਛਾੜ ਨਾਲ਼ ਕੁਦਰਤ ਕਿਵੇਂ ਪ੍ਰਭਾਵਿਤ ਹੋਈ ਹੈ?

(ਅ) ਇੱਲਾਂ, ਗਿਰਝਾਂ ਦੇ ਰਹਿਣ-ਸਥਾਨ ਤੇ ਜੀਵਨ ਬਾਰੇ ਤੁਸੀਂ ਕੀ ਜਾਣਦੇ ਹੋ?

(ੲ) ਕੀਟ-ਨਾਸਿਕ ਦਵਾਈਆਂ ਦੇ ਛਿੜਕਣ ਨਾਲ਼ ਕਿਹੜੇ ਪੰਛੀ ਅਲੋਪ ਹੋਏ ਹਨ?

(ਸ) ਵੱਡੇ-ਵੱਡੇ ਦਰਖ਼ਤ ਕੱਟਣ ਨਾਲ਼ ਕਿਹੜੇ ਜਾਨਵਰ ਖ਼ਤਮ ਹੋ ਗਏ ਹਨ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| ਸ਼ਬਦ | ਵਾਕ |
|---|---|
| : ਪ੍ਰਭਾਵਿਤ | |
| ਮੌਜੂਦ | |
| ਬੁਝਾਰਤ | |
| ਜੰਗਲ਼ | |
| ਦੁਰਲੱਭ | |

## 5. ਹੇਠ ਲਿਖੇ ਕਿਹੜੇ ਲਕੀਰੇ ਸ਼ਬਦ ਨਾਂਵ ਹਨ ਅਤੇ ਕਿਹੜੇ ਵਿਸ਼ੇਸ਼ਣ?

(1) ਪੁਰਾਤਨ ਗ੍ਰੰਥਾਂ ਵਿੱਚ ਅਸੀਂ ਬਨਸਪਤੀ ਸੰਬੰਧੀ ਪੜ੍ਹਦੇ ਹਾਂ।

(2) ਮਨ ਦੁਖੀ ਹੁੰਦਾ ਹੈ।

(3) ਵੱਡੇ ਰੁੱਖ ਵੀ ਮਨੁੱਖ ਨੇ ਕੱਟ ਦਿੱਤੇ ਹਨ?

(4) ਚਿੜੀਆਂ ਵੀ ਜ਼ਹਿਰੀਲਾ ਕੀਟ-ਨਾਸਿਕ ਖਾਣ ਨਾਲ਼ ਨਸ਼ਟ ਹੋ ਰਹੀਆਂ ਹਨ।

(5) ਅੱਜ ਦੇ ਛੋਟੇ ਬੱਚੇ ਲਈ ਚਿੜੀ ਬੁਝਾਰਤ ਬਣ ਗਈ ਹੈ।

6. ॥ਹੇਠ ਲਿਖੇ ਵਾਕਾਂ ਵਿੱਚ ਠੀਕ ਅੱਗੇ ਠੀਕ (✔) ਤੇ ਗ਼ਲਤ ਅੱਗੇ ਕਾਟੇ (✘) ਦਾ ਨਿਸ਼ਾਨ ਲਾਓ :

(1) ਜੰਗਲ਼ਾਂ ਦੇ ਖ਼ਤਮ ਹੋਣ ਦਾ ਸਾਨੂੰ ਕੋਈ ਨੁਕਸਾਨ ਨਹੀਂ।

(2) ਵੱਡੇ ਰੁੱਖ ਮਨੁੱਖ ਨੇ ਕੱਟ ਦਿੱਤੇ ਹਨ।

(3) ਫ਼ਸਲਾਂ ਕੱਟਣ ਤੋਂ ਬਾਅਦ ਪਰਾਲ਼ੀ ਨੂੰ ਅੱਗ ਨਹੀਂ ਲਾਉਣੀ ਚਾਹੀਦੀ।

(4) ਕੁਦਰਤ ਦੀ ਰਚੀ ਸ੍ਰਿਸ਼ਟੀ ਨੂੰ ਨਸ਼ਟ ਕਰਨ ਦਾ ਸਾਡੇ ਕੋਲ਼ ਅਧਿਕਾਰ ਹੈ।

(5) ਹੁਣ ਸੜਕਾਂ ਅਤੇ ਨਾਲਿਆਂ ਕੰਢੇ ਬਿਜੜੇ ਦੇ ਸੁੰਦਰ ਘਰ ਲ਼ੁਪਤ ਹੋ ਗਏ ਹਨ।

7. ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਮਨੁੱਖ | मनुष्य | Man |
| ਬੱਚੇ | ________ | ________ |
| ਰੁੱਖ | ________ | ________ |
| ਘਰ | ________ | ________ |
| ਸਹੀ | ________ | ________ |

***

ਪਾਠ - 16

# ਉਲੰਪਿਕ ਚੈਂਪੀਅਨ – ਅਭਿਨਵ ਬਿੰਦਰਾ

ਅਭਿਨਵ ਬਿੰਦਰਾ ਕਿਸੇ ਵਿਅਕਤੀਗਤ ਖੇਡ ਵਿੱਚ ਭਾਰਤ ਦਾ ਪਹਿਲਾ ਉਲੰਪਿਕ ਚੈਂਪੀਅਨ ਹੈ। ਬੀਜਿੰਗ ਉਲੰਪਿਕ-2008 ਵਿੱਚ ਉਲਿੰਪਿਕ ਚੈਂਪੀਅਨ ਬਣਨ ਤੋਂ ਪਹਿਲਾਂ ਉਹ 2006 ਵਿੱਚ ਵਿਸ਼ਵ-ਚੈਂਪੀਅਨ ਬਣ ਗਿਆ ਸੀ। ਇਹ ਪਹਿਲੀ ਵਾਰ ਸੀ ਕਿ ਕੋਈ ਭਾਰਤੀ ਨਿਸ਼ਾਨੇਬਾਜ਼ ਵਿਸ਼ਵ-ਚੈਂਪੀਅਨ ਬਣਿਆ। ਕਾਮਨਵੈੱਲਥ ਖੇਡਾਂ ਦਾ ਉਹ ਚਾਰ ਵਾਰ ਚੈਂਪੀਅਨ ਬਣਿਆ। ਉਸ ਨੇ 2014 ਤੱਕ ਤਿੰਨ ਉਲੰਪਿਕ ਖੇਡਾਂ, ਤਿੰਨ ਏਸ਼ਿਆਈ ਖੇਡਾਂ ਤੇ ਪੰਜ ਕਾਮਨਵੈੱਲਥ ਖੇਡਾਂ ਵਿੱਚ ਭਾਗ ਲਿਆ। ਉਲੰਪਿਕ ਖੇਡਾਂ, ਵਿਸ਼ਵ-ਚੈਂਪੀਅਨਸ਼ਿਪ, ਕਾਮਨਵੈੱਲਥ ਖੇਡਾਂ ਤੇ ਏਸ਼ਿਆਈ ਖੇਡਾਂ ਵਿੱਚੋਂ ਉਸ ਨੇ 6 ਸੋਨੇ, ਤਿੰਨ ਚਾਂਦੀ ਤੇ 3 ਕਾਂਸੀ ਦੇ ਤਗਮੇ ਜਿੱਤੇ ਹਨ। ਸੰਨ1896 ਤੋਂ ਸ਼ੁਰੂ ਹੋਈਆਂ ਉਲੰਪਿਕ ਖੇਡਾਂ ਵਿੱਚ ਭਾਰਤ ਦੀਆਂ ਹਾਕੀ ਟੀਮਾਂ ਹੀ ਸੋਨ-ਤਗਮੇ ਜਿੱਤੀਆਂ ਸਨ। ਕੋਈ ਇਕੱਲਾ ਖਿਡਾਰੀ ਉਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਭਾਰਤ ਨੂੰ ਕਿਸੇ ਵਿਅਕਤੀਗਤ ਖੇਡ ਵਿੱਚ ਪਹਿਲਾ ਉਲੰਪਿਕ ਸੋਨ-ਤਗਮਾ ਜਿੱਤਣ ਦਾ ਮਾਣ ਪੰਜਾਬ ਦੇ ਇਸ ਹੋਣਹਾਰ ਖਿਡਾਰੀ ਨੇ ਹੀ ਦਿਵਾਇਆ ਹੈ।

ਉਹਦੀਆਂ ਖੇਡ-ਪ੍ਰਾਪਤੀਆਂ ਸਦਕਾ ਭਾਰਤ ਸਰਕਾਰ ਨੇ ਉਸ ਨੂੰ 2000 ਵਿੱਚ ਅਰਜੁਨ ਐਵਾਰਡ, 2001 ਵਿੱਚ ਰਾਜੀਵ ਗਾਂਧੀ ਖੇਲ-ਰਤਨ ਐਵਾਰਡ ਤੇ 2009 ਵਿੱਚ 'ਪਦਮ ਭੂਸ਼ਨ' ਪੁਰਸਕਾਰ ਨਾਲ਼ ਸਨਮਾਨਿਤ ਕੀਤਾ। 2011 ਵਿੱਚ ਭਾਰਤੀ ਫ਼ੌਜ ਨੇ ਉਸ ਨੂੰ 'ਟੈਰੀਟੋਰੀਅਲ ਆਰਮੀ ਪੈਰਾਸ਼ੂਟ ਬਟਾਲੀਅਨ' ਵਿੱਚ ਲੈਫ਼ਟੀਨੈਂਟ ਕਰਨਲ ਦਾ ਆਨਰੇਰੀ ਅਹੁਦਾ ਦਿੱਤਾ। ਉਸ ਨੂੰ ਦੇਸ-ਵਿਦੇਸ਼ ਦੇ ਹੋਰ ਵੀ ਅਨੇਕਾਂ ਮਾਣ-ਸਨਮਾਨ ਮਿਲ਼ੇ। ਜ਼ਿਲ੍ਹਾ ਪੱਧਰ ਤੋਂ ਵਿਸ਼ਵ ਪੱਧਰ ਤੱਕ ਉਸ ਦੇ ਜਿੱਤੇ ਤਗਮਿਆਂ ਤੇ ਟਰਾਫ਼ੀਆਂ ਦੀ ਗਿਣਤੀ ਸੌ ਤੋਂ ਵੱਧ ਹੈ। ਉਹ ਭਾਰਤ ਦੇ ਕਰੋੜਾਂ ਬੱਚਿਆਂ ਤੇ ਨੌਜਵਾਨਾਂ ਦਾ ਰੋਲ-ਮਾਡਲ (ਆਦਰਸ਼) ਹੈ।

ਉਹਦਾ ਜਨਮ ਮਾਤਾ ਕੰਵਲਜੀਤ ਕੌਰ ਬਬਲੀ ਦੀ ਕੁੱਖੋਂ ਪਿਤਾ ਡਾ. ਅਪਜੀਤ ਸਿੰਘ ਬਿੰਦਰਾ ਦੇ ਘਰ 28 ਸਤੰਬਰ, 1982 ਨੂੰ ਦੇਹਰਾਦੂਨ ਵਿਖੇ ਹੋਇਆ। ਉਸ ਦਾ ਕੱਦ 5 ਫ਼ੁੱਟ, 8 ਇੰਚ ਹੈ। ਉਹ ਵਧੇਰੇ ਕਰਕੇ ਗੰਭੀਰ ਦਿਸਦਾ ਹੈ ਤੇ ਕਦੇ-ਕਦੇ ਹੀ ਮੁਸਕਰਾਉਂਦਾ ਹੈ। ਵੇਖਣ ਨੂੰ ਉਹ ਸਧਾਰਨ ਨੌਜਵਾਨ ਲੱਗਦਾ ਹੈ ਜਿਸ ਵਿੱਚ ਕਿਸੇ ਤਰ੍ਹਾਂ ਦੀ ਫੂੰ-ਫਾਂ ਨਹੀਂ।

ਉਸ ਦੀ ਮਾਤਾ ਕੰਵਲਜੀਤ ਕੌਰ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਮਹਾਨ ਜਰਨੈਲ ਹਰੀ ਸਿੰਘ ਨਲੂਆ ਦੀ ਪੰਜਵੀਂ ਪੀੜ੍ਹੀ ਵਿੱਚੋਂ ਹੈ। ਹਰੀ ਸਿੰਘ ਨਲੂਆ ਨੇ ਖ਼ਾਲੀ ਹੱਥਾਂ ਨਾਲ਼ ਸ਼ੇਰ ਦਾ ਸ਼ਿਕਾਰ ਕੀਤਾ ਸੀ, ਉਸ ਦੀ ਛੇਵੀਂ ਪੀੜ੍ਹੀ ਦੇ ਵਾਰਸ ਅਭਿਨਵ ਨੇ ਰਾਈਫ਼ਲ ਦਾ ਉਲੰਪਿਕ ਖੇਡਾਂ ਦਾ ਸੋਨ-ਤਗਮਾ ਫੁੰਡਿਆ ਹੈ। ਅਭਿਨਵ ਦੀ ਮਾਤਾ ਕੌਮੀ ਪੱਧਰ ਦੀ ਹੈਂਡਬਾਲ-ਖਿਡਾਰਨ ਰਹੀ ਹੈ। ਸਕੂਲ ਤੇ ਕਾਲਜ ਵਿੱਚ ਪੜ੍ਹਦਿਆਂ ਉਹ ਬਾਸਕਟਬਾਲ, ਟੇਬਲ-ਟੈਨਿਸ ਤੇ ਹਾਕੀ ਦੀਆਂ ਟੀਮਾਂ ਦੀ ਕਪਤਾਨ ਰਹੀ। ਉਸ ਦੇ ਪਿਤਾ ਅਪਜੀਤ ਸਿੰਘ ਬਿੰਦਰਾ ਨੇ ਵੈਟਰਨਰੀ ਸਾਇੰਸ ਦੀ ਮਾਸਟਰ ਡਿਗਰੀ ਕਰਕੇ ਡਾਕਟਰੇਟ ਕੀਤੀ ਤੇ ਆਪਣਾ ਵਪਾਰ ਸ਼ੁਰੂ ਕੀਤਾ

ਜਿਸ ਨੂੰ ਬੜੇ ਰੰਗ-ਭਾਗ ਲੱਗੇ। ਉਹਨਾਂ ਦੇ ਘਰ ਪਹਿਲਾਂ ਧੀ ਦਿਵਿਆ ਨੇ ਜਨਮ ਲਿਆ ਜੋ ਵਿਆਹੀ ਜਾ ਚੁੱਕੀ ਹੈ। 1994-95 ਤੋਂ ਹੁਣ ਤੱਕ ਉਹ ਆਪਣੀ ਏਅਰ-ਰਾਈਫ਼ਲ ਨਾਲ਼ ਵੱਧ ਤੋਂ ਵੱਧ ਸਮਾਂ ਬਿਤਾ ਰਿਹਾ ਹੈ।

ਅਭਿਨਵ ਦੇ ਬਾਬਾ ਜੀ ਕਰਨਲ ਬੀਰ ਸਿੰਘ, ਮੇਜਰ ਧਿਆਨ ਚੰਦ ਦੀ ਕਪਤਾਨੀ ਵਿੱਚ ਭਾਰਤੀ ਫ਼ੌਜ ਦੀ ਹਾਕੀ ਟੀਮ ਵਿੱਚ ਖੇਡਦੇ ਰਹੇ ਸਨ। ਬਿੰਦਰਾ ਪਰਿਵਾਰ ਪੁਰਖਿਆਂ ਤੋਂ ਹੀ ਖੇਡ-ਪ੍ਰੇਮੀ ਹੈ। ਅਭਿਨਵ ਨੇ ਦੇਹਰਾਦੂਨ ਦੇ ਦੂਨ ਸਕੂਲ ਤੋਂ ਪੜ੍ਹਨਾ ਸ਼ੁਰੂ ਕੀਤਾ ਤੇ ਨੌਂਵੀਂ ਜਮਾਤ ਚੰਡੀਗੜ੍ਹ ਦੇ ਸੇਂਟ ਸਟੀਫਨਜ਼ ਸਕੂਲ ਵਿੱਚ ਪੜ੍ਹਨ ਆ ਲੱਗਾ। ਉਸ ਦੇ ਪਿਤਾ ਜੀ ਨੇ ਛੱਤਬੀੜ ਨੇੜੇ ਜ਼ੀਰਕਪੁਰ-ਪਟਿਆਲ਼ਾ ਸੜਕ 'ਤੇ 'ਬਿੰਦਰਾ ਫ਼ਾਰਮਜ਼' ਨਾਂ ਦਾ ਆਲੀਸ਼ਾਨ ਨਿਵਾਸ ਬਣਾ ਲਿਆ ਸੀ। ਇਹ ਪਿੰਡ ਕਿਸ਼ਨਪੁਰਾ, ਜ਼ਿਲ੍ਹਾ ਮੁਹਾਲ਼ੀ ਦੀ ਜ਼ਮੀਨ ਵਿੱਚ ਹੈ। ਤੇਰਾਂ ਏਕੜ ਦੇ ਇਸ ਵਿਸ਼ਾਲ ਬਿੰਦਰਾ ਫ਼ਾਰਮਜ਼ ਵਿੱਚ ਪਿਤਾ ਨੇ ਪੁੱਤਰ ਨੂੰ ਨਿਸ਼ਾਨੇਬਾਜ਼ੀ ਦੀ ਟ੍ਰੇਨਿੰਗ ਦੇਣ ਲਈ ਉਲੰਪਿਕ ਪੱਧਰ ਦੀ ਇਨਡੋਰ ਸ਼ੂਟਿੰਗ ਰੇਂਜ ਬਣਵਾਈ ਤੇ ਵਧੀਆ ਕੋਚਿੰਗ ਦਾ ਪ੍ਰਬੰਧ ਕੀਤਾ।

ਅਭਿਨਵ ਅਜੇ ਬੱਚਾ ਹੀ ਸੀ ਜਦੋਂ ਉਸ ਨੇ ਅਮਰੀਕਾ ਦੇ ਅਥਲੀਟ ਕਾਰਲ ਲੇਵਿਸ ਦੀਆਂ ਗੱਲਾਂ ਸੁਣੀਆਂ। ਉਸ ਨੇ ਉਲੰਪਿਕ ਖੇਡਾਂ ਵਿੱਚੋਂ ਕਈ ਮੈਡਲ ਜਿੱਤੇ ਸਨ। ਉਸ ਦੀ ਮਹਿਮਾ ਸੁਣ ਕੇ ਉਹਦੇ ਮਨ ਵਿੱਚ ਵੀ ਖਿਡਾਰੀ ਬਣਨ ਤੇ ਉਲੰਪਿਕ ਖੇਡਾਂ 'ਚੋਂ ਮੈਡਲ ਜਿੱਤਣ ਦਾ ਚਾਅ ਪੈਦਾ ਹੋ ਗਿਆ। ਉਸ ਨੂੰ ਤੋਹਫ਼ੇ ਵਜੋਂ ਏਅਰ-ਰਾਈਫ਼ਲ ਮਿਲ਼ ਗਈ ਤੇ ਉਹ ਸ਼ੌਕ ਨਾਲ਼ ਸ਼ੂਟਿੰਗ ਕਰਨ ਲੱਗਾ। ਇੱਕ ਦਿਨ ਉਹਦੇ ਪਿਤਾ ਜੀ ਉਹਦੀ ਪੜ੍ਹਾਈ ਲਈ ਸਾਇੰਸ ਦਾ ਟਿਊਟਰ ਲੱਭਣ ਚੰਡੀਗੜ੍ਹ ਗਏ। ਉੱਥੇ ਉਹਨਾਂ ਦਾ ਮੇਲ਼ ਪੀ. ਜੀ. ਆਈ. ਦੇ ਰਿਸਰਚ ਸਕਾਲਰ ਡਾ. ਅਮਿਤ ਭੱਟਾਚਾਰਜੀ ਨਾਲ਼ ਹੋਇਆ। ਤਦ ਤੱਕ ਅਭਿਨਵ ਲੈਫ਼ਟੀਨੈਂਟ ਕਰਨਲ ਜੇ. ਐੱਸ. ਢਿੱਲੋਂ ਤੋਂ ਸ਼ੂਟਿੰਗ ਦੀ ਕੋਚਿੰਗ ਲੈਣ ਲੱਗ ਪਿਆ ਸੀ। ਅਨਿਭਵ ਦੀ ਪੜ੍ਹਾਈ ਤੇ ਸ਼ੂਟਿੰਗ ਬਾਰੇ ਦੱਸਿਆ ਗਿਆ ਤਾਂ ਭੱਟਾਚਾਰਜੀ ਡਾ. ਬਿੰਦਰਾ ਦੇ ਨਾਲ਼ ਅਭਿਨਵ ਨੂੰ ਆ ਮਿਲ਼ਿਆ। ਉਦੋਂ ਉਸ ਦੀ ਉਮਰ ਤੇਰ੍ਹਾਂ ਕੁ ਸਾਲਾਂ ਦੀ ਸੀ। ਭੱਟਾਚਾਰਜੀ ਨੇ ਡਾਕਟਰੀ ਦੀਆਂ ਡਿਗਰੀਆਂ ਨਾਲ਼ ਕਈ ਸਰਟੀਫ਼ਾਈਡ ਕੋਰਸ ਵੀ ਕੀਤੇ ਹੋਏ ਸਨ। ਕਰਨਲ ਢਿੱਲੋਂ ਨਾਲ਼ ਉਹ ਵੀ ਉਹਦਾ ਕੋਚ ਬਣ ਗਿਆ।

ਅਭਿਨਵ ਬਿੰਦਰਾ ਇਸ ਗੱਲੋਂ ਖ਼ੁਸ਼ਕਿਸਮਤ ਰਿਹਾ ਕਿ ਉਸ ਨੂੰ ਖ਼ੁਸ਼ਹਾਲ ਮਾਪੇ ਮਿਲ਼ੇ ਜਿਨ੍ਹਾਂ ਨੇ ਪੁੱਤਰ ਨੂੰ ਚੋਟੀ ਦਾ ਨਿਸ਼ਾਨੇਬਾਜ਼ ਬਣਾਉਣ ਲਈ ਲੱਖਾਂ-ਕਰੋੜਾਂ ਰੁਪਏ ਖ਼ਰਚੇ। ਅਭਿਨਵ ਵਿੱਚ ਏਨੀ ਲਗਨ ਸੀ ਕਿ ਉਹ ਹਰ ਰੋਜ਼ ਬਾਰਾਂ-ਬਾਰਾਂ ਘੰਟੇ ਸ਼ੂਟਿੰਗ ਕਰਦਾ ਨਾ ਥੱਕਦਾ। ਅਰਜਨ ਦੇ ਮੱਛੀ ਦੀ ਅੱਖ ਵੇਖਣ ਵਾਂਗ ਉਹਦਾ ਇੱਕੋ ਨਿਸ਼ਾਨਾ ਸੀ ਕਿ ਉਲੰਪਿਕ ਖੇਡਾਂ ਦਾ ਗੋਲਡ ਮੈਡਲ ਜਿੱਤਣਾ ਹੈ। ਭਾਰਤ ਵਿੱਚ ਬਹੁਤੇ ਖਿਡਾਰੀ ਸਹੂਲਤਾਂ ਤੋਂ ਸੱਖਣੇ ਰਹਿ ਜਾਂਦੇ ਹਨ ਪਰ ਅਭਿਨਵ ਨੂੰ ਸਹੂਲਤਾਂ ਦੀ ਕੋਈ ਕਮੀ ਨਹੀਂ ਸੀ। ਉਹ ਛੋਟੀ ਉਮਰ ਵਿੱਚ ਹੀ ਜ਼ਿਲ੍ਹੇ, ਸੂਬੇ ਤੇ ਕੌਮੀ ਪੱਧਰ ਦੇ ਮੁਕਾਬਲੇ ਜਿੱਤਣ ਲੱਗਾ। ਉਹ ਅਜੇ ਸੋਲ੍ਹਵੇਂ ਸਾਲ ਵਿੱਚ ਹੀ ਸੀ ਕਿ ਭਾਰਤ ਵੱਲੋਂ ਕਾਮਨਵੈੱਲਥ ਖੇਡਾਂ ਵਿੱਚ ਭਾਗ ਲੈਣ ਗਿਆ। ਅਠਾਰ੍ਹਵੇਂ ਸਾਲ ਵਿੱਚ ਉਸ ਨੇ ਸਿਡਨੀ-2000 ਦੀਆਂ ਉਲੰਪਿਕ ਖੇਡਾਂ ਵਿੱਚ ਹਿੱਸਾ ਲਿਆ।

ਸਕੂਲ ਦੀ ਪੜ੍ਹਾਈ ਪੂਰੀ ਕਰ ਕੇ ਉਸ ਨੇ ਬੈੱਚਲਰ ਆਫ਼ ਬਿਜ਼ਨਿਸ ਐਡਮਨਿਸਟ੍ਰੇਸ਼ਨ ਤੇ ਮਾਸਟਰ ਆਫ਼ ਬਿਜ਼ਨਿਸ ਦੀਆਂ ਡਿਗਰੀਆਂ ਅਮਰੀਕਾ ਦੀ ਯੂਨੀਵਰਸਿਟੀ ਆਫ਼ ਕੋਲੋਰਾਡੋ ਤੋਂ ਹਾਸਲ ਕੀਤੀਆਂ।

2001 ਵਿੱਚ ਉਹ ਮਿਊਨਿਖ ਵਿਖੇ 10 ਮੀਟਰ ਏਅਰ-ਰਾਈਫ਼ਲ ਨਿਸ਼ਾਨੇਬਾਜ਼ੀ ਵਿੱਚ 597/600 ਅੰਕ ਲੈ ਕੇ ਨਵੇਂ ਰਿਕਾਰਡ ਨਾਲ਼ ਜੂਨੀਅਰ ਵਰਲਡ ਚੈਂਪੀਅਨ ਬਣਿਆ। ਫਿਰ ਤਾਂ ਚੱਲ ਸੋ ਚੱਲ ਹੋ ਗਈ ਤੇ ਉਹ ਕੌਮਾਂਤਰੀ ਪੱਧਰ ਦੇ ਮੁਕਾਬਲਿਆਂ ਵਿੱਚ ਭਾਰਤ ਲਈ ਤਗਮੇ ਜਿੱਤਣ ਲੱਗਾ। 2002 ਵਿੱਚ ਉਸ ਨੇ ਯੂਰਪੀ ਸਰਕਟ ਚੈਂਪੀਅਨਸ਼ਿਪਾਂ 'ਚੋਂ 7 ਸੋਨੇ, 1 ਕਾਂਸੀ ਤੇ 4 ਚਾਂਦੀ ਦੇ ਤਗਮੇ ਜਿੱਤੇ। ਉਹਨਾਂ ਵਿੱਚ ਇੱਕ ਗੋਲਡ ਤੇ ਇੱਕ ਸਿਲਵਰ ਮੈਡਲ ਮਾਨਚੈਸਟਰ ਦੀਆਂ ਕਾਮਨਵੈੱਲਥ ਖੇਡਾਂ ਦੇ ਸਨ। ਕੋਚ ਕਰਨਲ ਢਿੱਲੋਂ ਤੋਂ ਬਾਅਦ ਡਾ. ਭੱਟਾਚਾਰਜੀ, ਲਾਜ਼ਕੋ ਸਜੂਜਕ, ਗੈਬਰੀਲਾ ਬੁਲਮੈਨ ਤੇ ਸੰਨੀ ਥਾਮਸ ਉਸ ਦੇ ਕੋਚ ਰਹੇ। ਡਾ . ਭੱਟਾਚਾਰਜੀ ਤਾਂ ਹਮੇਸ਼ਾਂ ਉਸ ਦੇ ਅੰਗ-ਸੰਗ ਰਹੇ।

ਏਥਨਜ਼-2004 ਦੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਪੁਰਾਣਾ ਉਲੰਪਿਕ ਰਿਕਾਰਡ ਤੋੜ ਦਿੱਤਾ ਪਰ ਕੋਈ ਮੈਡਲ ਨਾ ਜਿੱਤ ਸਕਿਆ। 2005 ਵਿੱਚ ਉਸ ਨੇ ਏਸ਼ਿਆਈ ਸ਼ੂਟਿੰਗ ਚੈਂਪੀਅਨਸ਼ਿਪ ਦਾ ਗੋਲਡ ਮੈਡਲ ਤੇ 2006 ਵਿੱਚ ਜ਼ਗਰੇਬ ਤੋਂ ਵਰਲਡ ਚੈਂਪੀਅਨਸ਼ਿਪ ਦਾ ਗੋਲਡ ਮੈਡਲ 669.1 ਅੰਕ ਹਾਸਲ ਕਰ ਕੇ ਜਿੱਤਿਆ। 2006 ਵਿੱਚ ਹੀ ਉਸ ਨੂੰ ਰੀੜ੍ਹ ਦੀ ਹੱਡੀ ਦਾ ਦਰਦ ਸ਼ੁਰੂ ਹੋ ਗਿਆ ਜਿਸ ਕਰਕੇ ਉਹ ਦੋਹਾ ਦੀਆਂ ਏਸ਼ਿਆਈ ਖੇਡਾਂ ਵਿੱਚ ਭਾਗ ਨਾ ਲੈ ਸਕਿਆ। ਇਲਾਜ ਕਰਵਾਉਣ ਨਾਲ਼ ਉਹ ਫਿਰ ਕਾਇਮ ਹੋ ਗਿਆ ਤੇ ਮੁੜ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਨ ਲੱਗਾ। ਬੀਜਿੰਗ-2008 ਦੀਆਂ ਉਲੰਪਿਕ ਖੇਡਾਂ ਤੋਂ ਪਹਿਲਾਂ ਉਸ ਨੇ ਜਰਮਨੀ ਵਿੱਚ ਤਿੰਨ ਹਫ਼ਤਿਆਂ ਦੀ ਕਮਾਂਡੋ-ਟ੍ਰੇਨਿੰਗ ਲਈ। ਬੀਜਿੰਗ ਵਿੱਚ ਉਸ ਨੇ ਉਹ ਕੁਝ ਕਰ ਵਿਖਾਇਆ ਜਿਸ ਉੱਤੇ ਭਾਰਤਵਾਸੀ ਮਾਣ ਕਰਦੇ ਰਹਿਣਗੇ। ਉੱਥੇ ਉਸ ਨੇ 10 ਮੀਟਰ ਏਅਰ-ਰਾਈਫ਼ਲ ਸ਼ੂਟਿੰਗ ਮੁਕਾਬਲੇ ਵਿੱਚ 700.5 ਨਿਸ਼ਾਨੇ ਲਾ ਕੇ ਗੋਲਡ ਮੈਡਲ ਜਿੱਤਿਆ ਜਿਸ ਨੇ ਭਾਰਤਵਾਸੀਆਂ ਵਿੱਚ ਖ਼ੁਸ਼ੀ ਤੇ ਉਤਸ਼ਾਹ ਦੀ ਲਹਿਰ ਪੈਦਾ ਕਰ ਦਿੱਤੀ।

ਪੰਜਾਬ ਸਰਕਾਰ ਨੇ ਉਸ ਨੂੰ ਖੇਡਾਂ ਦਾ ਸਰਬੋਤਮ ਪੁਰਸਕਾਰ 'ਮਹਾਰਾਜਾ ਰਣਜੀਤ ਸਿੰਘ ਐਵਾਰਡ ਪਹਿਲਾਂ ਹੀ ਦੇ ਦਿੱਤਾ ਸੀ, ਉਲੰਪਿਕ ਚੈਂਪੀਅਨ ਬਣਨ ਉੱਤੇ ਇੱਕ ਕਰੋੜ ਰੁਪਏ ਦਾ ਵਿਸ਼ੇਸ਼ ਇਨਾਮ ਦਿੱਤਾ। ਕੇਂਦਰ ਸਰਕਾਰ, ਹਰਿਆਣਾ ਤੇ ਹੋਰ ਕਈਆਂ ਸੂਬਿਆਂ ਦੀਆਂ ਸਰਕਾਰਾਂ ਅਤੇ ਸਨਅਤੀ ਘਰਾਣਿਆਂ ਨੇ ਕਰੋੜਾਂ ਰੁਪਏ ਦੇ ਇਨਾਮ ਦਿੱਤੇ। ਉਹ ਮਾਲਾ-ਮਾਲ ਹੋ ਗਿਆ। ਭਾਰਤ ਦੇ ਰਾਸ਼ਟਰਪਤੀ ਨੇ ਉਸ ਨੂੰ 'ਪਦਮ ਭੂਸ਼ਣ' ਪੁਰਸਕਾਰ ਨਾਲ਼ ਨਿਵਾਜਿਆ। ਚੇਨਈ ਦੀ ਇੱਕ ਯੂਨੀਵਰਸਿਟੀ ਨੇ ਉਸ ਨੂੰ ਡੀ. ਲਿਟ. ਦੀ ਆਨਰੇਰੀ ਡਿਗਰੀ ਦਿੱਤੀ। ਪੰਜਾਬ ਦੇ ਰਾਜਪਾਲ ਤੋਂ ਲੈ ਕੇ ਭਾਰਤ ਦੇ ਰਾਸ਼ਟਰਪਤੀ ਤੱਕ ਅਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਲੈ ਕੇ ਭਾਰਤ ਦੇ ਪ੍ਰਧਾਨ ਮੰਤਰੀ ਤੱਕ ਸਭ ਨੇ ਉਸ ਨੂੰ ਵਧਾਈਆਂ ਦਿੱਤੀਆਂ। ਉਲੰਪਿਕ ਚੈਂਪੀਅਨ ਬਣਨ ਨਾਲ਼ ਉਸ ਦੀ ਚਾਰੇ ਪਾਸੇ ਜੈ-ਜੈਕਾਰ ਹੋ ਗਈ।

ਉਹ ਕੁਝ ਪ੍ਰਸਿੱਧ ਕੰਪਨੀਆਂ ਦਾ ਅੰਬੈਸਡਰ ਬਣਿਆ। ਹੁਣ ਉਹ 'ਅਭਿਨਵ ਫ਼ਿਊਰਿਸਟਿਕਸ ਕੰਪਨੀ' ਦਾ ਸੀ. ਈ. ਓ. ਹੈ। ਉਸ ਨੇ ਬੱਚਿਆਂ ਤੇ ਨੌਜਵਾਨਾਂ ਵਿੱਚ ਖੇਡਾਂ ਦਾ ਸ਼ੌਕ ਪੈਦਾ ਕਰਨ ਤੇ ਲੁੜੀਂਦੀਆਂ ਖੇਡ-ਸਹੂਲਤਾਂ ਦੇਣ ਲਈ 'ਅਭਿਨਵ ਸਪੋਰਟਸ ਟ੍ਰਸਟ' ਬਣਾਇਆ। ਉਸ ਨੂੰ ਬਾਹਰ ਦੇ ਖਾਣੇ ਨਾਲ਼ੋਂ ਮਾਂ ਦਾ ਬਣਾਇਆ ਖਾਣਾ ਵਧੇਰੇ ਪਸੰਦ ਹੈ। ਉਸ ਨੇ ਖੇਡ-ਲੇਖਕ ਰੋਹਿਤ ਬ੍ਰਿਜਨਾਥ ਨਾਲ਼ ਮਿਲ਼ ਕੇ ਆਪਣੀ ਸ੍ਵੈਜੀਵਨੀ 'ਏ ਸ਼ਾਟ ਐਟ ਹਿਸਟਰੀ : ਮਾਈ ਓਬਸੈੱਸਿਵ ਜਰਨੀ ਟੂ ਉਲੰਪਿਕ ਗੋਲਡ' ਲਿਖੀ ਜੋ ਭਾਰਤ ਦੇ ਖੇਡ-ਮੰਤਰੀ ਨੇ ਅਕਤੂਬਰ,

2011 ਵਿੱਚ ਲੋਕ-ਅਰਪਣ ਕੀਤੀ। ਅਭਿਨਵ ਬਿੰਦਰਾ ਚਾਹੁੰਦਾ ਹੈ ਕਿ ਭਾਰਤ ਦੇ ਬੱਚੇ ਤੇ ਨੌਜਵਾਨ ਖ਼ੂਬ ਪੜ੍ਹਾਈ ਕਰਨ, ਨਸ਼ਿਆਂ ਵਿੱਚ ਨਾ ਪੈਣ ਸਗੋਂ ਕਸਰਤਾਂ ਕਰਨ ਤੇ ਖੇਡਾਂ ਖੇਡਣ। ਇੰਞ ਉਹ ਆਪਣੀ ਸਿਹਤ ਨਿਰੋਈ ਰੱਖ ਸਕਦੇ ਹਨ ਅਤੇ ਖੇਡਾਂ ਦੇ ਮੈਡਲ ਜਿੱਤ ਕੇ ਆਪਣਾ, ਆਪਣੇ ਮਾਪਿਆਂ ਤੇ ਦੇਸ ਦਾ ਨਾਂ ਰੋਸ਼ਨ ਕਰ ਸਕਦੇ ਹਨ।

## ਪਾਠ- ਅਭਿਆਸ

**1. ਠੀਕ ਉੱਤਰ ਅੱਗੇ ਸਹੀ (✔) ਦਾ ਨਿਸ਼ਾਨ ਲਾਓ :**

(ੳ) ਅਭਿਨਵ ਬਿੰਦਰਾ ਵਿਸ਼ਵ-ਚੈਂਪੀਅਨ ਕਦੋਂ ਬਣੇ?

(ਕ) 2009 (ਖ) 2011

(ਗ) 2006 (ਘ) 2008

(ਅ) ਉਲੰਪਿਕ ਖੇਡਾਂ ਕਦੋਂ ਸ਼ੁਰੂ ਹੋਈਆਂ?

(ਕ) 1899 (ਖ) 1896

(ਗ) 1905 (ਘ) 1901

(ੲ) ਅਭਿਨਵ ਬਿੰਦਰਾ ਦੇ ਬਾਬਾ ਜੀ ਕਿਹੜੀ ਖੇਡ ਖੇਡਦੇ ਰਹੇ?

(ਕ) ਹਾਕੀ (ਖ) ਫ਼ੁਟਬਾਲ

(ਗ) ਹੈਂਡਬਾਲ (ਘ) ਵਾਲੀਬਾਲ

(ਸ) ਅਭਿਨਵ ਬਿੰਦਰਾ ਦੇ ਮਾਤਾ ਜੀ ਕਿਹੜੀ ਖੇਡ ਦੇ ਕੌਮੀ ਖਿਡਾਰਨ ਸਨ?

(ਕ) ਹਾਕੀ (ਖ) ਹੈਂਡਬਾਲ

(ਗ) ਬਾਸਕਟਬਾਲ (ਘ) ਕੋਈ ਨਹੀਂ

(ਹ) ਅਭਿਨਵ ਬਿੰਦਰਾ ਨੂੰ 'ਅਰਜੁਨ ਐਵਾਰਡ' ਕਦੋਂ ਮਿਲ਼ਿਆ?

(ਕ) 2000 (ਖ) 2011

(ਗ) 2001 (ਘ) 2009

**2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਅਭਿਨਵ ਬਿੰਦਰਾ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ਅ) ਅਭਿਨਵ ਬਿੰਦਰਾ ਨੂੰ ਭਾਰਤੀ ਫ਼ੌਜ ਵਿੱਚ ਕਿਹੜਾ ਅਹੁਦਾ ਦਿੱਤਾ ਗਿਆ?

(ੲ) ਅਭਿਨਵ ਬਿੰਦਰਾ ਦੀ ਨਿਸ਼ਾਨੇਬਾਜ਼ੀ ਦੀ ਸਿਖਲਾਈ ਕਿੱਥੋਂ ਸ਼ੁਰੂ ਹੋਈ?

(ਸ) ਕਿਸ ਖਿਡਾਰੀ ਦੀ ਮਹਿਮਾ ਸੁਣ ਕੇ ਅਭਿਨਵ ਬਿੰਦਰਾ ਬਹੁਤ ਉਤਸ਼ਾਹਿਤ ਹੋਏ?

(ਹ) ਅਭਿਨਵ ਬਿੰਦਰਾ ਦੀ ਸ੍ਵੈਜੀਵਨੀ ਦਾ ਕੀ ਨਾਂ ਹੈ?

**(ਕ)** ਅਭਿਨਵ ਬਿੰਦਰਾ ਦੇ ਪਿਤਾ ਜੀ ਦਾ ਨਾਂ ਦੱਸੋ।

## 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਅਭਿਨਵ ਬਿੰਦਰਾ ਨੂੰ ਕਿਹੜੇ-ਕਿਹੜੇ ਐਵਾਰਡ ਮਿਲ਼ੇ?

(ਅ) ਅਭਿਨਵ ਬਿੰਦਰਾ ਦੇ ਮਾਤਾ ਜੀ ਦਾ ਨਾਂ ਅਤੇ ਪਿਛੋਕੜ ਦੀ ਮਹੱਤਤਾ ਬਾਰੇ ਦੱਸੋ।

(ੲ) ਅਭਿਨਵ ਬਿੰਦਰਾ ਨੇ ਮੁਢਲੀ ਪੜ੍ਹਾਈ ਕਿੱਥੋਂ ਪ੍ਰਾਪਤ ਕੀਤੀ?

(ਸ) ਸਕੂਲੀ ਪੜ੍ਹਾਈ ਤੋਂ ਬਾਅਦ ਅਭਿਨਵ ਬਿੰਦਰਾ ਨੇ ਕਿਹੜੀਆਂ ਡਿਗਰੀਆਂ ਕਿੱਥੋਂ ਪ੍ਰਾਪਤ ਕੀਤੀਆਂ?

(ਹ) ਅਭਿਨਵ ਬਿੰਦਰਾ ਦਾ ਨੌਜਵਾਨਾਂ ਲਈ ਕੀ ਸੰਦੇਸ ਹੈ?

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

ਵਿਅਕਤੀਗਤ

ਮਹਾਨ

ਨਿਸ਼ਾਨੇਬਾਜ਼

ਮਹਿਮਾ

ਲਗਨ

ਅਭਿਆਸ

ਨਿਰੋਈ

ਅੰਗ-ਸੰਗ

## 5. ਖ਼ਾਲੀ ਥਾਂਵਾਂ ਭਰੋ :

1. ਅਠਾਰ੍ਹਵੇਂ ਸਾਲ ਵਿੱਚ ਉਸ ਨੇ ________ ਦੀਆਂ ਉਲੰਪਿਕ ਖੇਡਾਂ ਵਿੱਚ ਹਿੱਸਾ ਲਿਆ।
2. ਏਥਨਜ਼ ________ ਦੀਆਂ ਉਲੰਪਿਕ ਖੇਡਾਂ ਵਿੱਚ ਉਸ ਨੇ ਪੁਰਾਣਾ ਰਿਕਾਰਡ ਤੋੜ ਦਿੱਤਾ।
3. ਉਲੰਪਿਕ ਚੈਂਪੀਅਨ ਬਣਨ ਨਾਲ ਉਸ ਦੀ ਚਾਰੇ ਪਾਸੇ ________ ਹੋ ਗਈ।
4. ਬੱਚਿਆਂ ਅਤੇ ਨੌਜਵਾਨਾਂ ਵਿੱਚ ਖੇਡਾਂ ਦਾ ਸ਼ੌਕ ਪੈਦਾ ਕਰਨ ਤੇ ਲੁੜੀਂਦੀਆਂ ਖੇਡ-ਸਹੂਲਤਾਂ ਦੇਣ ਲਈ ________ ਬਣਾਇਆ।
5. ਖੇਡ-ਲੇਖਕ ________ ਨਾਲ਼ ਮਿਲ਼ ਕੇ ਆਪਣੀ ਸ੍ਵੈਜੀਵਨੀ ਲਿਖੀ।

6. **ਹੇਠਾਂ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਸ਼ਬਦ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਵਿਅਕਤੀਗਤ | व्यक्तिगत | Personal |
| ਵਿਸ਼ਵ | __________ | __________ |
| ਪੁਰਖੇ | __________ | __________ |
| ਨਿਵਾਸ | __________ | __________ |
| ਖ਼ੁਸ਼ਕਿਸਮਤ | __________ | __________ |
| ਸਹੂਲਤ | __________ | __________ |
| ਸੰਜੀਵਨੀ | __________ | __________ |

* * *

ਪਾਠ - 17

# ਪੰਜਾਬੀ

ਕਈਆਂ ਸਦੀਆਂ ਤੋਂ ਚੱਲਦਾ ਆ ਰਿਹੈ, ਚਰਚਾ ਬਹਾਰਾਂ ਵਿੱਚ,
ਖਲੋਤਾ ਦੂਰ ਤੋਂ ਪਹਿਚਾਣਿਆ ਜਾਂਦੈ, ਹਜ਼ਾਰਾਂ ਵਿੱਚ।
ਜਿਦ੍ਹੇ ਚਿਹਰੇ ਦੀ ਰੰਗਤ ਵੇਖ ਕੇ, ਮੌਸਮ ਬਦਲਦੇ ਨੇ,
ਜਿਦ੍ਹੇ ਹਾਸੇ 'ਚ ਕਿੰਨੇ ਸ਼ੌਕ ਦੇ, ਦਰਿਆ ਮਚਲਦੇ ਨੇ।
ਕਿ ਹਰ ਰੱਬੀ ਖ਼ਜ਼ਾਨੇ ਦੀ, ਜਿਦ੍ਹੇ ਹੱਥਾਂ 'ਚ ਚਾਬੀ ਏ,
ਮੈਂ ਜਿਸ ਦੀ ਗੱਲ ਕਰਦੀ ਆਂ, ਹਾਂ! ਇਹ ਓਹੀ ਪੰਜਾਬੀ ਏ।
ਇਹ ਸ਼ਾਂਤੀ ਵਿੱਚ ਸਮੁੰਦਰ, 'ਨ੍ਹੇਰੀਆਂ ਵਿੱਚ ਵਾ-ਵਰੋਲ਼ਾ ਏ,
ਬੜਾ ਜ਼ਿੱਦੀ, ਬੜਾ ਅਣਖੀ, ਸਰੀਰੋਂ ਬਹੁਤ ਛੋਹਲ਼ਾ ਏ।
ਕਦੇ ਵੀ ਤ੍ਰਿਪਤ ਨਾ ਹੁੰਦਾ, ਕਿਸੇ ਵੀ ਕਾਮਯਾਬੀ ਤੋਂ,
ਜੇ ਗੋਰਾ ਆਦਮੀ ਡਰਿਆ; ਤਾਂ ਬੱਸ, ਡਰਿਆ ਪੰਜਾਬੀ ਤੋਂ।
ਇਹ ਪੂਰਨ ਸਿੰਘ ਦੇ ਮੂੰਹੋਂ ਬੋਲਦੀ, ਕਵਿਤਾ ਦਾ ਨਾਇਕ ਏ,
ਇਹ ਸ਼ਿਵ ਦੇ ਦਰਦ ਅੰਦਰ ਤੜਪਦੇ, ਗੀਤਾਂ ਦਾ ਗਾਇਕ ਏ।
ਇਹ ਪੁੱਤ ਦੁੱਲੇ ਦਾ, ਇਸ ਦੇ ਖ਼ੂਨ ਅੰਦਰ ਵੀ ਬਗ਼ਾਵਤ ਏ,
ਸਦਾ ਹੱਕ ਵਾਸਤੇ ਲੜਨਾ, ਇਦ੍ਹੀ ਸਦੀਆਂ ਦੀ ਆਦਤ ਏ।
ਪੁਰਾਣੀ ਰੀਤ ਏ ਇਸ ਦੀ, ਇਹ ਜਲਦੀ ਰੁੱਸ ਬਹਿੰਦਾ ਏ,
ਇਹ ਮਾਂ ਦਾ ਲਾਡਲਾ, ਕਦ ਭਾਬੀਆਂ ਦੇ ਬੋਲ ਸਹਿੰਦਾ ਏ।
ਅੜਿੱਕਾ ਲਾ ਬਵ੍ਹੇ ਅੱਗੇ, ਤਾਂ ਰੁਖ਼ ਦਰਿਆ ਬਦਲ ਲੈਂਦੈ,
ਜੇ ਹਾਰੇ ਇਸ਼ਕ ਵਿੱਚ, ਜੋਗੀ ਵਲ਼ਾ ਕੇ ਕੰਨ ਸੱਲ ਲੈਂਦੈ।
ਜਦੋਂ ਛਿੰਝਾਂ ਦੇ ਵਿੱਚ ਗੱਜੇ ਤਾਂ ਸਾਰੀ ਧਰਤ ਹੱਲ ਜਾਵੇ,
ਤੇ ਤਰਲਾ ਪਿਆਰ ਦਾ ਅੱਖਾਂ 'ਚ ਤੱਕ, ਪੱਥਰ ਪਿਘਲ ਜਾਵੇ।
ਇਹ ਸਾਰੀ ਉਮਰ ਦੀ ਕੀਤੀ ਕਮਾਈ, ਲਾ ਦੇਵੇ ਲੇਖੇ,
ਕਦੇ ਮਹਿਮਾਨ ਇਸ ਦੇ ਦਿਲ 'ਚ, ਕੋਈ ਆ ਕੇ ਤਾਂ ਦੇਖੇ!
ਇਹ ਜਿੰਨਾ ਮਿਹਨਤੀ, ਸਿਰੜੀ ਹੈ, ਬੱਸ, ਓਨਾ ਹੀ ਸਾਦਾ ਏ,

ਇਹ ਜਿੱਥੇ ਡਿਗਿਆ, ਉੱਥੇ ਹੀ ਮੁੜ ਕੇ ਪੈਰ ਧਰਦਾ ਏ।
ਕਿ ਹਰ ਰੱਬੀ ਖ਼ਜ਼ਾਨੇ ਦੀ, ਜਿਦ੍ਹੇ ਹੱਥਾਂ 'ਚ ਚਾਬੀ ਏ,
ਮੈਂ ਜਿਸ ਦੀ ਗੱਲ ਕਰਦੀ ਆਂ, ਹਾਂ! ਇਹ ਉਹੀ ਪੰਜਾਬੀ ਏ।

## ਪਾਠ- ਅਭਿਆਸ

1. **ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(1) ਹਜ਼ਾਰਾਂ ਵਿੱਚ ਖਲੋਤਾ ਕੌਣ ਪਛਾਣਿਆ ਜਾਂਦਾ ਹੈ?

(2) ਪੰਜਾਬੀਆਂ ਦੇ ਹਾਸੇ ਵਿੱਚ ਕੀ ਮਚਲਦਾ ਹੈ?

(3) ਪੰਜਾਬੀ ਦੇ ਸੁਭਾਅ ਦਾ ਕੋਈ ਇੱਕ ਪੱਖ ਲਿਖੋ।

(4) 'ਗੋਰਾ ਆਦਮੀ' ਤੋਂ ਕੀ ਭਾਵ ਹੈ?

(5) ਪੰਜਾਬੀਆਂ ਦੀ ਸਦਾ ਦੀ ਆਦਤ ਕਿਹੋ-ਜਿਹੀ ਰਹੀ ਹੈ?

2. **ਹੇਠ ਲਿਖੇ ਸ਼ਬਦਾਂ ਦੇ ਤੋਲ-ਤੁਕਾਂਤ ਮਿਲ਼ਾਓ :-**

ਬਗ਼ਾਵਤ

ਕਾਮਯਾਬੀ

ਸੱਲ ਲੈਂਦਾ

ਲੇਖੇ ਲਾਉਣਾ

ਚਾਬੀ

3. **ਖ਼ਾਲੀ ਸਥਾਨ ਭਰੋ : -**

ੳ. ਜਿਦ੍ਹੇ ਚਿਹਰੇ ਦੀ ਰੰਗਤ ਵੇਖ ਕੇ ________,

________ 'ਨੇਰ੍ਹੀਆਂ ਵਿੱਚ ਵਾ-ਵਰੋਲ਼ਾ ਏ।

ਕਦੇ ਵੀ ਤ੍ਰਿਪਤ ਨਾ ਹੁੰਦਾ ________,

ਇਹ ਸ਼ਿਵ ਦੇ ਦਰਦ ਅੰਦਰ ________।

________ ਤਾਂ ਸਾਰੀ ਧਰਤ ਹੱਲ ਜਾਵੇ।

4. **ਵਾਕਾਂ ਵਿੱਚ ਵਰਤੋ :-**

1. ਮੌਸਮ
2. ਕਾਮਯਾਬੀ
3. ਬਗ਼ਾਵਤ
4. ਕਮਾਈ
5. ਮਹਿਮਾਨ

5. **ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਪੰਜਾਬੀਆਂ ਦੇ ਸੁਭਾਅ ਦੇ ਵਿਲੱਖਣ ਗੁਣ ਕਿਹੜੇ ਹਨ?

(2) ਪੰਜਾਬੀ ਕਵਿਤਾ ਵਿੱਚ ਕਿਸ-ਕਿਸ ਕਵੀ ਦਾ ਜ਼ਿਕਰ ਆਇਆ ਹੈ?

(3) 'ਪੰਜਾਬੀ ਮਿਹਨਤੀ ਹੈ', ਇਹ ਕਿਨ੍ਹਾਂ ਸਤਰਾਂ ਤੋਂ ਪਤਾ ਲੱਗਦਾ ਹੈ?

(4) ਪਿਆਰ ਵਿੱਚ ਪੰਜਾਬੀ ਕੀ-ਕੀ ਕਰ ਸਕਦਾ ਹੈ?

(5) ਅਸਫਲਤਾ ਸਮੇਂ ਪੰਜਾਬੀ ਨੌਜਵਾਨ ਕੀ ਕਰਦਾ ਹੈ?

* * *

ਪਾਠ - 18

# ਆਓ ਕਸੌਲੀ ਚੱਲੀਏ



ਹਿਮਾਚਲ ਪ੍ਰਦੇਸ਼ ਦਾ ਖ਼ੂਬਸੂਰਤ ਤੇ ਰਮਣੀਕ ਸਥਾਨ ਹੈ- ਕਸੌਲੀ। ਇਹ ਚੰਡੀਗੜ੍ਹ ਤੋਂ ਲਗ-ਪਗ ਅੱਸੀ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਜਿੱਥੇ ਦੋ ਕੁ ਘੰਟਿਆਂ ਦਾ ਸਫ਼ਰ ਤੈਅ ਕਰਕੇ ਬੜੀ ਅਸਾਨੀ ਨਾਲ਼ ਪਹੁੰਚਿਆ ਜਾ ਸਕਦਾ ਹੈ। ਕਸੌਲੀ ਜਾਣ ਲਈ ਚੰਡੀਗੜ੍ਹ ਬੱਸ-ਸਟੈਂਡ ਤੋਂ ਬੱਸਾਂ ਚੱਲਦੀਆਂ ਰਹਿੰਦੀਆਂ ਹਨ। ਇਸ ਤੋਂ ਇਲਾਵਾ ਮੋਟਰ-ਸਾਈਕਲ ਅਤੇ ਆਪਣੀ ਨਿੱਜੀ ਕਾਰ 'ਤੇ ਵੀ ਇਹ ਸਫ਼ਰ ਬੜਾ ਮਨੋਰੰਜਕ ਹੋ ਨਿੱਬੜਦਾ ਹੈ। ਜ਼ੀਰਕਪੁਰ ਤੋਂ ਚੱਲ ਕੇ ਟਿੰਬਰ-ਟ੍ਰੇਲ (ਪਰਵਾਣੂ) ਪਹੁੰਚਦੇ ਹਾਂ। ਇੱਥੇ ਵੀ ਕਾਫ਼ੀ ਗਹਿਮਾ-ਗਹਿਮੀ ਹੁੰਦੀ ਹੈ। ਪਰੰਤੂ ਇਹ ਝੂਟਾ ਕਾਫੀ ਮਹਿੰਗਾ ਹੋਣ ਕਰਕੇ ਬਹੁਤ ਘੱਟ ਸੈਲਾਨੀ ਇੱਥੇ ਰੁਕਦੇ ਹਨ। ਇੱਥੋਂ ਹੀ ਸਾਨੂੰ ਕੁਦਰਤੀ ਨਜ਼ਾਰਿਆਂ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਹਨ। ਮੋੜ ਮੁੜਦਿਆਂ ਹੀ ਕਸੌਲੀ ਦੀਆਂ ਪਹਾੜੀਆਂ ਅਤੇ ਟਾਵਰ ਦਿਖਾਈ ਦੇਣ ਲੱਗ ਪੈਂਦੇ ਹਨ। ਪਰਵਾਣੂ ਲੰਘਦਿਆਂ ਹੀ ਜਾਬਲੀ ਵਿੱਚ ਪ੍ਰਵੇਸ਼ ਕਰਦੇ ਹਾਂ। ਜਾਬਲੀ ਵਿਖੇ ਜੂਸ ਅਤੇ ਅਚਾਰ ਦੀਆਂ ਅਨੇਕਾਂ ਦੁਕਾਨਾਂ ਸੈਲਾਨੀਆਂ ਦਾ ਰਾਹ ਰੋਕਦੀਆਂ ਹਨ।

ਜਾਬਲੀ ਲੰਘ ਕੇ ਹੀ ਧਰਮਪੁਰ ਦੇ ਮੀਲ-ਪੱਥਰ ਦਿਖਾਈ ਦੇਣ ਲੱਗ ਪੈਂਦੇ ਹਨ। ਰਸਤੇ ਵਿੱਚ ਬਾਂਦਰਾਂ ਦੇ ਝੁੰਡ ਦਿਖਾਈ ਦੇਣ ਲੱਗਦੇ ਹਨ। ਧਰਮਪੁਰ ਤੋਂ ਪੰਜ ਕਿਲੋਮੀਟਰ ਪਹਿਲਾਂ ਹੀ ਸ਼ਿਮਲਾ ਹਾਈ-ਵੇਅ 'ਤੇ ਜਾਂਦਿਆਂ ਚੌਕ ਤੋਂ ਖੱਬੇ ਹੱਥ ਲਿੰਕ-ਰੋਡ ਕਸੌਲੀ ਲਈ ਮੁੜ ਜਾਂਦੀ ਹੈ। ਲਿੰਕ-ਰੋਡ ਮੁੜਦਿਆਂ ਹੀ ਉੱਚੀਆਂ ਪਹਾੜੀਆਂ ਅਤੇ ਕੁਦਰਤੀ ਨਜ਼ਾਰਿਆਂ ਦੇ ਦਰਸ਼ਨ ਹੋਣ ਲੱਗਦੇ ਹਨ। ਹਰ ਮੋੜ 'ਤੇ ਰੁਕਣ ਨੂੰ ਦਿਲ ਕਰਦਾ ਹੈ। ਮਨਮੋਹਕ

ਦ੍ਰਿਸ਼ਾਂ ਨੂੰ ਮਾਣਦਿਆਂ ਪਤਾ ਹੀ ਨਹੀਂ ਲੱਗਦਾ ਕਿ ਤੁਸੀਂ ਕਦੋਂ ਕਸੌਲੀ ਪਹੁੰਚ ਜਾਂਦੇ ਹੋ। ਸੰਘਣੇ-ਸੰਘਣੇ ਦਰਖ਼ਤਾਂ ਵਿੱਚ ਵੱਸਿਆ ਛੋਟਾ ਜਿਹਾ ਸੁੰਦਰ ਸ਼ਹਿਰ ਕਸੌਲੀ ਸਭ ਲਈ ਖਿੱਚ ਦਾ ਕੇਂਦਰ ਬਣਿਆ ਰਹਿੰਦਾ ਹੈ। ਕਸੌਲੀ ਵਿੱਚ ਪ੍ਰਵੇਸ਼ ਕਰਦਿਆਂ, ਦਾਖ਼ਲਾ-ਪਰਚੀ ਲੈ ਕੇ ਅੱਗੇ ਤੁਰਦਿਆਂ ਤੁਸੀਂ ਨਿੱਕੇ ਜਿਹੇ ਬੜੇ ਹੀ ਖ਼ੂਬਸੂਰਤ ਬਜ਼ਾਰ ਵਿੱਚ ਪ੍ਰਵੇਸ਼ ਕਰਦੇ ਹੋ ਜਿੱਥੇ ਲੋੜ ਦੀ ਹਰ ਵਸਤੂ ਖ਼ਰੀਦੀ ਜਾ ਸਕਦੀ ਹੈ। ਨਾਲ਼ ਹੀ ਖਾਣ-ਪੀਣ ਲਈ ਵਧੀਆ ਤੇ ਸਸਤੇ ਢਾਬੇ ਵੀ ਨਜ਼ਰ ਆਉਂਦੇ ਹਨ। ਗਰਮ-ਗਰਮ ਚਾਹ, ਗਰਮ-ਗਰਮ ਗੁਲਾਬ-ਜਾਮਣਾਂ, ਨਿੱਕੀਆਂ-ਨਿੱਕੀਆਂ ਗਰਮ ਜਲੇਬੀਆਂ ਸੈਲਾਨੀਆਂ ਲਈ ਵਿਸ਼ੇਸ਼ ਖਿੱਚ ਦਾ ਕੇਂਦਰ ਬਣੇ ਰਹਿੰਦੇ ਹਨ। ਹੋਟਲਾਂ ਤੋਂ ਇਲਾਵਾ ਰਹਿਣ ਲਈ ਇੱਥੇ ਕਈ ਗੈੱਸਟ-ਹਾਊਸ ਵੀ ਮੌਜੂਦ ਹਨ।

ਕਸੌਲੀ ਦਾ ਮੌਸਮ ਅਕਸਰ ਠੰਢਾ ਰਹਿੰਦਾ ਹੈ। ਅੱਜ-ਕੱਲ੍ਹ ਨਹੀਂ ਪਰ ਸੁਣਿਆ ਹੈ ਕਿ ਕਦੇ ਕਸੌਲੀ ਵਿੱਚ ਵੀ ਬਰਫ਼ ਪਿਆ ਕਰਦੀ ਸੀ। ਜੇਕਰ ਕਿਤੇ ਬੱਦਲ਼ਵਾਈ ਜਾਂ ਕਿਣ-ਮਿਣਕਾਣੀ ਵਿੱਚ ਤੁਹਾਨੂੰ ਇੱਥੇ ਜਾਣ ਦਾ ਮੌਕਾ ਮਿਲ਼ੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ ਕਿਉਂਕਿ ਇਸ ਮੌਸਮ ਵਿੱਚ ਇੱਥੇ ਬੱਦਲ਼ਾਂ ਦਾ ਨਜ਼ਾਰਾ ਦੇਖਣ ਵਾਲ਼ਾ ਹੁੰਦਾ ਹੈ। ਭਾਵੇਂ ਕਸੌਲੀ ਵਿਖੇ ਬਹੁਤਾ ਕੁਝ ਵੇਖਣ ਵਾਲ਼ਾ ਨਹੀਂ ਪਰੰਤੂ ਦੋ-ਤਿੰਨ ਸਥਾਨ ਇਹੋ-ਜਿਹੇ ਹਨ ਜਿਨ੍ਹਾਂ 'ਤੇ ਬਿਤਾਏ ਕੁਝ ਪਲ ਕਦੇ ਵੀ ਚੇਤਿਆਂ ਵਿਚੋਂ ਨਹੀਂ ਵਿਸਾਰੇ ਜਾ ਸਕਦੇ। ਇਸ ਛੋਟੇ ਜਿਹੇ ਖ਼ੂਬਸੂਰਤ ਕਸਬੇ ਦਾ ਨਜ਼ਾਰਾ ਪੈਦਲ ਤੁਰਦਿਆਂ ਹੀ ਮਾਣਿਆ ਜਾ ਸਕਦਾ ਹੈ। ਉੱਚੀਆਂ-ਨੀਵੀਂਆਂ ਸੜਕਾਂ 'ਤੇ ਤੁਰਦਿਆਂ ਅਜੀਬ ਜਿਹੀ ਖ਼ੁਮਾਰੀ ਦਾ ਅਹਿਸਾਸ ਹੁੰਦਾ ਹੈ। ਕਸੌਲੀ ਦੀਆਂ ਪਹਾੜੀਆਂ ਤੋਂ ਖੜ੍ਹ ਕੇ ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦੀਆਂ ਉੱਚੀਆਂ ਇਮਾਰਤਾਂ ਸਾਫ਼ ਨਜ਼ਰੀਂ ਆਉਂਦੀਆਂ ਹਨ। ਚੰਡੀਗੜ੍ਹ ਦੀ ਸੁਖਨਾ ਝੀਲ ਇਸ ਤਰ੍ਹਾਂ ਨਜ਼ਰ ਆਉਂਦੀ ਹੈ, ਜਿਵੇਂ ਕਿਸੇ ਨੇ ਕਾਂਸੀ ਦੀ ਥਾਲ਼ੀ ਵਿੱਚ ਪਾਣੀ ਪਾ ਕੇ ਧੁੱਪੇ ਰੱਖਿਆ ਹੋਵੇ। ਫ਼ੌਜੀ ਖੇਤਰ ਹੋਣ ਕਰਕੇ ਕੁਝ ਹਿਦਾਇਤਾਂ ਅਜਿਹੀਆਂ ਹਨ ਜਿਨ੍ਹਾਂ ਕਰਕੇ ਕਸੌਲੀ ਸੁਰਗ-ਰੂਪ ਹੀ ਜਾਪਦੀ ਹੈ। ਕੁਝ ਖੇਤਰਾਂ ਵਿੱਚ ਖਾਣ-ਪੀਣ ਦੀਆਂ ਵਸਤਾਂ ਲਿਜਾਣਾ ਮਨ੍ਹਾਂ ਹੈ ਜਿਸ ਕਾਰਨ ਹਰ ਪਾਸਾ ਸਾਫ਼-ਸੁਥਰਾ ਤੇ ਪ੍ਰਦੂਸ਼ਣ-ਰਹਿਤ ਦਿਖਾਈ ਦਿੰਦਾ ਹੈ।

ਕਸੌਲੀ ਦਾ ਸਭ ਤੋਂ ਖ਼ੂਬਸੂਰਤ ਤੇ ਖਿੱਚ-ਭਰਪੂਰ ਕੇਂਦਰ 'ਮਾਂਕੀ-ਪੁਆਇੰਟ' ਹੈ ਜੋਕਿ ਭਗਵਾਨ ਹਨੂਮਾਨ ਜੀ ਨਾਲ਼ ਸੰਬੰਧਿਤ ਉੱਚੀ ਪਹਾੜੀ 'ਤੇ ਬਣੇ ਨਿੱਕੇ ਜਿਹੇ ਬੜੇ ਹੀ ਖ਼ੂਬਸੂਰਤ ਮੰਦਰ ਕਰਕੇ ਪ੍ਰਸਿੱਧ ਹੈ। ਇਹ ਸਾਰਾ ਖੇਤਰ ਏਅਰ-ਫੋਰਸ ਦੇ ਅਧਿਕਾਰ-ਖੇਤਰ ਵਿੱਚ ਹੋਣ ਕਰਕੇ ਕਾਫ਼ੀ ਸਾਫ਼-ਸੁਥਰਾ ਹੈ। ਇਸ ਖੇਤਰ ਵਿੱਚ ਕੈਮਰਾ, ਮੋਬਾਈਲ ਫ਼ੋਨ ਲਿਜਾਣ ਦੀ ਸਖ਼ਤ ਮਨਾਹੀ ਹੈ। ਮੰਦਰ ਤੱਕ ਜਾਣ ਲਈ ਪਾਸ ਜਾਰੀ ਕੀਤੇ ਜਾਂਦੇ ਹਨ। ਮੰਦਰ ਦੇ ਨਾਲ਼ ਹੀ ਹੈਲੀਪੈਡ ਵੀ ਬਣਾਇਆ ਗਿਆ ਹੈ। ਮਾਂਕੀ-ਪੁਆਇੰਟ ਵੀ ਹੈ। ਇਹ ਖੇਤਰ ਕਸੌਲੀ ਦਾ ਸਭ ਤੋਂ ਖ਼ੂਬਸੂਰਤ ਖੇਤਰ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਇੱਥੇ ਸਨ-ਸੈੱਟ ਪੁਆਇੰਟ ਹੈ ਜਿੱਥੇ ਖੜ੍ਹ ਕੇ ਪ੍ਰਕਿਰਤਿਕ ਨਜ਼ਾਰਿਆਂ ਦਾ ਅਨੰਦ ਮਾਣਦਿਆਂ ਤੁਸੀਂ ਚੰਡੀਗੜ੍ਹ, ਕਾਲਕਾ ਅਤੇ ਪਿੰਜੌਰ ਤੱਕ ਦੇ ਦਰਸ਼ਨ ਕਰ ਸਕਦੇ ਹੋ। ਇੱਥੋਂ ਛਿਪਦੇ ਸੂਰਜ ਦਾ ਨਜ਼ਾਰਾ ਵੀ ਦੇਖਣ ਵਾਲ਼ਾ ਹੁੰਦਾ ਹੈ। ਸਨ-ਸੈੱਟ ਪੁਆਇੰਟ ਤੋਂ ਮੁੜਦਿਆਂ ਰਾਹ ਵਿੱਚ ਕਸੌਲੀ ਦਾ ਹਸਪਤਾਲ ਹੈ ਜਿੱਥੇ ਹਲ਼ਕੇ ਕੁੱਤੇ ਦੇ ਕੱਟਣ ਦੇ ਇਲਾਜ ਲਈ ਟੀਕੇ ਤਿਆਰ ਕੀਤੇ ਜਾਂਦੇ ਹਨ।

ਕਸੌਲੀ ਦਾ ਮਾਹੌਲ ਬੜਾ ਹੀ ਸ਼ਾਂਤ ਅਤੇ ਪ੍ਰਦੂਸ਼ਣ ਰਹਿਤ ਹੋਣ ਕਰਕੇ ਪੜ੍ਹਾਈ-ਲਿਖਾਈ ਲਈ ਬੜਾ ਹੀ ਵਧੀਆ ਮੰਨਿਆ ਜਾਂਦਾ ਹੈ। ਇਹੋ ਕਾਰਨ ਹੈ ਕਿ ਵਿਸ਼ਵ ਪੱਧਰ ਦੇ ਕਈ ਵਧੀਆ ਸਕੂਲ ਕਸੌਲੀ ਵਿਖੇ ਮੌਜੂਦ ਹਨ। ਕਈ ਵੱਡੇ-ਵੱਡੇ ਐਕਟਰ, ਲੇਖਕ ਅਤੇ ਰਾਜਨੇਤਾ ਕਸੌਲੀ ਵਿਖੇ ਹੀ ਪੜ੍ਹਦੇ ਰਹੇ ਹਨ। ਲੇਖਕ ਖ਼ੁਸ਼ਵੰਤ ਸਿੰਘ ਨੇ ਵੀ ਆਪਣਾ ਕਾਫ਼ੀ ਸਮਾਂ ਕਸੌਲੀ ਵਿਖੇ ਹੀ ਗੁਜ਼ਾਰਿਆ ਸੀ। ਕਸੌਲੀ ਕਲੱਬ ਵਿੱਚ ਉਹਨਾਂ ਵੱਲੋਂ ਹਰ ਸਾਲ ਪੁਸਤਕ-ਮੇਲਾ ਕਰਵਾਇਆ ਜਾਂਦਾ ਰਿਹਾ ਹੈ। ਮਾਂਕੀ-ਪੁਆਇੰਟ ਤੋਂ ਮੁੜਦਿਆਂ ਬਜ਼ਾਰ ਵਿੱਚ ਪ੍ਰਵੇਸ਼ ਕਰਦਿਆਂ ਹੀ ਸੱਜੇ ਹੱਥ ਚਰਚ ਨਜ਼ਰੀ ਪੈਂਦਾ ਹੈ ਜੋ ਲਗ-ਪਗ 1853 ਵਿੱਚ ਬਣਿਆ ਬਹੁਤ ਹੀ ਖ਼ੂਬਸੂਰਤ ਚਰਚ ਹੈ। ਇੱਥੇ ਚਾਰੇ ਪਾਸੇ ਬਹੁਤ ਹੀ ਸ਼ਾਂਤ ਮਾਹੌਲ ਹੈ। ਉੱਚੇ-ਲੰਮੇ ਚੀੜ ਦੇ ਦਰਖ਼ਤਾਂ ਦੀ ਸੰਘਣੀ ਛਾਂ ਹੇਠਾਂ ਠੰਢ ਮਹਿਸੂਸ ਹੋਣ ਲੱਗਦੀ ਹੈ। ਭਾਵੇਂ ਜ਼ਿਆਦਾ ਸੈਲਾਨੀ ਸ਼ਿਮਲੇ ਵੱਲ ਨੂੰ ਖਿੱਚੇ ਜਾਂਦੇ ਹਨ, ਪਰੰਤੂ ਸ਼ਾਂਤੀ ਲੱਭਣ ਵਾਲ਼ੇ ਬਹੁਤੇ ਲੋਕ ਕਸੌਲੀ ਨੂੰ ਹੀ ਤਰਜੀਹ ਦਿੰਦੇ ਹਨ। ਕਸੌਲੀ ਵਿਖੇ ਗੁਜ਼ਾਰਿਆ ਇੱਕ ਦਿਨ ਤੁਹਾਨੂੰ ਤਰੋ-ਤਾਜ਼ਾ ਕਰ ਦਿੰਦਾ ਹੈ। ਕਸੌਲੀ ਸਾਡੇ ਲਈ ਕੁਦਰਤ ਦਾ ਬਖ਼ਸ਼ਿਆ ਇੱਕ ਬਹੁਤ ਹੀ ਖ਼ੂਬਸੂਰਤ ਤੋਹਫ਼ਾ ਹੈ।

## ਪਾਠ- ਅਭਿਆਸ

### 1. ਬਹੁਵਿਕਲਪੀ ਪ੍ਰਸ਼ਨ :

(ੳ) 'ਟਿੰਬਰ-ਟ੍ਰੇਲ' ਕਿੱਥੇ ਹੈ?

(ਕ) ਸੋਲਨ (ਖ) ਪਰਵਾਣੂ (ਗ) ਸ਼ਿਮਲਾ

(ਅ) ਚੰਡੀਗੜ੍ਹ ਤੋਂ ਕਸੌਲੀ ਕਿੰਨੇ ਕਿਲੋਮੀਟਰ ਦੂਰ ਹੈ?

(ਕ) 80 (ਖ) 90 (ਗ) 100

(ੲ) ਕਸੌਲੀ ਦਾ ਮੌਸਮ ਕਿਹੋ-ਜਿਹਾ ਹੈ?

(ਕ) ਗਰਮ (ਖ) ਬਰਫ਼ੀਲਾ (ਗ) ਠੰਢਾ

(ਸ) ਕਸੌਲੀ ਦੀ ਸਭ ਤੋਂ ਖ਼ੂਬਸੂਰਤ ਥਾਂ ਕਿਹੜੀ ਹੈ?

(ਕ) ਸਨ-ਸੈੱਟ ਪੁਆਇੰਟ (ਖ) ਮਾਂਕੀ-ਪੁਆਇੰਟ (ਗ) ਭਗਵਾਨ ਹਨੂਮਾਨ ਮੰਦਰ

(ਹ) ਕਸੌਲੀ ਦਾ ਮਾਹੌਲ ਕਿਹੋ-ਜਿਹਾ ਹੈ?

(ਕ) ਰੌਲ਼ੇ-ਰੱਪੇ ਵਾਲ਼ਾ (ਖ) ਪ੍ਰਦੂਸ਼ਣ ਵਾਲ਼ਾ (ਗ) ਸ਼ਾਂਤ ਅਤੇ ਪ੍ਰਦੂਸ਼ਣ-ਰਹਿਤ।

## 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :

ੳ. ਚੰਡੀਗੜ੍ਹ ਤੋਂ ਕਸੌਲੀ ਪਹੁੰਚਣ ਲਈ ਲਗ-ਪਗ ਕਿੰਨੇ ਘੰਟੇ ਲੱਗਦੇ ਹਨ?

ਅ. ਜਾਬਲੀ ਕਿਨ੍ਹਾਂ ਚੀਜ਼ਾਂ ਲਈ ਪ੍ਰਸਿੱਧ ਹੈ?

ੲ. ਕਸੌਲੀ ਦੀਆਂ ਸੜਕਾਂ ਕਿਹੋ-ਜਿਹੀਆਂ ਹਨ?

ਸ. ਕਸੌਲੀ ਦਾ ਸਭ ਤੋਂ ਵੱਧ ਖ਼ੂਬਸੂਰਤ ਸਥਾਨ ਕਿਹੜਾ ਹੈ?

ਹ. ਕਸੌਲੀ ਵਿਖੇ ਕਿਹੜੇ ਟੀਕੇ ਤਿਆਰ ਕੀਤੇ ਜਾਂਦੇ ਹਨ?

## ਪ੍ਰਸ਼ਨ 3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਚੰਡੀਗੜ੍ਹ ਤੋਂ ਕਸੌਲੀ ਕਿਵੇਂ ਪਹੁੰਚਿਆ ਜਾ ਸਕਦਾ ਹੈ?

(ਅ) ਕਸੌਲੀ ਦੇ ਬਜ਼ਾਰ ਦਾ ਦ੍ਰਿਸ਼- ਚਿਤਰਨ ਕਰੋ।

(ੲ) ਕਸੌਲੀ ਦੀ ਸੈਰ ਲਈ ਕਿਹੋ-ਜਿਹਾ ਮੌਸਮ ਢੁਕਵਾਂ ਹੈ?

(ਸ) ਕਸੌਲੀ ਦੀਆਂ ਪਹਾੜੀਆਂ ਤੋਂ ਚੰਡੀਗੜ੍ਹ ਦੀ ਸੁਖਨਾ ਝੀਲ ਕਿਹੋ-ਜਿਹੀ ਦਿਸਦੀ ਹੈ?

(ਹ) ਕਸੌਲੀ ਦਾ ਸਭ ਤੋਂ ਵੱਧ ਖ਼ੂਬਸੂਰਤ ਸਥਾਨ ਕਿਹੜਾ ਹੈ? ਵਰਨਣ ਕਰੋ।

## 4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ : —

| ਸ਼ਬਦ | ਵਾਕ |
|---|---|
| ਰਮਣੀਕ | – |
| ਗਹਿਮਾ-ਗਹਿਮੀ | |
| ਢਾਬਾ | |
| ਅਕਸਰ | |
| ਪ੍ਰਦੂਸ਼ਣ | |
| ਸੈਲਾਨੀ | |

## 5. ਖ਼ਾਲੀ ਥਾਂਵਾਂ ਭਰੋ :

ੳ. ________ ਦਾ ਖ਼ੂਬਸੂਰਤ ਤੇ ਰਮਣੀਕ ਸਥਾਨ ਹੈ – ਕਸੌਲੀ।

ਅ. ਜ਼ੀਰਕਪੁਰ ਤੋਂ ਚੱਲ ਕੇ________ ਪਹੁੰਚਦੇ ਹਾਂ।

ੲ. ਹੋਟਲਾਂ ਤੋਂ ਇਲਾਵਾ ਰਹਿਣ ਲਈ ਇੱਥੇ ________ਵੀ ਮੌਜੂਦ ਹਨ।

ਸ. ਸੁਣਿਆ ਹੈ ਕਿ ਕਦੇ ________ ਵਿੱਚ ਵੀ ਬਰਫ਼ ਪਿਆ ਕਰਦੀ ਸੀ।

ਹ. ਉੱਚੀਆਂ-ਨੀਵੀਆਂ ਸੜਕਾਂ 'ਤੇ ਤੁਰਦਿਆਂ ਅਜੀਬ ਜਿਹੀ ________ ਦਾ ਅਹਿਸਾਸ ਹੁੰਦਾ ਹੈ।

ਕ. ਮੰਦਰ ਤੱਕ ਜਾਣ ਲਈ________ ਜਾਰੀ ਕੀਤੇ ਜਾਂਦੇ ਹਨ।

6. **ਵਿਰੋਧੀ ਸ਼ਬਦ ਲਿਖੋ :**

ਮਹਿੰਗਾ –
ਠੰਢਾ –
ਉੱਚੀਆਂ –
ਵਧੀਆ –
ਬਹੁਤੇ –

7. **ਵਚਨ ਬਦਲੋ :**

ਦੁਕਾਨ –
ਸੈਲਾਨੀ –
ਕਸਬਾ –
ਇਮਾਰਤ –
ਕੈਮਰਾ –
ਤੋਹਫ਼ਾ –

8. **ਹੇਠਾਂ ਲਿਖੇ ਸ਼ਬਦਾਂ ਦੇ ਹਿੰਦੀ ਅਤੇ ਅੰਗਰੇਜ਼ੀ ਸ਼ਬਦ ਲਿਖੋ।**

| ਸ਼ਬਦ | ਹਿੰਦੀ | ਅੰਗਰੇਜ਼ੀ |
|---|---|---|
| ਮੌਸਮ | ________ | ________ |
| ਸਫ਼ਰ | ________ | ________ |
| ਪੈਦਲ | ________ | ________ |
| ਪ੍ਰਕਿਰਤਿਕ | ________ | ________ |
| ਖੇਤਰ | ________ | ________ |
| ਚਰਚ | ________ | ________ |

***

ਪਾਠ - 19

# ਗੀਤ

ਸਾਡਾ ਸਭ ਦੁੱਖ ਜਾਣਦੇ,
ਰੁੱਖ ਬੋਲ ਨਾ ਸਕਦੇ।
ਇਹ ਭਲੀ-ਭਾਂਤ ਪਹਿਚਾਣਦੇ,
ਪਰ ਬੋਲ ਨਾ ਸਕਦੇ।

ਇਹਨਾਂ ਦੇ ਗਲ਼ ਘੱਤ ਕੇ ਬਾਂਹਾਂ,
ਚੜ੍ਹਦੀਆਂ ਜਾਵਣ ਹੋਰ ਉਤਾਂਹਾਂ।
ਉਹ ਜਦ ਫੁੱਲਾਂ ਸੰਗ ਭਰ ਜਾਵਣ,
ਇਹ ਉਹਨਾਂ ਨੂੰ ਮਾਣਦੇ।
ਪਰ ਬੋਲ ਨਾ ਸਕਦੇ।

ਬੰਦਾ ਛਾਂਵੇਂ ਬੈਠਣ ਆਵੇ,
ਇਹਨਾਂ ਨੂੰ ਹੀ ਛਾਂਗੀ ਜਾਵੇ।
ਨਾ ਬੋਲਣ ਨਾ ਕੂਕਣ ਫਿਰ ਵੀ,
ਭਾਵੇਂ ਸਭ ਕੁਝ ਜਾਣਦੇ।
ਪਰ ਬੋਲ ਨਾ ਸਕਦੇ।

ਇਹਨਾਂ ਧੁਰੋਂ ਫ਼ਕੀਰੀ ਪਾਈ,
ਅੰਤਾਂ ਦੀ ਦਿਲਗੀਰੀ ਪਾਈ।
ਰੱਬ ਦੇ ਫ਼ੱਕਰ ਖੜ੍ਹੇ-ਖੜੋਤੇ,
ਮੁਹਤਾਜੀ ਨਾ ਮਾਣਦੇ।
ਪਰ ਬੋਲ ਨਾ ਸਕਦੇ।

ਬੰਦੇ ਦੀ ਹੋਣੀ ਨੂੰ ਜਾਣਨ,

ਉਸ ਦੀ ਹਰ ਇੱਕ ਨਬਜ਼ ਪਛਾਣਨ।
ਇਹਨਾਂ ਨੂੰ ਭੁੱਲ ਜਾਏ ਬੰਦਾ,
ਇਹ ਪਰ ਉਸ ਨੂੰ ਜਾਣਦੇ।
ਪਰ ਬੋਲ ਨਾ ਸਕਦੇ।

ਪੰਛੀ ਝੁਰਮਟ ਪਾ ਕੇ ਆਵਣ,
ਇਹਨਾਂ 'ਤੇ ਚਰਚੋਲ੍ਹਰ ਪਾਵਣ।
ਇਹ ਉਹਨਾਂ ਨੂੰ ਮੇਵੇ ਦੇਵਣ,
ਬਿਨਾਂ, 'ਹਸਾਨ ਜਤਾਣ ਦੇ।
ਪਰ ਬੋਲ ਨਾ ਸਕਦੇ।

## ਪਾਠ - ਅਭਿਆਸ

1. **ਹੇਠ ਲਿਖੀਆਂ ਕਾਵਿ-ਸਤਰਾਂ ਦੇ ਭਾਵ ਸਪਸ਼ਟ ਕਰੋ :—**

(ੳ) ਪੰਛੀ ਝੁਰਮਟ ਪਾ ਕੇ ਆਵਣ
ਇਹਨਾਂ 'ਤੇ ਚਰਚੋਲ੍ਹਰ ਪਾਵਣ।
ਇਹ ਉਹਨਾਂ ਨੂੰ ਮੇਵੇ ਦੇਵਣ,
ਬਿਨਾਂ 'ਹਸਾਨ ਜਤਾਣ ਦੇ।
ਪਰ ਬੋਲ ਨਾ ਸਕਦੇ।

(ਅ) ਇਹਨਾਂ ਦੇ ਗਲ਼ ਘੱਤ ਕੇ ਬਾਂਹਾਂ,
ਚੜ੍ਹਦੀਆਂ ਜਾਵਣ ਹੋਰ ਉਤਾਂਹਾਂ।
ਉਹ ਜਦ ਫੁੱਲਾਂ ਸੰਗ ਭਰ ਜਾਵਣ,
ਇਹ ਉਹਨਾਂ ਨੂੰ ਮਾਣਦੇ।
ਪਰ ਬੋਲ ਨਾ ਸਕਦੇ।

2. **ਵਾਕਾਂ ਵਿੱਚ ਵਰਤੋ :—**

ਦੁੱਖ
ਮੁਹਤਾਜੀ
ਝੁਰਮਟ

ਮੇਵੇ

ਭਲੀ-ਭਾਂਤ

5. **ਹੇਠਾਂ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
| --- | --- | --- |
| ਸਭ | सब | |
| ਬੰਦਾ | | |
| ਰੱਬ | | |
| ਪੰਛੀ | | |

**ਵਿਦਿਆਰਥੀਆਂ ਲਈ :**

ਰੁੱਖਾਂ ਸੰਬੰਧੀ ਕੁਝ ਹੋਰ ਕਵਿਤਾਵਾਂ ਇਕੱਤਰ ਕਰਕੇ ਆਪਣੇ ਅਧਿਆਪਕ ਜੀ ਨੂੰ ਦਿਖਾਓ।

***

ਪਾਠ -20

# ਈਦਗਾਹ



ਰਮਜ਼ਾਨ ਦੇ ਪੂਰੇ ਤੀਹ ਰੋਜ਼ਿਆਂ ਤੋਂ ਮਗਰੋਂ ਈਦ ਆਈ ਹੈ। ਕਿੰਨੀ ਮਨੋਹਰ, ਕਿੰਨੀ ਸੋਹਣੀ ਸਵੇਰ ਹੈ ਰੁੱਖਾਂ ਉੱਤੇ ਕੋਈ ਅਜੀਬ ਹਰਿਆਲੀ ਹੈ। ਖੇਤਾਂ 'ਚ ਰੌਣਕ ਹੈ। ਅੱਜ ਦਾ ਸੂਰਜ ਵੇਖੋ ਕਿੰਨਾ ਪਿਆਰਾ, ਕਿੰਨਾ ਸੀਤਲ ਹੈ, ਜਿਵੇਂ ਸੰਸਾਰ ਨੂੰ ਈਦ ਦੀ ਵਧਾਈ ਦੇ ਰਿਹਾ ਹੋਵੇ। ਪਿੰਡ ਵਿੱਚ ਕਿੰਨੀ ਹਲਚਲ ਹੈ। ਈਦਗਾਹ ਜਾਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਕਿਸੇ ਦੇ ਕੁੜਤੇ ਨੂੰ ਬਟਨ ਨਹੀਂ ਲੱਗੇ। ਉਹ ਗੁਆਂਢੀ ਤੋਂ ਸੂਈ-ਧਾਗਾ ਲੈਣ ਨੱਠਿਆ ਜਾ ਰਿਹਾ ਹੈ। ਕਿਸੇ ਦੀਆਂ ਜੁੱਤੀਆਂ ਆਕੜ ਗਈਆਂ ਹਨ, ਉਹ ਉਸ ਨੂੰ ਤੇਲ ਤੇ ਪਾਣੀ ਲਾ ਕੇ ਨਰਮ ਕਰ ਰਿਹਾ ਹੈ। ਕੋਈ ਛੇਤੀ-ਛੇਤੀ ਬਲ਼ਦਾਂ ਨੂੰ ਸੰਨ੍ਹੀ ਪਾ ਰਿਹਾ ਹੈ ਕਿਉਂਕਿ ਈਦਗਾਹ ਤੋਂ ਮੁੜਦੇ-ਮੁੜਦੇ ਤਾਂ ਦੁਪਹਿਰ ਹੋ ਜਾਏਗੀ।

ਮੁੰਡੇ-ਖੁੰਡੇ ਸਭ ਤੋਂ ਵੱਧ ਖ਼ੁਸ਼ ਹਨ। ਕਿਸੇ ਨੇ ਇੱਕ ਰੋਜ਼ਾ ਰੱਖਿਆ ਹੈ, ਉਹ ਵੀ ਦੁਪਹਿਰ ਤੱਕ ਤੇ ਕਿਸੇ ਨੇ ਉਹ ਵੀ ਨਹੀਂ। ਰੋਜ਼ੇ ਹੋਣਗੇ ਬਜ਼ੁਰਗਾਂ ਲਈ, ਉਹਨਾਂ ਲਈ ਤਾਂ ਈਦ ਹੈ। ਸੇਵੀਆਂ ਲਈ ਘਰ ਵਿੱਚ ਦੁੱਧ, ਮਿੱਠਾ ਤੇ ਮੇਵੇ ਹਨ ਕਿ ਨਹੀਂ; ਇਹਨਾਂ ਦਾ ਕੋਈ ਮਤਲਬ ਨਹੀਂ ਹੈ, ਉਹਨਾਂ ਦੀਆਂ ਜੇਬਾਂ ਵਿੱਚ ਤਾਂ ਕੁਬੇਰ ਦਾ ਧਨ ਹੈ। ਵਾਰ-ਵਾਰ ਜੇਬਾਂ 'ਚੋਂ ਖ਼ਜ਼ਾਨਾ ਕੱਢ ਕੇ ਗਿਣਦੇ ਹਨ, ਦੋਸਤਾਂ ਨੂੰ ਦਿਖਾਉਂਦੇ ਹਨ ਤੇ ਖ਼ੁਸ਼ ਹੋ ਕੇ ਵਾਪਸ ਰੱਖ ਲੈਂਦੇ ਹਨ। ਇਹਨਾਂ ਦੋ-ਚਾਰ ਪੈਸਿਆਂ ਨਾਲ਼ ਹੀ ਉਹ ਦੁਨੀਆ ਭਰ ਦੀਆਂ ਚੀਜ਼ਾਂ ਖ਼ਰੀਦਣਗੇ, ਖਿਡੌਣੇ, ਮਠਿਆਈਆਂ, ਵਾਜੇ, ਗੇਂਦ ਤੇ ਪਤਾ ਨਹੀਂ ਕੀ-ਕੀ।

ਸਭ ਤੋਂ ਵੱਧ ਖ਼ੁਸ਼ ਹੈ, ਹਾਮਿਦ। ਉਹ ਗ਼ਰੀਬ ਜਿਹੀ ਸ਼ਕਲ ਵਾਲ਼ਾ ਮਾੜਚੂ ਜਿਹਾ ਮੁੰਡਾ ਹੈ। ਉਸ ਦਾ ਬਾਪ ਪਿਛਲੇ ਸਾਲ ਚੱਲ ਵੱਸਿਆ ਸੀ ਤੇ ਮਾਂ ਪਤਾ ਨਹੀਂ ਕਿਉਂ ਪੀਲ਼ੀ ਪੈਂਦੀ-ਪੈਂਦੀ ਮਰ ਗਈ। ਹੁਣ ਹਾਮਿਦ

ਆਪਣੀ ਬੁੱਢੀ ਦਾਦੀ ਆਮਿਨਾ ਦੀ ਗੋਦੀ ਵਿੱਚ ਸੌਂਦਾ ਹੈ। ਉਹਨੂੰ ਏਨਾ ਹੀ ਪਤਾ ਹੈ ਕਿ ਉਸ ਦੇ ਪਿਤਾ ਪੈਸੇ ਕਮਾਉਣ ਗਏ ਹਨ। ਬਹੁਤ ਸਾਰੇ ਰੁਪਏ ਲੈ ਕੇ ਆਣਗੇ। ਅੰਮੀ ਅੱਲਾ ਮੀਆਂ ਦੇ ਘਰ ਉਸ ਲਈ ਬਹੁਤ ਸਾਰੀਆਂ ਚੀਜ਼ਾਂ ਲੈਣ ਗਈ ਹੈ। ਹਾਮਿਦ ਖ਼ੁਸ਼ ਹੈ। ਉਸ ਦੇ ਬੂਟ ਫਟ ਗਏ ਹਨ। ਸਿਰ 'ਤੇ ਪੁਰਾਣੀ ਟੋਪੀ ਹੈ। ਉਸ ਦੇ ਮਾਤਾ ਤੇ ਪਿਤਾ ਦੀਆਂ ਲਿਆਂਦੀਆਂ ਚੀਜ਼ਾਂ ਦੇ ਨਾਲ਼ ਉਹ ਦਿਲ ਦੀਆਂ ਖ਼ਾਹਸ਼ਾਂ ਪੂਰੀਆਂ ਕਰੇਗਾ।

ਵਿਚਾਰੀ ਆਮਿਨਾ ਆਪਣੀ ਕੋਠੜੀ ਵਿੱਚ ਬੈਠੀ ਰੋ ਰਹੀ ਹੈ। ਅੱਜ ਈਦ ਹੈ ਪਰ ਉਸ ਦੇ ਘਰ ਅੰਨ ਦਾ ਇੱਕ ਦਾਣਾ ਵੀ ਨਹੀਂ। ਕਿਸੇ ਨੇ ਬੁਲਾਇਆ ਸੀ, ਇਸ ਈਦ ਨੂੰ? ਇਸ ਘਰ ਵਿੱਚ ਉਸ ਦਾ ਕੋਈ ਕੰਮ ਨਹੀਂ। ਪਰ ਹਾਮਿਦ—ਉਸ ਨੂੰ ਕਿਸੇ ਦੇ ਨਾਲ਼ ਕੀ ਮਤਲਬ? ਉਸ ਦੇ ਅੰਦਰ ਤਾਂ ਰੋਸ਼ਨੀ ਹੈ ਤੇ ਬਾਹਰ ਉਮੀਦ ਤੇ ਉਮੰਗ।

ਹਾਮਿਦ ਅੰਦਰ ਜਾ ਕੇ ਦਾਦੀ ਨੂੰ ਆਖਦਾ ਹੈ "ਤੂੰ ਡਰੀਂ ਨਾ, ਅੰਮਾ! ਮੈਂ ਪਿੰਡ ਵਾਲ਼ਿਆਂ ਨਾਲ਼ ਹੀ ਰਵ੍ਹਾਂਗਾ। ਮੈਂ ਸਭ ਤੋਂ ਪਹਿਲਾਂ ਮੁੜਾਂਗਾ। ਤੂੰ ਘਬਰਾਈਂ ਨਾ---।"

ਪਰ ਆਮਿਨਾ ਦੇ ਖੋਹ ਪੈ ਰਹੀ ਹੈ। ਪਿੰਡ ਦੇ ਸਾਰੇ ਬੱਚੇ ਆਪਣੇ-ਆਪਣੇ ਬਾਪਾਂ ਨਾਲ਼ ਜਾ ਰਹੇ ਹਨ। ਕੀ ਹਾਮਿਦ ਇਕੱਲਾ ਜਾਵੇਗਾ? ਇਸ ਭੀੜ-ਭੜੱਕੇ ਵਿੱਚ ਜੇ ਕਿਧਰੇ ਗੁੰਮ ਹੋ ਜਾਵੇ ਤਾਂ ਕੀ ਹੋਵੇਗਾ? ਨਹੀਂ, ਮੈਂ ਇਸ ਨੂੰ ਇੱਕਲਾ ਨਹੀਂ ਜਾਣ ਦੇਵਾਂਗੀ। ਛੋਟਾ ਜਿਹਾ ਤਾਂ ਹੈ। ਜੇ ਪੈਰਾਂ ਵਿੱਚ ਛਾਲੇ ਪੈ ਗਏ?

ਪਰ ਜੇ ਉਹ ਆਪ ਚਲੀ ਗਈ ਤਾਂ ਸੇਵੀਆਂ ਕੌਣ ਬਣਾਵੇਗਾ? ਭੁੱਖਾ-ਪਿਆਸਾ ਦੁਪਹਿਰ ਨੂੰ ਮੁੜੇਗਾ। ਕੀ ਉਹ ਉਸ ਲਈ ਉਦੋਂ ਸੇਵੀਆ ਬਣਾਉਣ ਬੈਠੇਗੀ? ਰੋਣਾ ਤਾਂ ਇਹ ਹੈ ਕਿ ਉਸ ਕੋਲ਼ ਪੈਸੇ ਵੀ ਨਹੀਂ ਹਨ। ਉਸ ਨੇ ਕੁਝ ਕੱਪੜੇ ਸੀਤੇ ਸਨ। ਲੈ ਦੇ ਕੇ ਇੱਕ ਅਠਿਆਨੀ ਬਚੀ ਸੀ ਪਰ ਉਹ ਬਚਾਈ ਹੋਈ ਅਠਿਆਨੀ ਵੀ ਦੁੱਧ ਵਾਲ਼ੀ ਨੂੰ ਦੇਣੀ ਪੈ ਗਈ। ਹੁਣ ਉਹ ਕੀ ਕਰੇ? ਹਾਮਿਦ ਲਈ ਜੇ ਹੋਰ ਕੁਝ ਨਹੀਂ ਤਾਂ ਦੋ ਪੈਸਿਆਂ ਦਾ ਦੁੱਧ ਤਾਂ ਚਾਹੀਦਾ ਹੀ ਹੈ, ਨਾ! ਪਰ ਉਸ ਕੋਲ਼ ਦੋ ਆਨੇ ਹੀ ਬਚੇ ਸਨ। ਤਿੰਨ ਪੈਸੇ ਹਾਮਿਦ ਦੇ ਖੀਸੇ ਵਿੱਚ ਤੇ ਪੰਜ ਪੈਸੇ ਉਸ ਦੇ ਆਪਣੇ ਬਟੂਏ ਵਿੱਚ। ਇਹੀ ਤਾਂ ਉਸ ਦੀ ਕੁੱਲ ਪੂੰਜੀ ਹੈ ਤੇ ਈਦ ਦਾ ਤਿਉਹਾਰ—ਅੱਲਾ ਹੀ ਬੇੜਾ ਪਾਰ ਕਰੇਗਾ।

ਪਿੰਡ ਤੋਂ ਮੇਲੇ ਲਈ ਲੋਕ ਤੁਰੇ ਤਾਂ ਹਾਮਿਦ ਵੀ ਉਹਨਾਂ ਨਾਲ਼ ਜਾ ਰਿਹਾ ਸੀ। ਕਦੀ ਸਾਰੇ ਜਣੇ ਭੱਜ ਕੇ ਅੱਗੇ ਨਿਕਲ਼ ਜਾਂਦੇ, ਫੇਰ ਕਿਸੇ ਰੁੱਖ ਹੇਠਾਂ ਖੜ੍ਹੇ ਹੋ ਕੇ ਨਾਲ਼ ਵਾਲ਼ਿਆਂ ਦਾ ਇੰਤਜ਼ਾਰ ਕਰਨ ਲੱਗ ਜਾਂਦੇ।

ਸ਼ਹਿਰ ਦਾ ਇਲਾਕਾ ਸ਼ੁਰੂ ਹੋ ਗਿਆ ਸ਼ਹਿਰ ਦੇ ਦੋਵੇਂ ਪਾਸੇ ਅਮੀਰਾਂ ਦੇ ਬਗ਼ੀਚੇ ਹਨ। ਵੱਡੀਆਂ-ਵੱਡੀਆਂ ਇਮਾਰਤਾਂ ਆਉਣ ਲੱਗੀਆਂ। ਇਹ ਅਦਾਲਤ ਹੈ, ਇਹ ਕਾਲਜ ਹੈ, ਇਹ ਕਲੱਬ-ਘਰ ਹੈ। ਅੱਗੇ ਗਏ ਤਾਂ ਮਿਠਿਆਈਆਂ ਦੀਆਂ ਦੁਕਾਨਾਂ ਸ਼ੁਰੂ ਹੋਈਆਂ। ਅੱਜ ਖ਼ੂਬ ਸਜੀਆਂ ਹੋਈਆਂ ਸਨ।

ਇਹ ਪੁਲਿਸ-ਲਾਈਨ ਹੈ। ਇੱਥੇ ਪੁਲਿਸ ਵਾਲ਼ੇ ਕਵਾਇਦ ਕਰਦੇ ਹਨ। "ਲੈੱਫ਼ਟ-ਰਾਈਟ। ਫ਼ਾਮ-ਫ਼ੂ, ਹਪ।" ਰਾਤ ਨੂੰ ਵਿਚਾਰੇ ਫਿਰ ਕੇ ਪਹਿਰਾ ਦਿੰਦੇ ਨੇ, ਨਹੀਂ ਤਾਂ ਚੋਰੀਆਂ ਹੋ ਜਾਣ।

ਹੁਣ ਵੱਸੋਂ ਸੰਘਣੀ ਹੋਣੀ ਸ਼ੁਰੂ ਹੋ ਗਈ ਸੀ। ਈਦਗਾਹਾਂ ਨੂੰ ਜਾਂਦੀਆਂ ਟੋਲੀਆਂ ਨਜ਼ਰ ਆਉਣ ਲੱਗੀਆਂ, ਇੱਕ ਤੋਂ ਇੱਕ ਵੱਧ ਭੜਕੀਲੇ ਕੱਪੜੇ ਪਾਈ। ਕੋਈ ਟਾਂਗੇ ਉੱਤੇ ਸਵਾਰ, ਕੋਈ ਮੋਟਰ ਉੱਤੇ। ਸਭਨਾਂ ਦੇ ਅਤਰ ਛਿੜਕੇ ਹੋਏ। ਸਾਰਿਆਂ ਦੇ ਦਿਲ ਚਾਵਾਂ ਨਾਲ਼ ਭਰੇ ਹੋਏ। ਪੇਂਡੂਆਂ ਦਾ ਇਹ ਛੋਟਾ ਜਿਹਾ ਟੋਲਾ ਆਪਣੇ-ਆਪ ਵਿੱਚ ਮਗਨ, ਚੁਫੇਰੇ ਤੋਂ ਬੇਖ਼ਬਰ, ਅਰਾਮ ਨਾਲ਼ ਤੁਰਿਆ ਜਾ ਰਿਹਾ ਸੀ।

ਈਦਗਾਹ ਨਜ਼ਰ ਆਈ। ਉੱਥੇ ਇਮਲੀ ਦੇ ਦਰਖ਼ਤਾਂ ਦੀ ਛਾਂ ਹੈ। ਹੇਠਾਂ ਖੁੱਲ੍ਹਾ, ਪੱਕਾ ਫ਼ਰਸ਼ ਹੈ ਜਿਸ 'ਤੇ

ਦਰੀਆਂ ਵਿਛੀਆਂ ਹੋਈਆਂ ਹਨ। ਨਮਾਜ਼ੀਆਂ ਦੀਆਂ ਲਾਈਨਾਂ, ਇੱਕ ਦੇ ਪਿੱਛੇ ਇੱਕ, ਪਤਾ ਨਹੀਂ ਕਿੱਥੋਂ ਤੱਕ ਚਲੀਆਂ ਗਈਆਂ ਹਨ? ਪੱਕੇ ਫ਼ਰਸ਼ ਦੇ ਪਿੱਛੇ ਜਿੱਥੇ ਦਰੀ ਵੀ ਨਹੀਂ ਸੀ ਵਿਛੀ ਹੋਈ, ਕਈ ਕਤਾਰਾਂ ਖੜ੍ਹੀਆਂ ਹਨ। ਨਵੇਂ ਆਉਣ ਵਾਲ਼ੇ ਆ ਕੇ ਪਿਛਲੀ ਕਤਾਰ ਵਿੱਚ ਖੜੇ ਜਾਂਦੇ ਨੇ। ਅੱਗੇ ਥਾਂ ਨਹੀਂ। ਇੱਥੇ ਕੋਈ ਅਮੀਰੀ ਤੇ ਦਰਜਾ ਨਹੀਂ ਦੇਖਦਾ। ਇਸਲਾਮ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ। ਇਹਨਾਂ ਪੇਂਡੂਆਂ ਨੇ ਵੁਜ਼ੂ ਕੀਤਾ ਤੇ ਕਤਾਰ ਵਿੱਚ ਸ਼ਾਮਲ ਹੋ ਗਏ। ਕਿੰਨਾ ਸੋਹਣਾ ਪ੍ਰਬੰਧ ਹੈ! ਤਰਤੀਬ ਦਿੱਤੀ ਹੋਈ ਜਮਾਤ ਹੈ। ਲੱਖਾਂ ਸਿਰ ਇਕੱਠੇ ਸਿਜਦੇ ਵਿੱਚ ਝੁਕ ਜਾਂਦੇ ਹਨ ਫੇਰ ਸਾਰੇ ਦੇ ਸਾਰੇ ਇਕੱਠੇ ਖੜ੍ਹੇ ਹੋ ਜਾਂਦੇ ਨੇ। ਇਕੱਠੇ ਝੁਕਦੇ ਤੇ ਇਕੱਠੇ ਗੋਡਿਆਂ ਭਾਰ ਬੈਠ ਜਾਂਦੇ ਨੇ। ਇਹ ਅਮਲ ਵਾਰ-ਵਾਰ ਹੁੰਦਾ ਹੈ। ਇੰਞ ਲੱਗਦਾ ਹੈ, ਜਿਵੇਂ ਬਿਜਲੀ ਦੇ ਹਜ਼ਾਰਾਂ ਲਾਟੂ ਇਕੱਠੇ ਜਗ ਜਾਂਦੇ ਹੋਣ ਤੇ ਇਕੱਠੇ ਹੀ ਬੁਝ ਜਾਣ, ਜਿਵੇਂ ਕਿਸੇ ਨੇ ਸਭ ਨੂੰ ਇੱਕ ਲੜੀ ਵਿੱਚ ਪਰੋ ਦਿੱਤਾ ਹੋਵੇ।

ਨਮਾਜ਼ ਖ਼ਤਮ ਹੋ ਗਈ ਹੈ। ਲੋਕ ਇੱਕ-ਦੂਜੇ ਦੇ ਗਲ਼ੇ ਮਿਲ਼ ਰਹੇ ਹਨ। ਤਦੇ ਹੀ ਮਿਠਿਆਈਆਂ ਤੇ ਖਿਡੌਣਿਆਂ ਦੀਆਂ ਦੁਕਾਨਾਂ 'ਤੇ ਧਾਵਾ ਬੋਲਿਆ ਜਾਂਦਾ ਹੈ। ਪੇਂਡੂਆਂ ਦਾ ਇਹ ਟੋਲਾ ਇਸ ਅਮਲ ਵਿੱਚ ਬੱਚਿਆਂ ਤੋਂ ਘੱਟ ਨਹੀਂ ਹੈ। ਅਹਿ ਦੇਖੋ, ਝੂਲਾ ਹੈ। ਇੱਕ ਪੈਸਾ ਦੇ ਕੇ ਚੜ੍ਹ ਜਾਓ। ਕਦੇ ਅਸਮਾਨ ਵਿੱਚ ਜਾਂਦੇ ਲੱਗੋਗੇ ਤੇ ਕਦੇ ਜ਼ਮੀਨ ਉੱਤੇ ਡਿਗਦੇ। ਇਹ ਚਰਖੜੀ ਹੈ। ਇੱਕ ਪੈਸਾ ਦੇ ਕੇ ਬੈਠ ਜਾਓ ਤੇ ਪੱਚੀ ਚੱਕਰਾਂ ਦਾ ਮਜ਼ਾ ਲਓ। ਮਹਿਮੂਦ ਤੇ ਮੋਹਸਿਨ, ਨੂਰਾ ਅਤੇ ਸ਼ਮੀ ਇਹਨਾਂ ਘੋੜਿਆਂ ਤੇ ਊਠਾਂ ਉੱਤੇ ਬੈਠਦੇ ਹਨ। ਹਾਮਿਦ ਪਰੇ ਖੜ੍ਹਾ ਹੈ। ਤਿੰਨ ਪੈਸੇ ਹੀ ਤਾਂ ਉਹਦੇ ਕੋਲ਼ ਨੇ। ਜ਼ਰਾ ਜਿਹਾ ਚੱਕਰ ਖਾਣ ਲਈ ਆਪਣੇ ਖ਼ਜ਼ਾਨੇ ਦਾ ਤੀਸਰਾ ਹਿੱਸਾ ਉਹ ਨਹੀਂ ਦੇ ਸਕਦਾ।

ਸਭ ਉੱਤਰਦੇ ਹਨ। ਹੁਣ ਖਿਡੌਣੇ ਲੈਣਗੇ। ਉੱਧਰ ਦੁਕਾਨਾਂ ਦੀਆਂ ਲਾਈਨਾਂ ਲੱਗੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਖਿਡੌਣੇ ਹਨ। ਸਿਪਾਹੀ, ਗਵਾਲਣ, ਰਾਜਾ, ਵਕੀਲ, ਧੋਬਣ, ਮਾਸ਼ਕੀ ਅਤੇ ਸਾਧੂ। ਵਾਹ! ਕਿੰਨੇ ਸੋਹਣੇ ਖਿਡੌਣੇ ਹਨ, ਜਿਵੇਂ ਹੁਣੇ ਬੋਲ ਪੈਣਗੇ। ਮਹਿਮੂਦ ਨੇ ਸਿਪਾਹੀ ਲੈ ਲਿਆ। ਖ਼ਾਕੀ ਵਰਦੀ ਤੇ ਲਾਲ ਪੱਗ ਵਾਲ਼ਾ ਮੋਢੇ ਉੱਤੇ ਬੰਦੂਕ। ਜਿਵੇਂ ਹੁਣੇ ਕਵਾਇਦ ਕਰ ਕੇ ਆ ਰਿਹਾ ਹੋਵੇ। ਮੋਹਸਿਨ ਨੂੰ ਮਾਸ਼ਕੀ ਪਸੰਦ ਆਇਆ। ਝੁਕਿਆ ਲੱਕ ਤੇ ਉੱਤੇ ਮਸ਼ਕ ਰੱਖੀ। ਮਸ਼ਕ ਦਾ ਮੂੰਹ ਇੱਕ ਹੱਥ ਨਾਲ਼ ਫੜਿਆ ਹੋਇਆ ਹੈ। ਕਿੰਨਾ ਖ਼ੁਸ਼ ਹੈ। ਖ਼ਬਰੇ ਗੀਤਾ ਗਾ ਰਿਹਾ ਹੈ। ਨੂਰੇ ਨੂੰ ਵਕੀਲ ਨਾਲ਼ ਪ੍ਰੇਮ ਹੈ। ਕਿੰਨੀ ਸਿਆਣਪ ਹੈ ਉਸ ਦੇ ਮੂੰਹ ਉੱਤੇ। ਕਾਲ਼ਾ ਚੋਗ਼ਾ, ਹੇਠਾਂ ਚਿੱਟੀ ਅਚਕਨ; ਅਚਕਨ ਦੀ ਸਾਹਮਣੀ ਜੇਬ ਵਿੱਚ ਘੜੀ, ਸੁਨਹਿਰੀ ਜ਼ੰਜੀਰ। ਇੱਕ ਹੱਥ ਵਿੱਚ ਕਨੂੰਨ ਦੀ ਕਿਤਾਬ। ਲੱਗਦਾ ਹੈ, ਹੁਣੇ ਕਿਸੇ ਅਦਾਲਤ ਵਿੱਚੋਂ ਬਹਿਸ ਕਰਕੇ ਆ ਰਿਹਾ ਹੈ। ਇਹ ਸਭ ਖਿਡੌਣੇ ਦੋ-ਦੋ ਪੈਸੇ ਦੇ ਹਨ ਪਰ ਹਾਮਿਦ ਜੇ ਦੋ ਪੈਸੇ ਦਾ ਖਿਡੌਣਾ ਲੈ ਲਏ ਤਾਂ ਫੇਰ ਹੋਰ ਕੀ ਲਵੇਗਾ? ਨਹੀਂ! ਖਿਡੌਣੇ ਤਾਂ ਫ਼ਜ਼ੂਲ ਜਿਹੇ ਹਨ। ਜੇ ਕਿਧਰੇ ਹੱਥੋਂ ਡਿੱਗ ਪੈਣ ਤਾਂ ਚੂਰਾ ਹੋ ਜਾਣਗੇ। ਜ਼ਰਾ ਕੁ ਪਾਣੀ ਪਵੇ ਤਾਂ ਸਾਰਾ ਰੰਗ ਲਹਿ ਜਾਵੇਗਾ। ਇਹੋ-ਜਿਹੇ ਖਿਡੌਣੇ ਲੈ ਕੇ ਉਹ ਕੀ ਕਰੇਗਾ? ਮੋਹਸਿਨ ਆਖਦੈ, "ਮਾਸ਼ਕੀ ਰੋਜ਼ ਪਾਣੀ ਦੇਣ ਜਾਊਗਾ, ਸਵੇਰੇ-ਸ਼ਾਮ।" ਮਹਿਮੂਦ ਬੋਲਿਆ, "ਅਤੇ ਮੇਰਾ ਸਿਪਾਹੀ ਘਰ ਦਾ ਪਹਿਰਾ ਦੇਊਗਾ। ਕੋਈ ਚੋਰ ਆਊ ਤਾਂ ਝੱਟ ਬੰਦੂਕ ਦਾ ਫ਼ਾਇਰ ਕਰ ਦੇਵੇਗਾ।"

ਨੂਰਾ- "ਮੇਰਾ ਵਕੀਲ ਰੋਜ਼ ਮੁਕੱਦਮਾ ਲੜੂਗਾ।"

ਸ਼ਮੀ- "ਮੇਰੀ ਧੋਬਣ ਰੋਜ਼ ਕੱਪੜੇ ਧੋਊਗੀ।"

ਹਾਮਿਦ ਖਿਡੌਣਿਆਂ ਦੀ ਨਿੰਦਿਆ ਕਰਦਾ ਹੈ। "ਮਿੱਟੀ ਦੇ ਹੀ ਤਾਂ ਨੇ, ਡਿਗ ਪਏ ਤਾਂ ਚੂਰਾ ਹੋ ਜਾਣਗੇ।" ਪਰ ਲਲਚਾਈਆਂ ਨਜ਼ਰਾਂ ਨਾਲ਼ ਖਿਡੌਣਿਆਂ ਵੱਲ ਵੇਖ ਰਿਹਾ ਹੈ ਅਤੇ ਚਾਹੁੰਦਾ ਹੈ ਕਿ ਕੁਝ ਚਿਰ

ਉਹਨਾਂ ਨੂੰ ਫੜ ਸਕਦਾ। ਉਹਦੇ ਹੱਥ ਅਨਜਾਣੇ ਹੀ ਵਧਦੇ ਹਨ ਪਰ ਮੁੰਡੇ ਏਨੇ ਤਿਆਗੀ ਨਹੀਂ ਹੁੰਦੇ। ਖ਼ਾਸ ਕਰਕੇ ਜਦੋਂ ਸ਼ੌਕ ਨਵਾਂ-ਨਵਾਂ ਹੋਵੇ। ਹਾਮਿਦ ਲਲਚਾਉਂਦਾ ਰਹਿ ਜਾਂਦਾ ਹੈ।

ਖਿਡੌਣਿਆਂ ਤੋਂ ਬਾਅਦ ਮਿਠਿਆਈਆਂ ਦੀ ਵਾਰੀ ਆਈ। ਕਿਸੇ ਨੇ ਰਿਓੜੀਆਂ ਲੈ ਲਈਆਂ ਹਨ, ਕਿਸੇ ਨੇ ਸੋਹਣ-ਹਲਵਾ। ਮਜ਼ੇ ਨਾਲ਼ ਖਾ ਰਹੇ ਨੇ। ਹਾਮਿਦ ਬਰਾਦਰੀ ਤੋਂ ਅੱਡ ਹੈ। ਵਿਚਾਰੇ ਕੋਲ਼ ਤਿੰਨ ਪੈਸੇ ਹੀ ਨੇ। ਇਹ ਕੁਝ ਲੈ ਕੇ ਖਾਂਦਾ ਕਿਉਂ ਨਹੀਂ? ਲਲਚਾਈਆਂ ਨਜ਼ਰਾਂ ਨਾਲ਼ ਸਭ ਵੱਲ ਝਾਕਦਾ ਹੈ।

ਮੋਹਸਿਨ ਆਖਦਾ ਹੈ, "ਹਾਮਿਦ! ਰਿਓੜੀਆਂ ਲੈ-ਲੈ! ਕਿੰਨੀਆਂ ਖ਼ੁਸ਼ਬੋਦਾਰ ਨੇ।"

ਹਾਮਿਦ ਨੂੰ ਸ਼ੱਕ ਹੋਇਆ ਕਿ ਇਹ ਤਾਂ ਸਿਰਫ਼ ਮਜ਼ਾਕ ਹੈ। ਮੋਹਸਿਨ ਏਨੇ ਵੱਡੇ ਦਿਲ ਦਾ ਨਹੀਂ ਹੈ ਪਰ ਜਾਣਦਿਆਂ ਹੋਇਆਂ ਵੀ ਉਸ ਦੇ ਕੋਲ਼ ਜਾਂਦਾ ਹੈ। ਮੋਹਸਿਨ ਡੂਨੇ ਵਿੱਚੋਂ ਇੱਕ ਰਿਓੜੀ ਕੱਢ ਕੇ ਉਸ ਦੇ ਵੱਲ ਕਰਦਾ ਹੈ। ਹਾਮਿਦ ਹੱਥ ਕਰਦਾ ਹੈ। ਮੋਹਸਿਨ ਰਿਓੜੀ ਆਪਣੇ ਮੂੰਹ ਵਿੱਚ ਪਾ ਲੈਂਦਾ ਹੈ। ਮਹਿਮੂਦ, ਨੂਰਾ ਤੇ ਸ਼ਮੀ ਖ਼ੂਬ ਤਾੜੀਆਂ ਵਜਾ-ਵਜਾ ਕੇ ਹੱਸਦੇ ਹਨ। ਹਾਮਿਦ ਕੱਚਾ ਜਿਹਾ ਹੋ ਜਾਂਦਾ ਹੈ।

ਮੋਹਸਿਨ : "ਚੰਗਾ ਐਤਕੀਂ ਜ਼ਰੂਰ ਦੇਵਾਂਗਾ। ਹਾਮਿਦ ਸਹੁੰ—ਲੈ ਜਾ।"

ਹਾਮਿਦ : ਰਹਿਣ ਦੇ, ਮੇਰੇ ਕੋਲ਼ ਪੈਸੇ ਨਹੀਂ ਗੇ?

ਸ਼ਮੀ : "ਤਿੰਨ ਪੈਸੇ ਹੀ ਤਾਂ ਹੈਗੇ, ਤਿੰਨਾਂ ਪੈਸਿਆਂ ਨਾਲ਼ ਕੀ-ਕੀ ਲਏਂਗਾ?"

ਮਹਿਮੂਦ : "ਮੈਥੋਂ ਗੁਲਾਬ-ਜਾਮਣ ਲੈ ਜਾ, ਹਾਮਿਦ! ਮੋਹਸਿਨ ਸ਼ਰਾਰਤੀ ਹੈ।"

ਹਾਮਿਦ : "ਮਿਠਾਈ ਕਿਤੇ ਬੜੀ ਵੱਡੀ ਚੀਜ਼ ਹੈ? ਕਿਤਾਬ ਵਿੱਚ ਏਸ ਦੀਆਂ ਬੁਰਾਈਆਂ ਲਿਖੀਆਂ ਨੇ।"

ਮੋਹਸਿਨ : "ਪਰ ਅੰਦਰੋਂ ਤਾਂ ਆਖਦਾ ਹੋਵੇਂਗਾ ਕਿ ਜੇ ਕੁਝ ਮਿਲ਼ ਜਾਏ ਤਾਂ ਖਾ ਲਵਾਂ। ਆਪਣੇ ਪੈਸੇ ਕਿਉਂ ਨਹੀਂ ਕੱਢਦਾ?"

ਮਹਿਮੂਦ : "ਅਸੀਂ ਸਮਝਦੇ ਹਾਂ, ਇਸ ਦੀ ਚਲਾਕੀ। ਜਦੋਂ ਸਾਡੇ ਪੈਸੇ ਖ਼ਰਚ ਹੋ ਜਾਣਗੇ ਤਾਂ ਸਾਨੂੰ ਲਲਚਾ-ਲਲਚਾ ਕੇ ਆਪ ਖਾਵੇਗਾ।"

ਮਿਠਿਆਈਆਂ ਤੋਂ ਮਗਰੋਂ ਕੁਝ ਦੁਕਾਨਾਂ ਲੋਹੇ ਦੀਆਂ ਚੀਜ਼ਾਂ ਦੀਆਂ ਹਨ। ਮੁੰਡਿਆਂ ਲਈ ਉੱਥੇ ਕੋਈ ਖਿੱਚ ਨਹੀਂ ਸੀ। ਉਹ ਅੱਗੇ ਤੁਰ ਗਏ। ਹਾਮਿਦ ਲੋਹੇ ਵਾਲ਼ੀ ਦੁਕਾਨ 'ਤੇ ਰੁਕ ਜਾਂਦਾ ਹੈ। ਉੱਥੇ ਚਿਮਟੇ ਪਏ ਹਨ। ਉਸ ਨੂੰ ਖ਼ਿਆਲ ਆਇਆ, ਦਾਦੀ ਕੋਲ਼ ਚਿਮਟਾ ਨਹੀਂ ਹੈ। ਤਵੇ ਤੋਂ ਰੋਟੀ ਲਾਹੁੰਦਿਆਂ ਉਸ ਦਾ ਹੱਥ ਸੜ ਜਾਂਦਾ ਹੈ। ਜੇਕਰ ਉਹ ਚਿਮਟਾ ਲਿਜਾ ਕੇ ਦਾਦੀ ਨੂੰ ਦੇ ਦੇਵੇ ਤਾਂ ਉਹ ਕਿੰਨੀ ਖ਼ੁਸ਼ ਹੋਵੇਗੀ! ਉਸ ਦੀਆਂ ਉਂਗਲ਼ਾਂ ਕਦੇ ਨਹੀਂ ਸੜਨਗੀਆਂ। ਘਰ ਵਿੱਚ ਇੱਕ ਕੰਮ ਦੀ ਚੀਜ਼ ਆ ਜਾਵੇਗੀ। ਖਿਡੌਣਿਆਂ ਦਾ ਕੀ ਫ਼ਾਇਦਾ? ਫ਼ਜ਼ੂਲ ਖ਼ਰਚ ਕਰਨੇ। ਕੁਝ ਚਿਰ ਹੀ ਚਾਅ ਹੁੰਦਾ ਹੈ ਫੇਰ ਖਿਡੌਣਿਆਂ ਵੱਲ ਕੋਈ ਝਾਕਦਾ ਵੀ ਨਹੀਂ। ਇਹ ਤਾਂ ਘਰ ਪਹੁੰਚਦਿਆਂ ਹੀ ਟੁੱਟ-ਭੱਜ ਜਾਣਗੇ ਜਾਂ ਛੋਟੇ ਬੱਚੇ ਜੋ ਈਦਗਾਹ ਨਹੀਂ ਜਾ ਸਕਦੇ, ਜ਼ਿਦ ਕਰਕੇ ਲੈ ਲੈਣਗੇ ਤੇ ਤੋੜ ਦੇਣਗੇ। ਚਿਮਟਾ ਕਿੰਨੇ ਕੰਮ ਦੀ ਚੀਜ਼ ਹੈ! ਤਵੇ ਤੋਂ ਰੋਟੀਆਂ ਲਾਹ ਲਓ, ਚੁੱਲ੍ਹੇ 'ਚ ਸੇਕ ਲਓ, ਕੋਈ ਅੱਗ ਮੰਗਣ ਆਏ, ਝੱਟ-ਪੱਟ ਚੁੱਲ੍ਹੇ 'ਚੋਂ ਕੱਢ ਕੇ ਦੇ ਦਿਓ। ਵਿਚਾਰੀ ਅੰਮਾਂ ਨੂੰ ਕਿੱਥੇ ਏਨੀ ਵਿਹਲ ਕਿ ਬਜ਼ਾਰ ਜਾਏ। ਨਾਲ਼ੇ ਏਨੇ ਪੈਸੇ ਹੀ ਕਦ ਹੁੰਦੇ ਹਨ? ਰੋਜ਼ ਹੱਥ ਸਾੜ ਲੈਂਦੀ ਹੈ।

ਹਾਮਿਦ ਦੇ ਸਾਥੀ ਅੱਗੇ ਜਾ ਚੁੱਕੇ ਸਨ। ਵੇਖੋ, ਕਿੰਨੇ ਲਾਲਚੀ ਨੇ! ਏਨੀਆਂ ਮਿਠਿਆਈਆਂ ਲਈਆਂ, ਮੈਨੂੰ ਕਿਸੇ ਨੇ ਇੱਕ ਵੀ ਨਹੀਂ ਦਿੱਤੀ। ਉੱਤੋਂ ਆਖਦੇ ਨੇ, ਸਾਡੇ ਨਾਲ਼ ਖੇਡੋ। ਮੇਰਾ ਅਹਿ ਕੰਮ ਕਰ ਦਿਓ, ਮੇਰਾ ਅਹੁ ਕੰਮ ਕਰ ਦਿਓ। ਹੁਣ ਜੇ ਕੰਮ ਕਰਨ ਲਈ ਆਖਿਆ ਤਾਂ ਪੁੱਛੂੰ, ਉਹਨਾਂ ਨੂੰ। ਖਾਣ ਮਿਠਿਆਈਆਂ ਆਪੇ ਚੇਟਕ ਲੱਗੂ, ਫੋੜੇ-ਫਿਣਸੀਆਂ ਨਿਕਲ਼ਨਗੀਆਂ। ਫੇਰ ਚੁੱਕਣਗੇ ਘਰੋਂ ਪੈਸੇ ਤੇ ਖਾਣਗੇ ਛਿੱਤਰ। ਕਿਤਾਬ ਵਿੱਚ ਝੂਠੀਆਂ ਗੱਲਾਂ ਥੋੜ੍ਹੀਆਂ ਲਿਖੀਆਂ ਹੋਈਆਂ ਨੇ। ਮੇਰੀ ਜ਼ੁਬਾਨ ਕਿਉਂ ਖ਼ਰਾਬ ਹੋਵੇਗੀ? ਅੰਮਾ ਵੇਖਦਿਆਂ ਸਾਰ ਭੱਜ ਕੇ ਚਿਮਟਾ ਮੇਰੇ ਹੱਥੋਂ ਖੋਹ ਲਵੇਗੀ ਅਤੇ ਆਖੇਗੀ, "ਮੇਰਾ ਪੁੱਤ ਅੰਮਾਂ ਲਈ ਚਿਮਟਾ ਲੈ ਕੇ ਆਇਐ।" ਹਜ਼ਾਰਾਂ ਅਸੀਸਾਂ ਦੇਵੇਗੀ। ਇਹਨਾਂ ਖਿਡੌਣੇ ਲਿਆਉਣ ਵਾਲ਼ਿਆਂ ਨੂੰ ਕੌਣ 'ਸੀਸਾਂ ਦੇਏਗਾ। ਵੱਡਿਆਂ ਦੀਆਂ ਦਿੱਤੀਆਂ ਦੁਆਵਾਂ ਸਿੱਧੀਆਂ ਰੱਬ ਦੇ ਦਰਬਾਰ ਪਹੁੰਚਦੀਆਂ ਨੇ ਤੇ ਫ਼ੌਰਨ ਸੁਣਵਾਈ ਹੁੰਦੀ ਐ। ਉਸ ਨੇ ਦੁਕਾਨਦਾਰ ਨੂੰ ਪੁੱਛਿਆ, "ਇਹ ਚਿਮਟਾ ਕਿੰਨੇ ਦਾ ਹੈ?"

ਦੁਕਾਨਦਾਰ ਨੇ ਉਸ ਵੱਲ ਵੇਖਿਆ ਤੇ ਨਾਲ਼ ਕੋਈ ਵੱਡਾ ਨਾ ਹੋਣ ਕਰਕੇ ਆਖਣ ਲੱਗਿਆ, "ਇਹ ਤੇਰੇ ਕੰਮ ਦੀ ਚੀਜ਼ ਨਹੀਂ, ਬਈ !"

"ਵਿਕਾਊ ਹੈ ਕਿ ਨਹੀਂ?"

"ਵਿਕਾਊ ਕਿਉਂ ਨਹੀਂ ਹੈ ? ਹੋਰ ਇੱਥੇ ਲੱਦ ਕੇ ਕਾਹਦੇ ਲਈ ਲਿਆਏ ਹਾਂ?"

"ਫੇਰ ਦੱਸਦਾ ਕਿਉਂ ਨਹੀਂ, ਕਿੰਨੇ ਦਾ ਹੈ?"

"ਛੇ ਪੈਸੇ ਲੱਗਣਗੇ।"

ਹਾਮਿਦ ਦਾ ਜੀਅ ਥੋੜ੍ਹਾ ਹੋ ਗਿਆ।

"ਠੀਕ-ਠੀਕ ਦੱਸ।"

"ਠੀਕ-ਠੀਕ ਪੰਜ ਪੈਸੇ ਲੱਗਣਗੇ। ਲੈਣਾ ਹੈ ਲੈ, ਨਹੀਂ ਖਿਸਕਦਾ ਹੋ।"

ਹਾਮਿਦ ਨੇ ਜਿਗਰਾ ਕਰਕੇ ਕਿਹਾ, "ਤਿੰਨ ਪੈਸੇ ਲੈਣੇ ਨੇ?"

ਇਹ ਆਖਦਾ ਹੋਇਆ ਉਹ ਅੱਗੇ ਤੁਰ ਗਿਆ ਕਿ ਦੁਕਾਨਦਾਰ ਕਿਤੇ ਘੁਰਕੇ ਨਾ ਪਰ ਦੁਕਾਨਦਾਰ ਘੁਰਕ ਕੇ ਨਾ ਪਿਆ, ਬੁਲਾ ਕੇ ਚਿਮਟਾ ਦੇ ਦਿੱਤਾ ਤੇ ਪੈਸੇ ਲੈ ਲਏ।

ਹਾਮਿਦ ਨੇ ਚਿਮਟੇ ਨੂੰ ਇਉਂ ਮੋਢੇ 'ਤੇ ਰੱਖ ਲਿਆ ਜਿਵੇਂ ਬੰਦੂਕ ਹੋਵੇ ਤੇ ਸ਼ਾਨ ਨਾਲ਼ ਆਕੜਦਾ ਹੋਇਆ ਸਾਥੀਆਂ ਕੋਲ਼ ਆ ਗਿਆ।

ਮੋਹਸਿਨ ਨੇ ਹੱਸਦੇ ਹੋਏ ਕਿਹਾ, "ਹਾਅ ਚਿਮਟਾ ਕਾਹਦੇ ਲਈ ਲੈ ਆਇਐਂ, ਕਮਲ਼ਿਆ? ਇਹਨੂੰ ਕੀ ਕਰੇਂਗਾ?"

ਹਾਮਿਦ ਨੇ ਚਿਮਟਾ ਜ਼ਮੀਨ 'ਤੇ ਮਾਰਿਆ ਤੇ ਬੋਲਿਆ," ਜ਼ਰਾ ਆਪਣਾ ਮਾਸ਼ਕੀ ਤਾਂ ਸੁੱਟ ਕੇ ਵੇਖ! ਸਾਰੀਆਂ ਪੱਸਲ਼ੀਆਂ ਨਾ ਚੂਰਾ ਹੋ ਜਾਣ, ਬੱਚੂ ਦੀਆਂ!"

ਮਹਿਮੂਦ-"ਇਹ ਚਿਮਟਾ ਕੋਈ ਖਿਡੌਣਾ ਹੈ?"

ਹਾਮਿਦ-"ਖਿਡੌਣਾ ਕਿਉਂ ਨਹੀਂ? ਮੋਢੇ 'ਤੇ ਰੱਖ ਲਓ ਤਾਂ ਬੰਦੂਕ ਬਣ ਜੇ, ਹੱਥ 'ਚ ਫੜ ਲਓ, ਜਿਵੇਂ

ਫ਼ਕੀਰਾਂ ਦਾ ਚਿਮਟਾ। ਜੇ ਚਾਹਵਾਂ ਤਾਂ ਇਸ ਨਾਲ਼ ਡੰਡੇ ਦਾ ਕੰਮ ਵੀ ਲੈ ਸਕਦਾਂ। ਇੱਕੋ ਮਾਰਾਂ ਤਾਂ ਤੁਹਾਡੇ ਸਭ ਖਿਡੌਣਿਆਂ ਦੀ ਜਾਨ ਨਿਕਲ਼ ਜਾਵੇ। ਤੁਹਾਡੇ ਖਿਡੌਣੇ ਕਿੰਨਾ ਵੀ ਜ਼ੋਰ ਲਾ ਕੇ ਮੇਰੇ ਚਿਮਟੇ ਦਾ ਵਾਲ਼ ਵੀ ਵਿੰਗਾ ਨਹੀਂ ਕਰ ਸਕਦੇ। ਬਹਾਦਰ ਸ਼ੇਰ ਹੈ, ਮੇਰਾ ਚਿਮਟਾ।"

ਸ਼ਮੀ ਬੋਲਿਆ, "ਮੇਰੀ ਡਫਲੀ ਨਾਲ਼ ਵਟਾ ਲੈ। ਦੋ ਆਨਿਆਂ ਦੀ ਹੈ।"

ਹਾਮਿਦ ਨੇ ਡਫਲੀ ਵੱਲ ਬੇਪਰਵਾਹੀ ਨਾਲ਼ ਵੇਖਦੇ ਹੋਏ ਕਿਹਾ, "ਬੱਸ ਇੱਕ ਚਿਮਟੇ ਦੀ ਨੋਕ ਲਾਓ, ਢੱਪ-ਢੱਪ ਬੋਲਣ ਲੱਗੇ। ਮਾੜਾ ਜਿਹਾ ਪਾਣੀ ਲੱਗੇ ਤਾਂ ਬੱਸ, ਖ਼ਤਮ। ਮੇਰਾ ਬਹਾਦਰ ਚਿਮਟਾ ਅੱਗ ਵਿੱਚ, ਪਾਣੀ ਵਿੱਚ, ਹਨੇਰੀ ਵਿੱਚ, ਤੂਫ਼ਾਨ ਵਿੱਚ ਡਟਿਆ ਰਹੇਗਾ।"

ਹੁਣ ਮੁੰਡਿਆਂ ਦੇ ਦੋ ਗੁੱਟ ਬਣ ਗਏ ਹਨ। ਮਹਿਮੂਦ, ਮੋਹਸਿਨ, ਨੂਰਾ ਇੱਕ ਪਾਸੇ। ਹਾਮਿਦ ਇਕੱਲਾ ਦੂਜੇ ਪਾਸੇ। ਸ਼ਮੀ ਕਿਸੇ ਵੱਲ ਨਹੀਂ। ਜਿਸ ਨੂੰ ਜਿੱਤਦਾ ਵੇਖੇਗਾ, ਉੱਧਰ ਹੀ ਹੋ ਜਾਵੇਗਾ। ਪਰ ਮੋਹਸਿਨ, ਮਹਿਮੂਦ ਅਤੇ ਨੂਰਾ ਦੋ-ਦੋ ਵਰ੍ਹੇ ਵੱਡੇ ਹੋਣ ਉੱਤੇ ਵੀ ਹਾਮਿਦ ਦੇ ਵਾਕਾਂ ਤੋਂ ਘਬਰਾ ਗਏ। ਤਰਕ ਤੇ ਸਚਾਈ ਉਸ ਦੇ ਨਾਲ਼ ਹਨ। ਇੱਕ ਪਾਸੇ ਮਿੱਟੀ ਹੈ, ਦੂਜੇ ਪਾਸੇ ਲੋਹਾ ਜੋਕਿ ਇਸ ਵਕਤ ਫ਼ੌਲਾਦ ਬਣਿਆ ਹੋਇਆ ਹੈ।

ਮੋਹਸਿਨ ਨੇ ਸਿਰ ਤੋਂ ਪੈਰਾਂ ਤੱਕ ਦਾ ਜ਼ੋਰ ਲਾਇਆ ਹੈ, "ਪਰ ਪਾਣੀ ਤਾਂ ਨਹੀਂ ਭਰ ਸਕਦਾ!"

ਹਾਮਿਦ ਨੇ ਚਿਮਟੇ ਨੂੰ ਖੜ੍ਹਾ ਕਰਕੇ ਕਿਹਾ,"ਮਾਸ਼ਕੀ ਨੂੰ ਇੱਕ ਦਬਕਾ ਮਾਰੂ ਤਾਂ ਭੱਜਿਆ ਪਾਣੀ ਲੈ ਕੇ ਆਵੇਗਾ ਤੇ ਇਸ ਦੇ ਬੂਹੇ ਅੱਗੇ ਛਿੜਕਣ ਲੱਗੇਗਾ।"

ਮੋਹਸਿਨ ਹਾਰ ਗਿਆ ਪਰ ਮਹਿਮੂਦ ਨੇ ਗੱਲ ਬਚਾਈ, "ਜੇਕਰ ਬੱਚੂ ਜੀ ਫੜੇ ਜਾਣ ਤਾਂ ਅਦਾਲਤ ਵਿੱਚ ਬੰਨ੍ਹੇ ਫਿਰਨਗੇ ਤਦ ਤਾਂ ਵਕੀਲ ਸਾਹਿਬ ਦੇ ਹੀ ਪੈਰੀਂ ਪੈਣਾ ਪਏਗਾ।"

ਹਾਮਿਦ ਇਸ ਠੋਸ ਦਲੀਲ ਦਾ ਜਵਾਬ ਨਾ ਦੇ ਸਕਿਆ, ਉਸ ਨੇ ਪੁੱਛਿਆ, "ਇਸ ਨੂੰ ਫੜਨ ਕੌਣ ਆਏਗਾ?"

ਨੂਰਾ ਆਕੜ ਕੇ ਬੋਲਿਆ,"ਇਹ ਸਿਪਾਹੀ, ਬੰਦੂਕ ਵਾਲ਼ਾ।"

ਹਾਮਿਦ ਨੇ ਮੂੰਹ ਚਿੜਾ ਕੇ ਕਿਹਾ, "ਇਹ ਵਿਚਾਰਾ ਇਸ ਰੁਸਤਮੇ-ਹਿੰਦ ਨੂੰ ਫੜੇਗਾ? ਚੰਗਾ ਆ, ਹੁਣੇ ਘੋਲ਼ ਹੋ ਜਾਏ। ਇਸ ਦੀ ਸੂਰਤ ਵੇਖ ਕੇ ਭੱਜ ਜਾਊਗਾ। ਫੜਨਾ ਕੀ ਹੈ, ਵਿਚਾਰੇ ਨੇ।"

ਮੋਹਸਿਨ ਨੇ ਇੱਕ ਨਵੀਂ ਚੋਟ ਕੀਤੀ, "ਤੇਰੇ ਚਿਮਟੇ ਦਾ ਮੂੰਹ ਰੋਜ਼ ਅੱਗ ਵਿੱਚ ਸੜੇਗਾ।"

ਹਾਮਿਦ ਕੋਲ਼ ਜਵਾਬ ਤਿਆਰ ਸੀ, "ਅੱਗ ਵਿੱਚ ਬਹਾਦਰ ਹੀ ਕੁੱਦਦੇ ਨੇ, ਜਨਾਬ! ਤੇਰੇ ਆਹ ਵਕੀਲ, ਸਿਪਾਹੀ ਤੇ ਮਾਸ਼ਕੀ ਡਰਪੋਕ ਨੇ। ਸਭ ਘਰਾਂ 'ਚ ਵੜ ਜਾਣਗੇ। ਅੱਗ 'ਚ ਭੁੰਜੇ ਹੀ ਪਿਆ ਰਹੇਗਾ ਅਤੇ ਵਕੀਲ ਸਾਹਿਬ ਕੁਰਸੀ 'ਤੇ ਬੈਠਣਗੇ।"

ਹਾਮਿਦ ਨੂੰ ਜਵਾਬ ਨਾ ਸੁੱਝਿਆ ਤਾਂ ਉਸ ਨੇ ਢਕੌਂਸਲਾ ਮਾਰਿਆ,"ਮੇਰਾ ਚਿਮਟਾ ਰਸੋਈ 'ਚ ਨਹੀਂ ਰਹੇਗਾ ਅਤੇ ਵਕੀਲ ਸਾਹਿਬ ਕੁਰਸੀ 'ਤੇ ਬੈਠਣਗੇ ਤਾਂ ਉਸ ਨੂੰ ਹੇਠਾਂ ਮਾਰੇਗਾ। ਉਹਨਾਂ ਦਾ ਕਨੂੰਨ ਢਿੱਡ ਵਿੱਚ ਵਾੜ ਦੇਵੇਗਾ।"

ਗੱਲ ਬਣੀ ਨਹੀਂ ਸੀ। ਪਰ ਕਨੂੰਨ ਨੂੰ ਢਿੱਡ ਵਿੱਚ ਵਾੜਨ ਵਾਲ਼ੀ ਗੱਲ ਜੰਮ ਗਈ। ਅਜਿਹੀ ਜੰਮੀ ਕਿ ਤਿੰਨੇ ਸੂਰਮੇ ਦੇਖਦੇ ਰਹਿ ਗਏ। ਹਾਮਿਦ ਨੇ ਮੈਦਾਨ ਜਿੱਤ ਲਿਆ। ਉਸ ਦਾ ਚਿਮਟਾ ਰੁਸਤਮੇ-ਹਿੰਦ ਹੈ। ਹੁਣ ਇਸ

ਗੱਲੋਂ ਮੋਹਸਿਨ, ਮਹਿਮੂਦ, ਨੂਰਾ, ਸ਼ਮੀ ਕਿਸੇ ਨੂੰ ਇਤਰਾਜ਼ ਨਹੀਂ ਹੋ ਸਕਦਾ।

ਸੁਲ੍ਹਾ ਦੀਆਂ ਸ਼ਰਤਾਂ ਤੈਅ ਹੋਣ ਲੱਗੀਆਂ, ਮੋਹਸਿਨ ਨੇ ਕਿਹਾ, "ਜ਼ਰਾ ਆਪਣਾ ਚਿਮਟਾ ਵਿਖਾ, ਅਸੀਂ ਵੀ ਵੇਖੀਏ, ਤੂੰ ਮੇਰਾ ਮਾਸ਼ਕੀ ਵੇਖ ਲੈ।"

ਮਹਿਮੂਦ ਤੇ ਨੂਰੇ ਨੇ ਆਪਣੇ-ਆਪਣੇ ਖਿਡੌਣੇ ਪੇਸ਼ ਕੀਤੇ।

ਹਾਮਿਦ ਨੂੰ ਇਹ ਸ਼ਰਤਾਂ ਮੰਨਣ ਵਿੱਚ ਕੋਈ ਇਤਰਾਜ਼ ਨਹੀਂ ਸੀ। ਚਿਮਟਾ ਵਾਰੀ-ਵਾਰੀ ਸਾਰਿਆਂ ਨੇ ਟੋਹਿਆ ਤੇ ਉਹਨਾਂ ਦੇ ਖਿਡੌਣੇ ਹਾਮਿਦ ਨੇ ਵੇਖੇ। ਕਿੱਡੇ ਸੋਹਣੇ ਖਿਡੌਣੇ ਹਨ!

ਹਾਮਿਦ ਨੇ ਹਾਰਨ ਵਾਲ਼ਿਆਂ ਦੇ ਹੰਝੂ ਪੂੰਝੇ, "ਮੈਂ ਤਾਂ ਐਵੇ ਚਿੜਾ ਰਿਹਾ ਸੀ। ਸੱਚੀਂ, ਹਾਅ ਲੋਹੇ ਦਾ ਚਿਮਟਾ ਇਹਨਾਂ ਖਿਡੌਣਿਆਂ ਦਾ ਭਲਾ ਕੀ ਮੁਕਾਬਲਾ ਕਰੇਗਾ; ਲੱਗਦੈ, ਹੁਣੇ ਬੋਲੇ ਕਿ ਬੋਲੇ।"

ਪਰ ਮੋਹਸਿਨ ਦੀ ਪਾਰਟੀ ਨੂੰ ਇਸ ਦਿਲਾਸੇ ਨਾਲ਼ ਤਸੱਲੀ ਨਾ ਹੋਈ। ਚਿਮਟੇ ਦਾ ਸਿੱਕਾ ਵਾਹਵਾ ਜੰਮ ਗਿਆ ਸੀ।

ਮੋਹਸਿਨ :"ਕੀ ਇਹਨਾਂ ਖਿਡੌਣਿਆਂ ਲਈ ਸਾਨੂੰ ਕੋਈ ਅਸੀਸ ਨਹੀਂ ਦੇਵੇਗਾ?"

ਮਹਿਮੂਦ :"ਅਸੀਸ ਭਾਲ਼ਦੈ, ਜੁੱਤੀਆਂ ਨਾ ਪੈਣ!" ਅੰਮਾ ਜ਼ਰੂਰ ਆਖੇਗੀ। ਤੁਹਾਨੂੰ ਮੇਲੇ ਵਿੱਚ ਹਾਅ ਮਿੱਟੀ ਦੇ ਖਿਡੌਣੇ ਹੀ ਲੱਭੇ?"

ਹਾਮਿਦ ਨੂੰ ਇਹ ਮੰਨਣਾ ਪਿਆ ਕਿ ਖਿਡੌਣਿਆਂ ਨੂੰ ਵੇਖ ਕੇ ਕਿਸੇ ਦੀ ਮਾਂ ਏਨੀ ਖ਼ੁਸ਼ ਨਹੀਂ ਹੋਵੇਗੀ ਜਿੰਨੀ ਦਾਦੀ ਚਿਮਟੇ ਨੂੰ ਵੇਖ ਕੇ। ਰਾਹ ਵਿੱਚ ਮਹਿਮੂਦ ਨੂੰ ਭੁੱਖ ਲੱਗੀ। ਉਸ ਦੇ ਅੱਬਾ ਨੇ ਕੇਲੇ ਖਾਣ ਨੂੰ ਦਿੱਤੇ। ਮਹਿਮੂਦ ਨੇ ਸਿਰਫ਼ ਹਾਮਿਦ ਨੂੰ ਹਿੱਸੇਦਾਰ ਬਣਾਇਆ। ਉਸ ਦੇ ਬਾਕੀ ਮਿੱਤਰ ਮੂੰਹ ਵੇਖਦੇ ਰਹਿ ਗਏ। ਇਹ ਉਸ ਚਿਮਟੇ ਦੀ ਕਰਾਮਾਤ ਸੀ।

ਗਿਆਰਾਂ ਵਜੇ ਸਾਰੇ ਪਿੰਡ ਵਿੱਚ ਹਲਚਲ ਮੱਚ ਗਈ। ਮੇਲੇ ਵਾਲ਼ੇ ਆ ਗਏ। ਮੋਹਸਿਨ ਦੀ ਛੋਟੀ ਭੈਣ ਨੇ ਨੱਠ ਕੇ ਮਾਸ਼ਕੀ ਉਸ ਦੇ ਹੱਥੋਂ ਖੋਹ ਲਿਆ। ਜਿਉਂ ਹੀ ਖ਼ੁਸ਼ੀ ਭੁੜਕੀ, ਮਾਸ਼ਕੀ ਸਾਹਿਬ ਹੇਠਾਂ ਡਿਗ ਪਏ ਤੇ ਸੁਰਗਾਂ ਨੂੰ ਤੁਰ ਗਏ। ਇਸ ਗੱਲ ਉੱਤੇ ਭੈਣ-ਭਾਈ ਵਿੱਚ ਕੁੱਟ-ਮਾਰ ਹੋਈ। ਦੋਵੇਂ ਦੱਬ ਕੇ ਰੋਏ। ਉਹਨਾਂ ਦੀ ਅੰਮਾ ਰੌਲ਼ਾ ਸੁਣ ਕੇ ਖਿਝੀ ਤੇ ਉੱਤੋਂ ਦੋ-ਦੋ ਥੱਪੜ ਹੋਰ ਲਾਏ। ਮੀਆਂ ਨੂਰੇ ਦੇ ਵਕੀਲ ਦਾ ਅੰਤ ਉਸ ਦੀ ਹੈਸੀਅਤ ਦੇ ਮੁਤਾਬਕ ਜ਼ਰਾ ਸ਼ਾਨ ਨਾਲ਼ ਹੋਇਆ। ਵਕੀਲ ਭੁੰਜੇ ਤਾਂ ਨਹੀਂ ਬੈਠ ਸਕਦਾ। ਉਸ ਦੀ ਮਰਯਾਦਾ ਰਹਿਣੀ ਚਾਹੀਦੀ ਹੈ। ਦਿਵਾਰ ਵਿੱਚ ਦੋ ਖੂੰਟੀਆਂ ਗੱਡੀਆਂ ਗਈਆਂ। ਉੱਤੇ ਲੱਕੜੀ ਦੀ ਫੱਟੀ ਰੱਖੀ ਗਈ। ਫੱਟੀ ਉੱਤੇ ਕਾਗਜ਼ ਦਾ ਗਲੀਚਾ ਸਜਾਇਆ ਗਿਆ। ਵਕੀਲ ਸਾਹਿਬ ਰਾਜਾ ਭੋਜ ਵਾਂਗ ਤਖ਼ਤ 'ਤੇ ਬਿਰਾਜੇ। ਨੂਰੇ ਨੇ ਉਸ ਨੂੰ ਪੱਖਾ ਝੱਲਣਾ ਸ਼ੁਰੂ ਕੀਤਾ। ਪਤਾ ਨਹੀਂ, ਪੱਖੇ ਦੀ ਹਵਾ ਨਾਲ ਕਿ ਪੱਖੇ ਦੇ ਵਜ਼ਨ ਨਾਲ਼ ਵਕੀਲ ਸਾਹਿਬ ਪਟੱਕ ਹੇਠਾਂ ਆ ਡਿਗੇ। ਬੜੇ ਜ਼ੋਰ-ਸ਼ੋਰ ਨਾਲ਼ ਮਾਤਮ ਹੋਇਆ ਤੇ ਵਕੀਲ ਸਾਹਿਬ ਦੀ ਲਾਸ਼ ਕੂੜੇ ਵਿੱਚ ਸੁੱਟ ਦਿੱਤੀ ਗਈ।

ਬਾਕੀ ਰਿਹਾ ਮਹਿਮੂਦ ਦਾ ਸਿਪਾਹੀ। ਉਸ ਨੂੰ ਝੱਟ-ਪੱਟ ਪਿੰਡ ਪਹਿਰਾ ਦੇਣ ਦਾ ਚਾਰਜ ਮਿਲ਼ ਗਿਆ। ਪਰ ਸਿਪਾਹੀ ਕੋਈ ਆਮ ਆਦਮੀ ਤਾਂ ਹੈ ਨਹੀਂ ਸੀ ਜੋ ਪੈਦਲ ਤੁਰਦਾ। ਇੱਕ ਟੋਕਰੀ ਆਈ। ਉਸ ਵਿੱਚ ਲਾਲ ਰੰਗ ਦੇ ਫਟੇ-ਪੁਰਾਣੇ ਕੱਪੜੇ ਵਿਛਾ ਕੇ ਪਾਲਕੀ ਬਣਾਈ ਗਈ। ਇਸ ਵਿੱਚ ਸਿਪਾਹੀ ਸਾਹਿਬ ਅਰਾਮ ਨਾਲ਼ ਲੇਟੇ। ਮਹਿਮੂਦ ਨੇ ਟੋਕਰੀ ਚੁੱਕੀ ਤੇ ਬੂਹੇ ਦੁਆਲ਼ੇ ਚੱਕਰ ਕੱਟਣ ਲੱਗਿਆ। ਉਸ ਦੇ ਦੋਵੇਂ ਛੋਟੇ ਭਰਾ ਸਿਪਾਹੀ

ਵੱਲੋਂ "ਛੋਣ ਵਾਲ਼ਿਓ ਜਾਗਦੇ ਰਹੋ!" ਆਖਦੇ ਨਾਲ਼ ਟੁਰੇ। ਪਰ ਰਾਤ ਤਾਂ ਹਨੇਰੀ ਹੀ ਹੋਣੀ ਚਾਹੀਦੀ ਹੈ। ਮਹਿਮੂਦ ਨੂੰ ਠੋਕਰ ਲੱਗ ਗਈ। ਟੋਕਰੀ ਉਸ ਦੇ ਹੱਥੋਂ ਡਿਗ ਪੈਂਦੀ ਹੈ ਤੇ ਸਿਪਾਹੀ ਮਹਾਰਾਜ ਆਪਣੀ ਬੰਦੂਕ ਸਮੇਤ ਡਿਗ ਪੈਂਦੇ ਹਨ ਤੇ ਉਹਨਾਂ ਦੀ ਇੱਕ ਲੱਤ ਵਿੱਚ ਵਿਗਾੜ ਪੈ ਜਾਂਦਾ ਹੈ।

ਹੁਣ ਹਾਮਿਦ ਦਾ ਹਾਲ ਸੁਣੋ। ਅਮੀਨਾ ਉਸ ਦੀ ਅਵਾਜ਼ ਸੁਣਦੇ ਹੀ ਦੌੜੀ ਤੇ ਉਸ ਨੂੰ ਗੋਦੀ ਚੁੱਕ ਕੇ ਪਿਆਰ ਕਰਨ ਲੱਗੀ। ਅਚਾਨਕ ਉਸ ਦੇ ਹੱਥ ਵਿੱਚ ਚਿਮਟਾ ਦੇਖ ਕੇ ਤ੍ਰਭਕੀ।

"ਇਹ ਚਿਮਟਾ ਕਿੱਥੇ ਸੀ?"

"ਮੈਂ ਮੁੱਲ ਲਿਐ।"

"ਕਿੰਨੇ ਦਾ?"

"ਤਿੰਨ ਪੈਸਿਆਂ ਦਾ।"

ਅਮੀਨਾ ਨੇ ਦੁਹੱਥੜ ਮਾਰਿਆ,"ਇਹ ਕੇਹਾ ਬੇਸਮਝ ਮੁੰਡਾ ਹੈ! ਦੁਪਹਿਰ ਹੋ ਗਈ ਹੈ, ਨਾ ਕੁਝ ਖਾਧਾ, ਨਾ ਪੀਤਾ। ਲਿਆਇਆ ਕੀ? ਚਿਮਟਾ? ਸਾਰੇ ਮੇਲੇ ਵਿੱਚ ਤੈਨੂੰ ਕੋਈ ਹੋਰ ਚੀਜ਼ ਨਾ ਲੱਭੀ ਜਿਹੜਾ ਇਹ ਲੋਹੇ ਦਾ ਚਿਮਟਾ ਲੈ ਆਇਐਂ।"

ਹਾਮਿਦ ਨੇ ਮੁਜਰਮਾਂ ਵਾਂਗ ਕਿਹਾ, "ਤੇਰੀਆਂ ਉਂਗਲ਼ਾਂ ਤਵੇ ਨਾਲ਼ ਸੜ ਜਾਂਦੀਆਂ ਸੀ ਨਾ, ਇਸੇ ਲਈ ਮੈਂ ਇਹ ਲੈ ਲਿਆ।"

ਬੁੱਢੀ ਦਾ ਗ਼ੁੱਸਾ ਸਨੇਹ ਵਿੱਚ ਬਦਲ ਗਿਆ ਅਤੇ ਸਨੇਹ ਵੀ ਉਹ ਨਹੀਂ ਜੋ ਉੱਛਲ਼ਦਾ ਹੈ ਅਤੇ ਆਪਣਾ ਸਾਰਾ ਦਰਦ ਲਫ਼ਜ਼ਾਂ ਵਿੱਚ ਖਿੰਡਾ ਦਿੰਦਾ ਹੈ। ਇੱਕ ਮੂਕ ਸਨੇਹ। ਬੱਚੇ ਵਿੱਚ ਕਿੰਨਾ ਤਿਆਗ, ਕਿੰਨੀ ਸਦਭਾਵਨਾ ਤੇ ਕਿੰਨੀ ਸਮਝ! ਦੂਸਰਿਆਂ ਨੂੰ ਖਿਡੌਣੇ ਲੈਂਦੇ ਤੇ ਮਿਠਿਆਈ ਖਾਂਦੇ ਵੇਖ ਕੇ ਇਸ ਦਾ ਮਨ ਕਿੰਨਾ ਲਲਚਾਇਆ ਹੋਵੇਗਾ! ਏਨਾ ਸਬਰ ਇਸ ਕੋਲ਼ੋਂ ਹੋਇਆ ਕਿਵੇਂ? ਉੱਥੇ ਵੀ ਇਸ ਨੂੰ ਆਪਣੀ ਬੁੱਢੀ ਦਾਦੀ ਯਾਦ ਰਹੀ। ਅਮੀਨਾ ਦਾ ਦਿਲ ਖ਼ੁਸ਼ੀ ਨਾਲ਼ ਭਰ ਗਿਆ।

ਹੁਣ ਇੱਕ ਬੜੀ ਅਜੀਬ ਗੱਲ ਹੋਈ। ਹਾਮਿਦ ਦੇ ਇਸ ਚਿਮਟੇ ਨਾਲ਼ੋਂ ਵੀ ਅਨੋਖੀ, "ਬੱਚੇ ਹਾਮਿਦ ਨੇ ਬੁੱਢੇ ਹਾਮਿਦ ਦਾ ਪਾਰਟ ਕੀਤਾ ਸੀ। ਬੁੱਢੀ ਅਮੀਨਾ ਬੱਚੀ ਅਮੀਨਾ ਬਣ ਗਈ। (ਬੱਚਾ ਹਾਮਿਦ ਤਾਂ ਜਿਵੇਂ ਵੱਡਾ ਬਣ ਗਿਆ ਹੋਵੇ, ਬੁੱਢੀ ਦਾਦੀ ਜਿਵੇਂ ਬੱਚੀ ਬਣ ਗਈ) ਉਹ ਰੋਣ ਲੱਗੀ। ਝੋਲ਼ੀ ਫੈਲਾ ਕੇ ਹਾਮਿਦ ਨੂੰ ਦੁਆਵਾਂ ਦਿੰਦੀ ਜਾਂਦੀ ਸੀ ਅਤੇ ਉਸ ਦੀਆਂ ਅੱਖਾਂ ਵਿੱਚੋਂ ਹੰਝੂਆਂ ਦੇ ਵੱਡੇ-ਵੱਡੇ ਤੁਪਕੇ ਹੇਠਾਂ ਡਿਗ ਰਹੇ ਸਨ। ਹਾਮਿਦ ਇਸ ਦਾ ਭੇਤ ਕੀ ਸਮਝਦਾ?

## ਪਾਠ- ਅਭਿਆਸ

**ਪ੍ਰਸ਼ਨ:1 ਬਹੁਵਿਕਲਪੀ ਪ੍ਰਸ਼ਨ:-**

1. ਈਦ ਕਿੰਨੇ ਰੋਜ਼ਿਆਂ ਬਾਅਦ ਆਈ ਸੀ?

   ਵੀਹ, ਤੀਹ, ਪੰਦਰਾਂ ।

2. ਮੁਸਲਮਾਨ ਕਿਹੜਾ ਤਿਉਹਾਰ ਧੂਮ-ਧਾਮ ਨਾਲ਼ ਮਨਾਉਂਦੇ ਹਨ।

   ਦਿਵਾਲ਼ੀ, ਕ੍ਰਿਸਮਿਸ, ਈਦ

3. ਹਾਮਿਦ ਨੇ ਦਾਦੀ ਲਈ ਕੀ ਖ਼ਰੀਦਿਆ?
ਖਿਡੌਣੇ, ਮਿਠਿਆਈ, ਚਿਮਟਾ

4. ਦਾਦੀ ਦਾ ਕੀ ਨਾਂ ਸੀ?
ਸ਼ਬੀਨਾ, ਰਵੀਨਾ, ਅਮੀਨਾ

5. ਹਾਮਿਦ ਨੇ ਚਿਮਟਾ ਕਿੰਨੇ ਪੈਸਿਆਂ ਦਾ ਖ਼ਰੀਦਿਆ ਸੀ?
ਤਿੰਨ, ਪੰਜ, ਦਸ।

**ਪ੍ਰਸ਼ਨ:2 ਛੋਟੇ ਉੱਤਰਾਂ ਵਾਲੇ ਪ੍ਰਸ਼ਨ :-**

1. ਈਦ ਕਿਨ੍ਹਾਂ ਦਾ ਤਿਉਹਾਰ ਹੈ?
2. ਮੁਸਲਮਾਨ ਕਿੱਥੇ ਮੱਥਾ ਟੇਕਣ ਜਾਂਦੇ ਹਨ?
3. ਅਮੀਨਾ ਕਿਉਂ ਰੋ ਰਹੀ ਸੀ?
4. ਹਾਮਿਦ ਖਿਡੌਣਿਆਂ ਦੀ ਨਿੰਦਿਆ ਕਿਉਂ ਕਰਦਾ ਹੈ?
5. ਦਾਦੀ ਹਾਮਿਦ ਨੂੰ ਦੁਆਵਾਂ ਕਿਉਂ ਦੇ ਰਹੀ ਸੀ?

**ਪ੍ਰਸ਼ਨ :3 ਸੰਖੇਪ ਉੱਤਰਾਂ ਵਾਲੇ ਪ੍ਰਸ਼ਨ :-**

1. ਈਦ ਦੇ ਦਿਨ ਅਮੀਨਾ ਕਿਉਂ ਰੋ ਰਹੀ ਸੀ?
2. ਮਹਿਮੂਦ, ਮੋਹਸਿਨ, ਨੂਰੇ ਤੇ ਸ਼ਮੀ ਨੇ ਕਿਹੜੇ-ਕਿਹੜੇ ਖਿਡੌਣੇ ਖ਼ਰੀਦੇ?
3. ਮੁੰਡਿਆਂ ਨੇ ਪਹਿਲਾਂ ਹਾਮਿਦ ਨੂੰ ਬਰਾਦਰੀ ਵਿੱਚੋਂ ਕਿਉਂ ਕੱਢ ਦਿੱਤਾ?
4. ਹਾਮਿਦ ਨੇ ਚਿਮਟਾ ਕਿਉਂ ਖ਼ਰੀਦਿਆ?
5. ਅਮੀਨਾ ਚਿਮਟੇ ਨੂੰ ਦੇਖ ਕੇ ਖ਼ੁਸ਼ ਕਿਉਂ ਨਹੀਂ ਹੋਈ?

**ਪ੍ਰਸ਼ਨ :4 ਵਾਕਾਂ ਵਿੱਚ ਵਰਤੋ :-**

| ਸ਼ਬਦ | – | ਵਾਕ |
|---|---|---|
| ਮਾੜਚੂ | – | ਹਾਮਿਦ ਮਾੜਚੂ ਜਿਹਾ ਦਿਸਦਾ ਸੀ। |
| ਬੇੜਾ ਪਾਰ ਕਰਨਾ | – | |
| ਤਸੱਲੀ ਦੇਣਾ | – | |
| ਖ਼ੁਸ਼ੀ ਨਾਲ਼ ਭਰਨਾ | – | |
| ਤਿਆਗ | – | |
| ਸਬਰ | – | |

**ਪ੍ਰਸ਼ਨ:5 ਹੇਠਾਂ ਲਿਖੇ ਸ਼ਬਦਾਂ ਨੂੰ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਦੇ ਸ਼ਬਦਾਂ ਵਿੱਚ ਲਿਖੋ:**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਬੂਹਾ | | |
| ਖ਼ਾਹਸ਼ | | |
| ਚੁਫੇਰੇ | | |
| ਦਿਲਾਸਾ | | |
| ਧਾਵਾ | | |
| ਗੁੰਮ | | |

**ਪ੍ਰਸ਼ਨ :6 ਖ਼ਾਲੀ ਥਾਂਵਾਂ ਭਰੋ :**

ਮਿਠਿਆਈਆਂ, ਡਫਲੀ, ਹਲਚਲ, ਨਿੰਦਿਆ, ਮਜ਼ਾਕ ।

1. ਹਾਮਿਦ ਖਿਡੌਣਿਆਂ ਦੀ ———ਕਰਦਾ ਹੈ।
2. ਇਹ ਤਾਂ ਸਿਰਫ਼———ਹੈ।
3. ਤਿਉਹਾਰ ਵਾਲ਼ੇ ਦਿਨ ਲੋਕ ———ਖ਼ਰੀਦਦੇ ਹਨ।
4. ਤੂੰ ਆਪਣੇ ਖਿਡੌਣੇ ਮੇਰੀ————ਨਾਲ਼ ਵਟਾ ਲੈ।
5. ਗਿਆਰਾਂ ਵਜੇ ਤੱਕ ਸਾਰੇ ਪਿੰਡ ਵਿੱਚ———ਮੱਚ ਗਈ।

**ਪ੍ਰਸ਼ਨ :7 ਵਿਰੋਧੀ ਸ਼ਬਦ ਲਿਖੋ :**

ਨਰਮ – ਸਖ਼ਤ

ਪਸੰਦ –

ਖ਼ੁਸ਼ੀ –

ਅਮੀਰ –

ਪਿਆਰ –

ਹਾਰਨਾ –

**ਪ੍ਰਸ਼ਨ :8 ਹੇਠ ਲਿਖੇ ਲਕੀਰੇ ਸ਼ਬਦਾਂ ਨੂੰ ਵੇਖੋ :**

ਮੈਂ ਸਭ ਤੋਂ ਪਹਿਲਾਂ ਮੁੜਾਂਗਾ।

ਕਦੀ ਸਾਰੇ ਭੱਜ ਕੇ ਅੱਗੇ ਨਿਕਲ਼ ਜਾਂਦੇ।

ਬੱਚਿਆਂ ਦਾ ਟੋਲਾ ਅਰਾਮ ਨਾਲ਼ ਤੁਰਿਆ ਜਾ ਰਿਹਾ ਸੀ।

ਹਾਮਿਦ ਸ਼ਾਨ ਨਾਲ਼ ਆਕੜਦਾ ਹੋਇਆ ਸਾਥੀਆਂ ਕੋਲ ਗਿਆ।

ਲਕੀਰੇ ਸ਼ਬਦ ਕਿਰਿਆ-ਸ਼ਬਦ ਹਨ। ਜਿਹੜੇ ਸ਼ਬਦ ਕਿਰਿਆ-ਸ਼ਬਦਾਂ ਦੀ ਵਿਸ਼ੇਸ਼ਤਾ ਦੱਸਦੇ ਹਨ, ਉਹ ਕਿਰਿਆ- ਵਿਸ਼ੇਸ਼ਣ ਅਖਵਾਉਂਦੇ ਹਨ।

**ਇਹਨਾਂ ਵਾਕਾਂ ਵਿੱਚ 'ਸਭ ਤੋ ਪਹਿਲਾਂ','ਅੱਗੇ', 'ਆਰਾਮ ਨਾਲ਼' ਅਤੇ 'ਆਕੜਦਾ ਹੋਇਆ' ਸ਼ਬਦ ਕਿਰਿਆ- ਵਿਸ਼ੇਸਣ ਹਨ।**

**ਪ੍ਰਸ਼ਨ : 9 ਅਧਿਆਪਕ ਲਈ :**

ਵਿਸ਼ਾ-ਅਧਿਆਪਕ ਪਾਠ ਨਾਲ਼ ਸੰਬੰਧਿਤ ਹੋਰ ਵਿਆਕਰਨ ਵੀ ਨਾਲ਼-ਨਾਲ਼ ਕਰਵਾਏਗਾ।

ਪਾਠ-21

# ਡਾ. ਏ. ਪੀ. ਜੇ. ਅਬਦੁਲ ਕਲਾਮ

ਭਾਰਤ ਦੇ ਸਾਬਕਾ ਰਾਸ਼ਟਰਪਤੀ ਅਤੇ ਸੰਸਾਰ-ਪ੍ਰਸਿੱਧ ਵਿਗਿਆਨੀ ਡਾ . ਏ. ਪੀ. ਜੇ. ਅਬਦੁਲ ਕਲਾਮ ਦਾ ਜਨਮ 15 ਅਕਤੂਬਰ, 1931 ਨੂੰ ਦੱਖਣੀ ਭਾਰਤ ਦੇ ਪ੍ਰਮੁੱਖ ਤੀਰਥ-ਅਸਥਾਨ ਰਾਮੇਸ਼ਵਰਮ ਵਿੱਚ ਹੋਇਆ। ਉਹਨਾਂ ਦਾ ਪੂਰਾ ਨਾਂ ਅਵੁਲ ਪਾਕਿਰ ਜੈਨੁਲ ਆਬਦੀਨ ਅਬਦੁਲ ਕਲਾਮ ਸੀ। ਇਸ ਲੰਮੇ ਨਾਂ ਵਿੱਚ ਅਵੁਲ ਉਸ ਦੇ ਪੜਦਾਦੇ, ਪਾਕਿਰ ਦਾਦੇ ਅਤੇ ਜੈਨੁਲ ਆਬਦੀਨ ਪਿਤਾ ਦਾ ਨਾਂ ਹੈ। ਪਿਤਾ ਸਮੁੰਦਰ ਵਿੱਚੋਂ ਮੱਛੀਆਂ ਫੜਨ ਵਾਲ਼ੇ ਮਲਾਹਾਂ ਲਈ ਬੇੜੀਆਂ ਬਣਾਉਂਦਾ ਅਤੇ ਕਿਰਾਏ ਉੱਤੇ ਦਿੰਦਾ ਸੀ। ਕਲਾਮ ਦੀ ਮਾਤਾ ਦਾ ਨਾਂ ਆਸ਼ੀਅੰਮਾ ਸੀ। ਉਹਨਾਂ ਦੀ ਇੱਕ ਭੈਣ ਤੇ ਤਿੰਨ ਭਰਾ ਹੋਰ ਸਨ।

ਆਪਣੇ ਪਰਿਵਾਰ ਵਿੱਚੋਂ ਕਲਾਮ ਸਕੂਲ ਜਾਣ ਵਾਲ਼ਾ ਪਹਿਲਾ ਬੱਚਾ ਸੀ। ਪੜ੍ਹਾਈ ਦੇ ਨਾਲ਼-ਨਾਲ਼ ਉਹ ਆਪਣੇ ਚਚੇਰੇ ਭਰਾ ਸ਼ਮਸਦੀਨ ਨਾਲ਼ ਰਲ਼ ਕੇ ਅਖ਼ਬਾਰਾਂ ਵੰਡਣ ਤੇ ਵੇਚਣ ਦਾ ਕੰਮ ਵੀ ਕਰਦਾ। ਦਸਵੀਂ ਉਸ ਨੇ ਰਾਮਾਨਾਥਾਪੁਰਮ ਦੇ 'ਸ਼ਵਾਰਟਜ਼ ਹਾਈ ਸਕੂਲ' ਤੋਂ ਕੀਤੀ ਅਤੇ ਇੰਟਰ ਮੀਡੀਏਟ ਤਰਿਚਨਾਪਲੀ ਦੇ ਸੇਂਟ ਜੋਸਫ ਕਾਲਜ ਤੋਂ। ਉੱਥੋਂ ਹੀ 1950 ਤੋਂ 1954 ਤੱਕ ਉਸ ਨੇ ਬੀ. ਐੱਸ-ਸੀ. ਪਾਸ ਕੀਤੀ। ਪਿਤਾ ਕੋਲ਼ ਅੱਗੇ ਪੜ੍ਹਾਉਣ ਦੀ ਸਮਰੱਥਾ ਨਹੀਂ ਸੀ। ਉਸ ਦੀ ਵਿਆਹੀ ਭੈਣ ਜ਼ੋਹਰਾ ਨੇ ਆਪਣੇ ਪਤੀ ਜਲਾਲੁਦੀਨ ਨਾਲ਼ ਰਲ਼ ਕੇ ਅਗਲੀ ਪੜ੍ਹਾਈ ਦਾ ਬੀੜਾ ਉਠਾਇਆ। ਕਲਾਮ 'ਮਦਰਾਸ ਇੰਸਟੀਚਿਊਟ ਆਫ਼ ਤਕਨਾਲੋਜੀ' ਵਿੱਚ 'ਐਰੋਨਾਟੀਕਲ ਇੰਜੀਨਿਅਰਿੰਗ' ਦੀ ਪੜ੍ਹਾਈ ਕਰਨ ਲੱਗਾ।

ਇੰਜੀਨੀਅਰਿੰਗ ਕਾਲਜ ਵਿੱਚ ਪ੍ਰਾਜੈਕਟ ਵਜੋਂ ਕਲਾਮ ਤੇ ਉਸ ਦੇ ਚਾਰ ਜਮਾਤੀਆਂ ਨੂੰ ਨੀਵੀਂ ਉਡਾਣ ਵਾਲ਼ੇ ਲੜਾਕੂ ਜਹਾਜ਼ ਡਿਜ਼ਾਈਨ ਤਿਆਰ ਕਰਨ ਨੂੰ ਕਿਹਾ ਗਿਆ। ਪ੍ਰਾਜੈਕਟ ਦਾ ਡਿਜ਼ਾਈਨ ਲੈ ਕੇ ਉਹ ਡਾਇਰੈਕਟਰ ਕੋਲ਼ ਗਏ ਤਾਂ ਉਸ ਨੇ ਡਿਜ਼ਾਈਨ ਰੱਦ ਕਰਕੇ ਤਿੰਨ ਦਿਨ ਵਿੱਚ ਨਵਾਂ ਡਿਜ਼ਾਈਨ ਪੇਸ਼ ਕਰਨ ਨੂੰ ਕਿਹਾ। ਸਾਰੇ ਸਾਥੀ ਘਬਰਾ ਗਏ। ਇੰਞ ਨਾ ਹੋਣ 'ਤੇ ਕਲਾਮ ਦਾ ਵਜ਼ੀਫ਼ਾ ਵੀ ਬੰਦ ਹੋ ਜਾਣਾ ਸੀ। ਕਲਾਮ ਫਿਰ ਵੀ ਨਾ ਘਬਰਾਇਆ। ਉਸ ਨੇ ਇਕੱਲੇ ਨੇ ਹੀ ਦਿਨ-ਰਾਤ ਇੱਕ ਕਰਕੇ ਨਵਾਂ ਡਿਜ਼ਾਈਨ ਤਿੰਨ ਦਿਨ ਵਿੱਚ ਪੂਰਾ ਕਰ ਕੇ ਡਾਇਰੈਕਟਰ ਸ਼੍ਰੀਨਿਵਾਸਨ ਅੱਗੇ ਰੱਖ ਦਿੱਤਾ ਅਤੇ ਉਸ ਦਾ ਦਿਲ ਜਿੱਤ ਲਿਆ।

ਇੰਜੀਨੀਅਰਿੰਗ ਦਾ ਡਿਪਲੋਮਾ ਲੈ ਕੇ 1957 ਵਿੱਚ ਕਲਾਮ ਨੇ ਹਿੰਦੁਸਤਾਨ ਐਰੋਨਾਟਿਕਸ, ਬੰਗਲੌਰ ਵਿੱਚ ਨੌਕਰੀ ਸ਼ੁਰੂ ਕੀਤੀ। ਇੱਥੇ ਮਿਲ਼ੀਆਂ ਜ਼ੁੰਮੇਵਾਰੀਆਂ ਨੂੰ ਆਪ ਨੇ ਬੜੀ ਤਨਦੇਹੀ ਨਾਲ਼ ਨਿਭਾਇਆ ਫਿਰ ਜਦੋਂ 'ਇੰਡੀਅਨ ਕਮੇਟੀ ਫ਼ਾਰ ਸਪੇਸ ਰਿਸਰਚ' ਬਣੀ ਤਾਂ ਰੱਖਿਆ ਮੰਤਰੀ ਨੇ ਕਲਾਮ ਨੂੰ ਸਪੇਸ ਵਿਭਾਗ ਵਿੱਚ ਭੇਜ ਦਿੱਤਾ। ਉੱਥੇ ਉਹਨਾਂ ਨੂੰ ਪ੍ਰਸਿੱਧ ਭਾਰਤੀ ਸਾਇੰਸਦਾਨ 'ਵਿਕਰਮ ਸਾਰਾਭਾਈ' ਦੀ ਅਗਵਾਈ ਵਿੱਚ ਕੰਮ ਕਰਨ ਦਾ ਮੌਕਾ ਮਿਲ਼ਿਆ।

ਸਾਰਾਭਾਈ ਕਲਾਮ ਤੋਂ ਬੜਾ ਪ੍ਰਭਾਵਿਤ ਹੋਇਆ। ਉਸ ਨੇ ਉਸ ਨੂੰ ਛੇ ਮਹੀਨੇ ਦੀ ਸਿਖਲਾਈ ਲਈ ਅਮਰੀਕਾ ਵਿੱਚ 'ਨਾਸਾ' (ਨੈਸ਼ਨਲ ਐਰੋਨਾਟਿਕਸ ਐਂਡ ਸਪੇਸ ਐਡਮਿਨਿਸਟ੍ਰੇਸ਼ਨ) ਭੇਜ ਦਿੱਤਾ। 'ਨਾਸਾ' ਦੀ ਇੱਕ ਇਮਾਰਤ ਵਿੱਚ ਉਹਨਾਂ ਨੇ ਇੱਕ ਪੇਂਟਿੰਗ ਵੇਖੀ ਜਿਸ ਵਿੱਚ ਟੀਪੂ ਸੁਲਤਾਨ ਰਾਕਟਾਂ ਨਾਲ਼ ਅੰਗਰੇਜ਼ੀ ਫ਼ੌਜਾਂ ਉੱਤੇ ਹਮਲਾ ਕਰ ਰਿਹਾ ਸੀ। ਇਸ ਪੇਂਟਿੰਗ ਨੇ ਕਲਾਮ ਦੇ ਦਿਲ-ਦਿਮਾਗ਼ ਵਿੱਚ ਰਾਕਟ- ਡਿਜ਼ਾਈਨ ਦੇ ਸੁਫਨੇ

ਜਗਾ ਦਿੱਤੇ। ਹਾਲਾਤ ਵੀ ਉਸ ਲਈ ਸਾਜ਼ਗਾਰ ਸਾਬਤ ਹੋਏ। 1962 ਦੇ ਅੱਧ ਵਿੱਚ 'ਥੁੰਬਾ' ਦਾ ਰਾਕਟ ਲਾਂਚਿੰਗ ਸਟੇਸ਼ਨ ਸਥਾਪਿਤ ਹੋ ਗਿਆ। ਨਵੰਬਰ, 1963 ਵਿੱਚ ਕਲਾਮ ਦੇਸ ਪਰਤਿਆ। 1969 ਵਿੱਚ 'ਇੰਡੀਅਨ ਕਮੇਟੀ ਫ਼ਾਰ ਸਪੇਸ ਰਿਸਰਚ' ਦੀ ਥਾਂ ਬਣੀ 'ਇਸਰੋ' ਨੇ ਲੈ ਲਈ। ਕਲਾਮ ਨੂੰ ਇਸ ਸੰਸਥਾ ਵਿੱਚ ਨਵੇਂ ਪ੍ਰਾਜੈਕਟਾਂ ਦਾ ਡਾਇਰੈਕਟਰ ਬਣਾ ਕੇ ਭੇਜ ਦਿੱਤਾ ਗਿਆ। ਉਹ ਉੱਥੇ 1982 ਤੱਕ ਰਹੇ ਅਤੇ ਭਾਂਤ-ਭਾਂਤ ਦੀਆਂ ਜ਼ੁੰਮੇਵਾਰੀਆਂ ਨਿਭਾਉਂਦੇ ਰਹੇ। ਇਹਨਾਂ ਵਿੱਚੋਂ ਸਭ ਤੋਂ ਵੱਡੀ ਸੀ 'ਸੈਟੇਲਾਈਟ ਲਾਂਚ ਵਹੀਕਲ' (ਐੱਸ. ਐੱਲ. ਵੀ.) ਦਾ ਡਿਜ਼ਾਈਨ। 10 ਲੱਖ ਪੁਰਜ਼ਿਆਂ ਵਾਲੇ ਇਸ ਰਾਕਟ-ਲਾਂਚਰ ਦੇ ਪੁਰਜ਼ੇ ਡਿਜ਼ਾਈਨ ਕਰਨੇ, ਬਣਾਉਣੇ ਅਤੇ ਅਸੈਂਬਲ ਕਰਨੇ ਸਨ। ਇਸ ਦੀ ਸਫਲ ਪਰਖ ਬਰੇਲੀ ਦੇ ਏਅਰ ਫ਼ੋਰਸ ਸਟੇਸ਼ਨ ਉੱਤੇ ਸੁਖੋਈ-16 ਜੈੱਟ ਜਹਾਜ਼ ਨਾਲ਼ ਕੀਤੀ ਗਈ।

1974 ਵਿੱਚ 'ਸੈਂਟੌਰ' ਰਾਕਟ ਦੀ ਪਰਖ ਹੋਈ। ਐੱਸ.ਐੱਲ.ਵੀ. ਦੀ ਪਹਿਲੀ ਟੈੱਸਟ -ਉਡਾਰੀ 10 ਅਗਸਤ, 1979 ਨੂੰ ਕੀਤੀ ਗਈ ਜੋ ਅਸਫਲ ਰਹੀ। ਕਲਾਮ ਉਦਾਸ ਤਾਂ ਹੋਇਆ ਪਰ ਨਿਰਾਸ ਨਹੀਂ। ਅੰਤ 18 ਜੁਲਾਈ, 1980 ਨੂੰ ਉਹ ਐੱਸ ਐਲ਼ ਵੀ ਨਾਲ਼ ਰੋਹਿਣੀ ਉਪ-ਗ੍ਰਹਿ ਲਾਂਚ ਕਰਨ ਵਿੱਚ ਸਫਲ ਹੋ ਗਏ। ਐੱਸ.ਐੱਲ.ਵੀ.ਦੀ ਅਗਲੀ ਸਫਲ ਉਡਾਣ 31 ਮਈ, 1981 ਨੂੰ ਹੋਈ। ਫਿਰ ਇਸ ਵਾਹਨ ਦੇ ਸੋਧੇ ਹੋਏ ਵਿਕਸਿਤ ਰੂਪਾਂ ਉਤੇ ਕੰਮ ਸ਼ੁਰੂ ਕਰ ਦਿੱਤਾ ਗਿਆ ਜਿਸ ਦੇ ਸਿੱਟੇ ਵਜੋਂ ਬਾਅਦ ਵਿੱਚ ਏ. ਐੱਸ.ਐੱਲ. ਵੀ.ਤੋਂ ਜੀ.ਐੱਸ.ਐੱਲ਼.ਵੀ. ਤੱਕ ਦਾ ਵਿਕਾਸ ਹੋਇਆ। ਇਸ ਉਪਰੰਤ ਆਪ 'ਡਿਫ਼ੈਂਸ ਰਿਸਰਚ ਐਂਡ ਡਿਵੈੱਲਮੈਂਟ ਆਰਗੇਨਾਈਜ਼ੇਸ਼ਨ' ਵਿੱਚ ਆ ਗਏ। 26 ਜਨਵਰੀ, 1981 ਨੂੰ ਆਪ ਨੂੰ 'ਪਦਮ ਭੂਸ਼ਣ' ਨਾਲ਼ ਸਨਮਾਨਿਤ ਕੀਤਾ ਗਿਆ।

ਅਪਰੈਲ, 1982 ਵਿੱਚ ਡਾ. ਕਲਾਮ ਨੂੰ ਡੀ.ਆਰ.ਡੀ.ਲੈਬ, ਹੈਦਾਰਾਬਾਦ ਦਾ ਡਾਇਰੈਕਟਰ ਬਣਾ ਦਿੱਤਾ ਗਿਆ। ਇੱਥੇ ਉਸ ਨੇ 'ਗਾਈਡਡ ਮਿਜ਼ਾਈਲ ਡਿਵੈੱਲਮੈਂਟ ਪ੍ਰੋਗ੍ਰਾਮ' ਉਲੀਕਿਆ। ਧਰਤੀ ਤੋਂ ਅਕਾਸ਼ ਛੋਟੀ ਰੇਂਜ, ਮੀਡੀਅਮ ਰੇਂਜ, ਵੱਡੀ ਰੇਂਜ, ਸਧਾਰਨ ਤੇ ਹਲਕੇ ਯੁੱਧ- ਅਸਤਰ, ਭਾਰੀ ਤੇ ਐਟਮੀ ਅਸਤਰ ਲਿਜਾਣ ਵਾਲ਼ੀਆਂ ਭਾਂਤ-ਭਾਂਤ ਦੀਆਂ ਮਿਜ਼ਾਈਲਾਂ ਦੇ ਡਿਜ਼ਾਈਨ ਤੇ ਨਿਰਮਾਣ ਦਾ ਕੰਮ ਤੇਜ਼ੀ ਨਾਲ਼ ਪੂਰਾ ਕੀਤਾ ਗਿਆ। ਟੈਕਨੀਕਲ ਕੋਰ ਵਹੀਕਲ ਨੂੰ 'ਤ੍ਰਿਸ਼ੂਲ' ਦਾ ਨਾਂ ਦਿੱਤਾ, ਟੈਂਕ ਤੋੜਨ ਵਾਲੀ ਮਿਜ਼ਾਈਲ ਨੂੰ 'ਨਾਗ' ਦਾ ਨਾਂਅ ਦਿੱਤਾ, ਧਰਤੀ ਤੋਂ ਧਰਤੀ ਤੱਕ ਮਾਰ ਕਰਨ ਵਾਲ਼ੀ ਮਿਜ਼ਾਈਲ ਨੂੰ 'ਪ੍ਰਿਥਵੀ' ਅਤੇ ਧਰਤੀ ਤੋਂ ਅਕਾਸ਼ ਵਿੱਚ ਮਾਰ ਕਰਨ ਵਾਲ਼ੀ ਮਿਜ਼ਾਈਲ ਨੂੰ 'ਆਕਾਸ਼' ਦਾ ਨਾਂ ਦਿੱਤਾ ਗਿਆ। ਇਸੇ ਤਰ੍ਹਾਂ ਇਹਨਾਂ ਦੇ ਮਾਡਲ ਬਣਾਏ ਗਏ। 'ਅਗਨੀ ਮਿਜ਼ਾਈਲ' ਵਿਸ਼ੇਸ਼ ਉਦੇਸ਼ਾਂ ਲਈ ਬਣਾਈ ਗਈ। ਹਰ ਮਾਡਲ ਤੇ ਕਿਸਮ ਲਈ ਵੱਖਰੇ ਇਨਚਾਰਜ ਥਾਪ ਕੇ ਸਮੁੱਚੇ ਤਾਲ-ਮੇਲ, ਡਿਜ਼ਾਈਨ ਤੇ ਪ੍ਰਬੰਧ ਦੀ ਜ਼ੁੰਮੇਵਾਰੀ ਡਾ. ਕਲਾਮ ਨੇ ਆਪਣੇ ਕੋਲ਼ ਰੱਖੀ।

ਮਿਜ਼ਾਈਲਾਂ ਦੇ ਲੰਮੇ ਪ੍ਰੋਗ੍ਰਾਮ ਦੀ ਪਹਿਲੀ ਪ੍ਰਯੋਗਿਕ ਪਰਖ 'ਡੈਵਿਲ' ਮਿਜ਼ਾਈਲ ਨਾਲ਼ 1984 ਵਿੱਚ ਕੀਤੀ ਗਈ। ਸਤੰਬਰ, 1985 ਵਿੱਚ 'ਤ੍ਰਿਸ਼ੂਲ' ਦੀ ਸਫ਼ਲ ਪਰਖ ਹੋਈ। 1988 ਵਿਚ ਉਸ ਨੇ 'ਪ੍ਰਿਥਵੀ' ਮਾਡਲ ਦੀ ਸਫਲ ਪਰਖ ਪਹਿਲੀ ਵਾਰ ਕੀਤੀ। ਇਸ ਦੀ ਰੇਂਜ ਇੱਕ ਹਜ਼ਾਰ ਕਿਲੋਮੀਟਰ ਸੀ। 1989 ਵਿੱਚ 'ਅਗਨੀ' ਨਾਂ ਦੀ 'ਰੀਐਂਟਰੀ ਮਿਜ਼ਾਈਲ' ਦਾਗ਼ ਕੇ ਪਰਖੀ ਗਈ। ਇਸ ਪ੍ਰਕਾਰ 'ਮਿਜ਼ਾਈਲ ਮੈਨ' ਵਜੋਂ ਪ੍ਰਸਿੱਧ ਹੋਏ ਕਲਾਮ ਨੂੰ 1990 ਵਿੱਚ 'ਪਦਮ ਵਿਭੂਸ਼ਣ' ਦਾ ਸਨਮਾਨ ਦਿੱਤਾ ਗਿਆ। ਜਾਦਵਪੁਰ ਯੂਨੀਵਰਸਿਟੀ ਤੇ ਆਈ. ਆਈ. ਟੀ, ਬੰਬਈ (ਮੁੰਬਈ) ਨੇ ਡਾ. ਕਲਾਮ ਨੂੰ ਆਨਰੇਰੀ ਡੀ.ਐੱਸ-ਸੀ. ਦੀ ਡਿਗਰੀ ਦਿੱਤੀ। ਇਸ ਪ੍ਰੋਗ੍ਰਾਮ ਦੀ ਸਫਲਤਾ ਉਪਰੰਤ ਕਲਾਮ ਨੂੰ ਦੇਸ ਦੇ ਐਟਮੀ ਪ੍ਰਯੋਗਾਂ ਨਾਲ਼ ਜੋੜ ਦਿੱਤਾ ਗਿਆ। ਇਸ ਪ੍ਰੋਗ੍ਰਾਮ ਨੂੰ ਅੱਗੇ

ਤੋਰਦਿਆਂ ਹੋਇਆਂ ਉਹਨਾਂ ਨੇ 1998 ਦੇ ਪੋਖਰਾਨ ਵਿਸਫੋਟਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਸੇ ਦੌਰਾਨ 1997 ਵਿੱਚ ਉਹਨਾਂ ਨੂੰ 'ਭਾਰਤ ਰਤਨ' ਨਾਂ ਦੇ ਸਰਬ ਉੱਚ ਸਨਮਾਨ ਨਾਲ਼ ਅਲੰਕ੍ਰਿਤ ਕੀਤਾ ਗਿਆ। ਪ੍ਰਾਪਤੀਆਂ ਦੀ ਸਿਖਰ 2002 ਵਿੱਚ ਡਾ. ਕਲਾਮ ਨੇ ਉਦੋਂ ਕੀਤੀ ਜਦੋਂ ਉਹਨਾਂ ਨੂੰ ਦੇਸ ਦਾ ਗਿਆਰ੍ਹਵਾਂ ਰਾਸ਼ਟਰਪਤੀ ਚੁਣਿਆ ਗਿਆ। ਪੂਰੇ ਪੰਜ ਸਾਲ ਉਹਨਾਂ ਨੇ ਮਿਹਨਤ, ਸੁਹਿਰਦਤਾ ਤੇ ਸਾਦਗੀ ਨਾਲ਼ ਦੇਸ ਦੀ ਅਗਵਾਈ ਕੀਤੀ।

2007 ਵਿੱਚ ਰਾਸ਼ਟਰਪਤੀ ਦਾ ਅਹੁਦਾ ਛੱਡ ਕੇ ਉਹ ਵਿਗਿਆਨੀ, ਚਿੰਤਕ ਤੇ ਪ੍ਰੇਰਨਾਜਨਕ ਸ਼ਖ਼ਸੀਅਤ ਵਜੋਂ ਬੱਚਿਆਂ, ਨੌਜਵਾਨਾਂ, ਸਿਆਸਤਦਾਨਾਂ ਸਭ ਦਾ ਮਾਰਗ-ਦਰਸ਼ਨ ਕਰਨ ਲਈ ਸਰਗਰਮ ਹੋ ਗਏ। 27 ਜੁਲਾਈ, 2015 ਨੂੰ ਉਹ ਦਿੱਲੀ ਤੋਂ ਗੁਹਾਟੀ ਤੇ ਗੁਹਾਟੀ ਤੋਂ ਸ਼ਿਲਾਂਗ ਪਹੁੰਚੇ। ਉਥੇ ਉਹਨਾਂ ਨੇ ਇੱਕ ਸਿੱਖਿਆ-ਸੰਸਥਾ ਦੇ ਵਿਦਿਆਰਥੀਆਂ ਨੂੰ ਭਾਸ਼ਣ ਦੇਣਾ ਸੀ। ਭਾਸ਼ਣ ਸੁਰੂ ਕਰਦਿਆਂ ਹੀ ਅਚਾਨਕ ਉਹਨਾਂ ਦੀ ਤਬੀਅਤ ਖ਼ਰਾਬ ਹੋ ਗਈ। ਪ੍ਰਬੰਧਕਾਂ ਨੇ 'ਫ਼ਸਟ ਏਡ' ਤੇ ਡਾਕਟਰੀ ਸਹਾਇਤਾ ਲਈ ਯਤਨ ਕੀਤੇ ਪਰ ਡਾ. ਕਲਾਮ ਸਾਨੂੰ ਸਾਰਿਆਂ ਨੂੰ ਆਖ਼ਰੀ ਸਲਾਮ ਬੁਲਾਉਣ ਦਾ ਫ਼ੈਸਲਾ ਲੈ ਚੁੱਕੇ ਸਨ। ਅਣਹੋਣੀ ਹੋ ਚੁੱਕੀ ਸੀ। ਇੱਕ ਸਧਾਰਨ ਪਰਿਵਾਰ ਵਿੱਚੋਂ ਉੱਠ ਕੇ ਅਕਾਸ਼ ਦੀਆਂ ਬੁਲੰਦੀਆਂ ਨੂੰ ਛੂਹਣ ਵਾਲ਼ੇ ਇਸ ਮਹਾਨ ਭਾਰਤੀ ਤੇ ਮਹਾਨ ਵਿਗਿਆਨੀ ਨੂੰ ਭਾਰਤ ਦੇ ਲੋਕ ਸਦੀਆਂ ਤੱਕ ਯਾਦ ਰੱਖਣਗੇ। ਅਸੀਂ ਇਸ ਸਧਾਰਨ ਤੋਂ ਅਸਧਾਰਨ ਬਣੇ ਇਨਸਾਨ ਨੂੰ ਪ੍ਰਨਾਮ ਕਰਦੇ ਹਾਂ।

## ਪਾਠ- ਅਭਿਆਸ

**ਪ੍ਰਸ਼ਨ:1. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ:**

(ੳ) ਅਬਦੁਲ ਕਲਾਮ ਦਾ ਪੂਰਾ ਨਾਂ ਕੀ ਸੀ?

(ਅ) ਡਾ. ਕਲਾਮ ਦਾ ਜਨਮ ਕਦੋਂ ਅਤੇ ਕਿੱਥੇ ਹੋਇਆ?

(ੲ) ਡਾ. ਕਲਾਮ ਦੀ ਉਚੇਰੀ ਪੜ੍ਹਾਈ ਦੀ ਜ਼ੁੰਮੇਵਾਰੀ ਕਿਸ ਨੇ ਉਠਾਈ?

(ਸ) ਇੰਜੀਨੀਅਰਿੰਗ ਕਾਲਜ ਵਿੱਚ ਕਲਾਮ ਅਤੇ ਉਸ ਦੇ ਸਾਥੀਆਂ ਨੂੰ ਕਿਹੜਾ ਪ੍ਰਾਜੈਕਟ ਮਿਲ਼ਿਆ?

(ਹ) ਤ੍ਰਿਸ਼ੂਲ ਦੀ ਸਫਲ ਪਰਖ ਕਦੋਂ ਹੋਈ?

(ਕ) ਡਾ. ਕਲਾਮ ਦੀਆਂ ਪ੍ਰਾਪਤੀਆਂ ਦੀ ਸਿਖਰ ਕਿਹੜੀ ਸੀ?

(ਖ) ਡਾ. ਕਲਾਮ ਜੀ ਨੇ ਰਾਸ਼ਟਰਪਤੀ ਵਜੋਂ ਆਪਣੀ ਸੇਵਾ ਕਿਵੇਂ ਨਿਭਾਈ?

(ਗ) ਡਾ. ਕਲਾਮ ਕਿਸ ਨਾਂ ਨਾਲ਼ ਪ੍ਰਸਿੱਧ ਹੋਏ?

**ਪ੍ਰਸ਼ਨ: 2. ਸੰਖੇਪ ਵਿੱਚ ਉੱਤਰ ਦਿਓ:**

(ੳ) ਡਾ. ਕਲਾਮ ਦੇ ਪਿਤਾ ਜੀ ਦਾ ਕੀ ਨਾਂ ਸੀ?

(ਅ) ਡਾ. ਕਲਾਮ ਪੜ੍ਹਾਈ ਦੇ ਨਾਲ਼-ਨਾਲ਼ ਕੀ ਕੰਮ ਕਰਦੇ ਸਨ?

(ੲ) ਡਾ. ਕਲਾਮ ਨੇ ਕਦੋਂ ਅਤੇ ਕਿੱਥੇ ਨੌਕਰੀ ਦੀ ਸ਼ੁਰੂਆਤ ਕੀਤੀ?

(ਸ) ਕਿਹੜੀ ਗੱਲ ਨੇ ਡਾ. ਕਲਾਮ ਦੇ ਦਿਲ-ਦਿਮਾਗ਼ ਵਿੱਚ ਰਾਕਟ -ਡਿਜ਼ਾਈਨ ਦੇ ਸੁਪਨੇ ਜਗਾਏ?

(ਹ) ਡਾ. ਕਲਾਮ ਨੂੰ ਕਿਹੜੇ-ਕਿਹੜੇ ਸਨਮਾਨ ਮਿਲ਼ੇ?

(ਕ) ਡਾ. ਕਲਾਮ ਦਾ ਦਿਹਾਂਤ ਕਦੋਂ ਅਤੇ ਕਿੱਥੇ ਹੋਇਆ?

**ਪ੍ਰਸ਼ਨ :3 ਵਾਕਾਂ ਵਿੱਚ ਵਰਤੋ:**

ਮਲਾਹ, ਬੀੜਾ ਉਠਾਉਣਾ, ਵਜ਼ੀਫ਼ਾ, ਸਿਖਲਾਈ, ਮਿਜ਼ਾਈਲ, ਮਹੱਤਵਪੂਰਨ, ਅਣਹੋਣੀ, ਅਸਧਾਰਨ

**ਪ੍ਰਸ਼ਨ :4 ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ।**

| ਪੰਜਾਬੀ | ਹਿੰਦੀ | ਅੰਗਰੇਜ਼ੀ |
| --- | --- | --- |
| ਪ੍ਰਸਿੱਧ | | – |
| ਅਗਵਾਈ | | |
| ਪਰਖ | | |
| ਨਿਰਮਾਣ | | |
| ਪ੍ਰਾਪਤੀ | | |
| ਅਚਾਨਕ | | |

**ਪ੍ਰਸ਼ਨ:5 ਸ਼ੁੱਧ ਕਰ ਕੇ ਲਿਖੋ :**

ਪਰਮੁੱਖ, ਪੁਰਜੇ, ਸਥਾਪਤ, ਸਖਸ਼ੀਅਤ, ਗਿਆਰਵਾਂ, ਭਾਸ਼ਨ

ਪਾਠ-22

# ਅਸੀਂ ਮਨਾਉਂਦੇ ਹਾਂ

ਪੰਦਰਾਂ ਅਗਸਤ ਤੇ ਛੱਬੀ ਜਨਵਰੀ, ਜਿਵੇਂ ਮਨਾਈਦੇ,
ਦਿਨ ਹੋਰ ਵੀ ਖ਼ਾਸ ਨੇ, ਭੁੱਲਣੇ ਨਹੀਂ ਚਾਹੀਦੇ।
ਸਭ ਤੋਂ ਪਹਿਲਾਂ ਪਿਆਰੀ ਮਾਂ ਨੂੰ, ਆਓ ਸੀਸ ਝੁਕਾਉਂਦੇ ਹਾਂ,
ਮਈ ਮਹੀਨੇ ਮਾਂ -ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।
ਚੌਦਾਂ ਨਵੰਬਰ ਬਾਲ-ਦਿਵਸ, ਬੱਚਿਓ! ਖ਼ੁਸ਼ੀ ਲਿਆਉਂਦਾ ਹੈ,
ਚਾਚਾ ਨਹਿਰੂ ਦਾ ਜਨਮ-ਦਿਨ, ਇਸੇ ਦਿਨ ਹੀ ਆਉਂਦਾ ਹੈ।
ਕਰਦੇ ਸੀ ਬੱਚਿਆਂ ਨਾਲ਼ ਪਿਆਰ, ਪਿਆਰ ਦਾ ਮੁੱਲ ਚੁਕਾਉਂਦੇ ਹਾਂ।
ਚੌਦਾਂ ਨਵੰਬਰ ਬਾਲ-ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।
ਪੰਜ ਸਤੰਬਰ ਅਧਿਆਪਕ-ਦਿਵਸ ਨੂੰ, ਰੱਖਣਾ ਹੈ ਤੁਸੀਂ ਯਾਦ ਸਦਾ,
ਆਪਣੇ ਅਧਿਆਪਕ ਦਾ ਕਰਦੇ, ਰਹਿਣਾ ਹੈ ਸਤਿਕਾਰ ਸਦਾ।
ਡਾਕਟਰ ਰਾਧਾ ਕ੍ਰਿਸ਼ਨਨ ਜੀ ਨੂੰ, ਸ਼ਰਧਾ ਦੇ ਫੁੱਲ ਚੜ੍ਹਾਉਂਦੇ ਹਾਂ।
ਪੰਜ ਸਤੰਬਰ ਨੂੰ ਅਧਿਆਪਕ-ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।
ਬਹੁਤ ਪੁਰਾਣੇ ਰਿਸ਼ਤੇ ਹਨ, ਵਿਗਿਆਨ ਅਤੇ ਇਨਸਾਨ ਦੇ,
ਟੀ.ਵੀ., ਕੰਪਿਊਟਰ, ਮੋਬਾਈਲ, ਸਾਰੇ; ਤੋਹਫ਼ੇ ਨੇ ਵਿਗਿਆਨ ਦੇ।
ਨਵੀਆਂ-ਨਵੀਆਂ ਖੋਜਾਂ ਤੋਂ ਜਾਣੂ, ਸਭ ਨੂੰ ਕਰਵਾਉਂਦੇ ਹਾਂ।
ਅਠਾਈ ਫ਼ਰਵਰੀ ਰਾਸ਼ਟਰੀ ਵਿਗਿਆਨ-ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।
ਤੰਦਰੁਸਤੀ ਲਈ ਲੋੜ ਹੈ ਹੁੰਦੀ, ਸਾਫ਼ ਆਲੇ-ਦੁਆਲ਼ੇ ਦੀ,
ਇਕੱਲਾ ਕੁਝ ਨਹੀਂ ਕਰ ਸਕਦਾ, ਇਹ ਗੱਲ ਹੈ ਸਾਂਝੇ ਉਪਰਾਲੇ ਦੀ।
ਵਾਤਾਵਰਨ ਨੂੰ ਸਾਫ਼ ਰੱਖਣ ਲਈ, ਰਲ਼-ਮਿਲ਼ ਰੁੱਖ ਲਗਾਉਂਦੇ ਹਾਂ।
ਪੰਜ ਜੂਨ ਨੂੰ ਵਿਸ਼ਵ-ਵਾਤਾਵਰਨ ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।
ਕਲਪਨਾ ਚਾਵਲਾ, ਮਦਰ ਟੈਰੇਸਾ, ਜਾਣੂ ਨੇ ਸਭ ਨਾਂਵਾਂ ਦੇ,
ਜਗ-ਜਣਨੀ ਹੈ ਔਰਤ ਰੱਖਦੀ, ਰੁਤਬੇ ਜੋ ਸਨਮਾਨਾਂ ਦੇ।
ਦੇ ਕੇ ਹੱਕ ਬਰਾਬਰ ਦਾ ਅਸੀਂ, ਆਪਣਾ ਫ਼ਰਜ਼ ਨਿਭਾਉਂਦੇ ਹਾਂ।
ਅੱਠ ਮਾਰਚ ਨੂੰ ਮਹਿਲਾ -ਦਿਵਸ, ਬੱਚਿਓ! ਅਸੀਂ ਮਨਾਉਂਦੇ ਹਾਂ।

## ਪਾਠ - ਅਭਿਆਸ

**ਬਹੁਵਿਕਲਪੀ ਪ੍ਰਸ਼ਨ :**

(1) ਸਾਡਾ ਅਜ਼ਾਦੀ-ਦਿਵਸ ਕਿਹੜੇ ਦਿਨ ਆਉਂਦਾ ਹੈ?

(ੳ) ਛੱਬੀ ਜਨਵਰੀ (ਅ) ਦੋ ਅਕਤੂਬਰ

(ੲ) ਪੰਦਰਾਂ ਅਗਸਤ

(2) ਛੱਬੀ ਜਨਵਰੀ ਦਾ ਇਤਿਹਾਸਿਕ ਦਿਨ ਕਹਾਉਂਦਾ ਹੈ:

(ੳ) ਗਣਤੰਤਰ-ਦਿਵਸ (ਅ) ਸੁਤੰਤਰਤਾ-ਦਿਵਸ

(ੲ) ਬਲੀਦਾਨ ਦਿਵਸ

(3) ਚੌਦਾਂ ਨਵੰਬਰ ਨੂੰ ਜਨਮ-ਦਿਨ ਹੁੰਦਾ ਹੈ:

(ੳ) ਮਹਾਤਮਾ ਗਾਂਧੀ ਜੀ ਦਾ (ਅ) ਚਾਚਾ ਨਹਿਰੂ ਜੀ ਦਾ

(ੲ) ਡਾ. ਰਾਧਾ ਕ੍ਰਿਸ਼ਨਨ ਜੀ ਦਾ

(4) ਅਧਿਆਪਕ-ਦਿਨ ਕਿਸ ਦਿਨ ਮਨਾਇਆ ਜਾਂਦਾ ਹੈ?

(ੳ) ਚੌਦਾਂ ਨਵੰਬਰ ਨੂੰ (ਅ) ਅਠਾਈ ਫ਼ਰਵਰੀ ਨੂੰ

(ੲ) ਪੰਜ ਸਤੰਬਰ ਨੂੰ

(5) 5 ਜੂਨ ਨੂੰ ਕਿਹੜਾ ਦਿਵਸ ਮਨਾਇਆ ਜਾਂਦਾ ਹੈ?

(ੳ) ਵਿਗਿਆਨ- ਦਿਵਸ (ਅ) ਵਿਸ਼ਵ-ਵਾਤਾਵਰਨ ਦਿਵਸ

(ੲ) ਮਹਿਲਾ- ਦਿਵਸ

**ਪ੍ਰਸ਼ਨ :2 ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਮਾਂ-ਦਿਵਸ ਕਿਸ ਮਹੀਨੇ ਆਉਂਦਾ ਹੈ?

(ਅ) ਅਧਿਆਪਕ-ਦਿਵਸ ਕਿਸ ਮਹਾਨ ਸ਼ਖ਼ਸੀਅਤ ਨੂੰ ਸਮਰਪਿਤ ਦਿਨ ਹੁੰਦਾ ਹੈ?

(ੲ) ਰਾਸ਼ਟਰੀ ਵਿਗਿਆਨ -ਦਿਵਸ ਕਿਸ ਮਿਤੀ ਨੂੰ ਆਉਂਦਾ ਹੈ?

(ਸ) ਮਹਿਲਾ -ਦਿਵਸ ਕਿਸ ਮਿਤੀ ਨੂੰ ਆਉਂਦਾ ਹੈ?

(ਹ) ਵਿਗਿਆਨ ਦੀਆਂ ਦੋ ਕਾਢਾਂ ਦੇ ਨਾਮ ਲਿਖੋ।

**ਪ੍ਰਸ਼ਨ :3 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

(ੳ) ਅਸੀਂ ਕਿਹੜੇ-ਕਿਹੜੇ ਖ਼ਾਸ ਦਿਨ ਮਨਾਉਂਦੇ ਹਾਂ?

(ਅ) ਚਾਚਾ ਨਹਿਰੂ ਕੌਣ ਸਨ? ਉਹਨਾਂ ਦਾ ਜਨਮ ਕਦੋਂ ਹੋਇਆ?

(ਣ) ਪੰਜ ਸਤੰਬਰ ਨੂੰ ਮਨਾਏ ਜਾਣ ਵਾਲ਼ੇ ਦਿਵਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ।

(ਸ) ਵਿਗਿਆਨ ਨੇ ਇਨਸਾਨ ਨੂੰ ਕੀ -ਕੀ ਮੁਹੱਈਆ ਕੀਤਾ ਹੈ?

(ਹ) ਵਾਤਾਵਰਨ ਨੂੰ ਸਾਫ਼- ਸੁਥਰਾ ਰੱਖਣਾ ਕਿਉਂ ਜ਼ਰੂਰੀ ਹੈ?

**ਪ੍ਰਸ਼ਨ :4 ਹੇਠ ਲਿਖੀਆਂ ਸਤਰਾਂ ਪੂਰੀਆਂ ਕਰੋ :**

(ੳ) ਸਭ ਤੋਂ ਪਹਿਲਾਂ ਪਿਆਰੀ ਮਾਂ ਨੂੰ ———

(ਅ) ———ਸ਼ਰਧਾ ਦੇ ਫੁੱਲ ਚੜ੍ਹਾਉਂਦੇ ਹਾਂ।

(ੲ) ਤੰਦਰੁਸਤੀ ਲਈ ਲੋੜ ਹੈ ਹੁੰਦੀ ———

(ਸ) ———ਵਿਸ਼ਵ-ਵਾਤਾਵਰਨ ਦਿਵਸ, ਬੱਚਿਓ! ਅਸੀਂ ———

(ਹ) ———ਜਾਣੂ ਨੇ ਸਭ ਨਾਂਵਾਂ ਦੇ ।

**ਪ੍ਰਸ਼ਨ :5 ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

(ੳ) ਖ਼ਾਸ (ਅ) ਸੀਸ ਝੁਕਾਉਂਦੇ (ੲ) ਵਿਗਿਆਨ

(ਸ) ਉਪਰਾਲੇ (ਹ) ਰੁਤਬੇ

**ਪ੍ਰਸ਼ਨ :6 ਹੇਠ ਲਿਖੇ ਪੰਜਾਬੀ ਦੇ ਸ਼ਬਦਾਂ ਨੂੰ ਅੰਗਰੇਜ਼ੀ ਤੇ ਹਿੰਦੀ ਵਿੱਚ ਲਿਖੋ :**

1. ਜਨਮ-ਦਿਨ जन्मदिन Birthday
2. ਸਤਿਕਾਰ
3. ਰਿਸ਼ਤਾ
4. ਸਾਫ਼
5. ਔਰਤ

ਪਾਠ-23

# ਪਹਿਲ

ਉਸ ਦਰਮਿਆਨੀ ਅਬਾਦੀ ਵਾਲ਼ੇ ਪਿੰਡ ਦੇ ਘਰ ਬੜੇ ਆਧੁਨਿਕ ਢੰਗ ਦੇ ਬਣੇ ਹੋਏ ਸਨ। ਗਲ਼ੀਆਂ - ਨਾਲ਼ੀਆਂ ਭਾਵੇਂ ਪੱਕੀਆਂ ਤੇ ਖੁੱਲ੍ਹੀਆਂ-ਡੁੱਲ੍ਹੀਆਂ ਸਨ ਪਰੰਤੂ ਸਫ਼ਾਈ ਪੱਖੋਂ ਬਹੁਤ ਪਛੜੀਆਂ ਹੋਈਆਂ ਸਨ।

ਪਿਛਲੇ ਸਾਲ ਪਈ ਬਰਸਾਤ ਪਿੰਡਵਾਸੀਆਂ ਲਈ ਸੁਖਾਵੀਂ ਨਹੀਂ ਸੀ। ਮੀਂਹ ਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਵੜ ਗਿਆ ਸੀ ਜਿਸ ਕਾਰਨ ਉਹ ਅੰਤਾਂ ਦੇ ਪਰੇਸ਼ਾਨ ਹੋ ਗਏ ਸਨ। ਪਿੰਡ ਦੀਆਂ ਗਲ਼ੀਆਂ ਪਾਣੀ ਨਾਲ ਭਰੀਆਂ ਇੰਞ ਜਾਪਦੀਆਂ ਸਨ, ਜਿਵੇਂ ਛੋਟੇ-ਛੋਟੇ ਨਾਲ਼ੇ ਵਗਦੇ ਹੋਣ। ਪਿੰਡ ਦਾ ਲਾਂਘਾ ਬੰਦ ਹੋ ਗਿਆ ਤੇ ਲੋਕਾਂ ਦੇ ਕੰਮ ਕਾਜ-ਠੱਪ ਹੋ ਗਏ। ਇਸ ਮੁਸੀਬਤ ਦਾ ਮੁੱਖ ਕਾਰਨ ਪਿੰਡ ਵਿਚਲੀਆਂ ਨਾਲ਼ੀਆਂ 'ਚ ਫਸਿਆ ਕੂੜਾ-ਕਰਕਟ ਹੀ ਸੀ। ਦੂਜਾ, ਫਿਰਨੀ ਦੇ ਨਾਲ਼-ਨਾਲ਼ ਬਣਿਆ ਪੱਕਾ, ਵੱਡਾ ਨਿਕਾਸੀ ਨਾਲ਼ਾ ਵੀ ਮਿੱਟੀ- ਘੱਟੇ, ਕੂੜ ਕਬਾੜ ਤੇ ਪਲਾਸਟਿਕ ਦੇ ਲਿਫ਼ਾਫ਼ਿਆਂ ਨਾਲ ਡੱਕਿਆ ਪਿਆ ਸੀ। ਮੀਂਹ ਦੇ ਪਾਣੀ ਨੂੰ ਬਾਹਰ ਜਾਣ ਦਾ ਰਸਤਾ ਨਾ ਮਿਲ਼ਿਆ ਤੇ ਉਹ ਪਿੰਡ ਵਿੱਚ ਹੀ ਫੈਲ ਗਿਆ। ਕਿੰਨੇ ਹੀ ਦਿਨ ਖੜੋਤੇ ਪਾਣੀ ਦੀ ਦੁਰਗੰਧ ਜਿਹੀ ਆਉਂਦੀ ਰਹੀ। ਇਸ ਨਾਲ਼ ਇੱਕ ਹੋਰ ਮੁਸੀਬਤ ਵੀ ਪੇਸ਼ ਆਈ, ਉਹ ਸੀ ਮੱਖੀਆਂ- ਮੱਛਰਾਂ ਦੀ ਭਰਮਾਰ। ਇਸ ਕਾਰਨ ਅਨੇਕਾਂ ਲੋਕ ਬਿਮਾਰੀਆਂ ਨਾਲ਼ ਵੀ ਜੂਝਦੇ ਰਹੇ।

ਇਸੇ ਪਿੰਡ ਦੀ ਇੱਕ ਕੁੜੀ ਦਿਲਜੀਤ ਬਾਰ੍ਹਵੀਂ ਜਮਾਤ ਪਾਸ ਕਰਨ ਤੋਂ ਬਾਅਦ ਸ਼ਹਿਰ ਦੇ ਇੱਕ ਨਾਮਵਰ ਕਾਲਜ ਵਿੱਚ ਜਾ ਦਾਖ਼ਲ ਹੋਈ। ਸਕੂਲ -ਸਮੇਂ ਤੋਂ ਹੀ ਉਹ ਫ਼ੁਟਬਾਲ ਦੀ ਇੱਕ ਚੰਗੀ ਖਿਡਾਰਨ ਸੀ। ਆਪਣੀ ਇਸ ਖੇਡ ਨੂੰ ਹੋਰ ਪ੍ਰਫੁਲਿਤ ਕਰਨ ਅਤੇ ਅੱਗੇ ਪੜ੍ਹਨ ਦੀ ਰੁਚੀ ਕਾਰਨ ਵਿਸ਼ੇਸ਼ ਤੌਰ 'ਤੇ ਉਸ ਨੇ ਇਸ ਕਾਲਜ ਦੀ ਚੋਣ ਕੀਤੀ ਸੀ। ਉਸ ਨੇ ਇੱਥੇ ਹੋਸਟਲ ਵਿੱਚ ਰਹਿਣ ਨੂੰ ਤਰਜੀਹ ਦਿੱਤੀ। ਇਸ ਦਾ ਇੱਕ ਕਾਰਨ ਤਾਂ ਕਾਲਜ ਦਾ ਪਿੰਡ ਤੋਂ ਕਾਫ਼ੀ ਦੂਰ ਹੋਣਾ ਸੀ ਇਸ ਲਈ ਇੱਥੋਂ ਹਰ ਰੋਜ਼ ਪਿੰਡ ਆਉਣਾ- ਜਾਣਾ ਔਖਾ ਸੀ। ਦੂਜਾ, ਉਹ ਪੜ੍ਹਾਈ ਤੋਂ ਬਾਅਦ ਫ਼ੁਟਬਾਲ ਵੀ ਖੇਡ ਸਕਦੀ ਸੀ ਕਿਉਂਕਿ ਇੱਥੇ ਖੇਡਾਂ ਦੀ ਬਾਕਾਇਦਾ ਟ੍ਰੇਨਿੰਗ ਦਿੱਤੀ ਜਾਂਦੀ ਸੀ।

ਹਫ਼ਤੇ ਬਾਅਦ ਉਹ ਆਪਣੇ ਪਿੰਡ ਆਉਂਦੀ, ਸਭ ਨੂੰ ਮੋਹ -ਮੁੱਹਬਤ ਨਾਲ਼ ਮਿਲ਼ਦੀ। ਘਰ ਦੇ ਕੰਮਾਂ-ਕਾਰਾਂ 'ਚ ਹੱਥ ਵਟਾਉਂਦੀ ਤੇ ਛੁੱਟੀ ਕੱਟ ਕੇ ਮੁੜ ਕਾਲਜ ਚਲੀ ਜਾਂਦੀ।

ਦਿਲਜੀਤ ਦੇ ਮਾਤਾ -ਪਿਤਾ ਬੜੇ ਸਾਊ ਸੁਭਾਅ ਵਾਲ਼ੇ, ਮਿਲਾਪੜੇ ਤੇ ਲੋਕਾਂ ਦੇ ਦੁੱਖ -ਸੁੱਖ ਵਿੱਚ ਹਰ ਸਮੇਂ ਸਹਾਈ ਹੋਣ ਵਾਲ਼ੇ ਸਨ। ਪਿਤਾ ਜੀ ਨੌਕਰੀ ਦੇ ਨਾਲ਼-ਨਾਲ਼ ਘਰ ਦੀ ਖੇਤੀ-ਬਾੜੀ ਵੀ ਸੰਭਾਲ਼ਦੇ ਸਨ। ਦਿਲਜੀਤ ਦੇ ਮਾਤਾ ਜੀ ਆਪਣੀਆਂ ਵਧੀਆਂ ਘਰੇਲੂ ਜ਼ੁੰਮੇਵਾਰੀਆਂ ਸੰਭਾਲ਼ ਰਹੇ ਸਨ। ਦਿਲਜੀਤ ਦਾ ਵੱਡਾ ਭਰਾ ਆਪਣੀ ਉਚੇਰੀ ਪੜ੍ਹਾਈ ਕਰਨ ਲਈ ਪਿਛਲੇ ਸਾਲ ਵਿਦੇਸ਼ ਚਲਾ ਗਿਆ ਸੀ।

ਦਿਲਜੀਤ ਮੁੱਢ ਤੋਂ ਹੀ ਬੜੇ ਚੰਗੇ ਘਰੇਲੂ ਮਾਹੌਲ ਵਿੱਚ ਪਲ਼ੀ। ਉਸ ਦੇ ਮਾਤਾ -ਪਿਤਾ ਨੇ ਫ਼ੁਟਬਾਲ ਵਿੱਚ ਉਸ ਦੀ ਰੁਚੀ ਨੂੰ ਵੇਖਦਿਆਂ ਉਸ ਨੂੰ ਖੇਡਣ ਦੇ ਪੂਰੇ ਮੌਕੇ ਦਿੱਤੇ। ਜਿਹੜੇ ਸਕੂਲ ਵਿੱਚੋਂ ਉਸ ਨੇ ਬਾਰ੍ਹਵੀਂ ਜਮਾਤ

ਪਾਸ ਕੀਤੀ, ਉੱਥੇ ਵੀ ਉਹ ਫੁਟਬਾਲ ਖਿਡਾਰਨ ਰਹੀ। ਆਪਣੇ ਪਿੰਡ ਦੀਆਂ ਕਈ ਲੜਕੀਆਂ ਨੂੰ ਉਸ ਨੇ ਖੇਡਾਂ ਨਾਲ਼ ਜੋੜਿਆ। ਲੋੜ ਪੈਣ 'ਤੇ ਉਹਨਾਂ ਦੇ ਘਰ ਵੀ ਜਾ ਆਉਂਦੀ। ਚੰਗੇ ਸੰਸਕਾਰਾਂ ਦੀ ਕੁੜੀ ਹੋਣ ਕਰਕੇ ਪਿੰਡ ਦੇ ਲੋਕ ਉਸ ਦਾ ਬਹੁਤ ਸਤਿਕਾਰ ਕਰਦੇ ਸਨ।

ਦਿਲਜੀਤ ਨੂੰ ਆਪਣੇ ਪਿੰਡ ਨਾਲ਼ ਬੜਾ ਮੋਹ ਸੀ ਪਰ ਪਿੰਡ ਦੀਆਂ ਗਲ਼ੀਆਂ, ਖ਼ਾਸ ਕਰ ਨਾਲ਼ੀਆਂ ਦੀ ਹਾਲਤ ਵੇਖ ਕੇ ਉਹ ਉਦਾਸ ਹੋ ਜਾਂਦੀ। ਨਾਲ਼ੀਆਂ 'ਚ ਫਸਿਆ ਕੂੜਾ- ਕਰਕਟ ਉਸ ਦੇ ਮਨ ਨੂੰ ਠੇਸ ਪਹੁੰਚਾਉਂਦਾ। ਉਸ ਨੂੰ ਪਿਛਲੀ ਬਰਸਾਤ ਵਾਲ਼ੀ ਘਟਨਾ ਯਾਦ ਆ ਜਾਂਦੀ ਕਿ ਨਾਲ਼ੀਆਂ ਦੀ ਇਹ ਖ਼ਸਤਾ ਹਾਲਤ ਹੀ ਪਾਣੀ ਦੀ ਰੁਕਾਵਟ ਦਾ ਕਾਰਨ ਬਣੀ ਸੀ। ਦੂਜੇ, ਪਾਣੀ ਦੀ ਨਿਕਾਸੀ ਵਾਲਾ ਵੱਡਾ ਨਾਲ਼ਾ ਵੀ ਪਹਿਲਾਂ ਵਾਂਗ ਹੀ ਨਿਕ - ਸੁਕ ਨਾਲ਼ ਭਰਿਆ ਪਿਆ ਸੀ। ਉੱਧਰ ਫੇਰ ਬਰਸਾਤ ਦਾ ਮੌਸਮ ਸ਼ੁਰੂ ਹੋਣ ਵਾਲ਼ਾ ਸੀ। ਉਹ ਸੋਚਦੀ, ਜੇਕਰ ਨਾਲ਼ੇ ਤੇ ਨਾਲ਼ੀਆਂ ਦੀ ਸਫ਼ਾਈ ਨਾ ਕੀਤੀ ਗਈ ਤਾਂ ਹਾਲਾਤ ਪਹਿਲਾਂ ਵਰਗੇ ਹੀ ਹੋ ਜਾਣੇ ਸਨ। ਲੋਕ ਫੇਰ ਪਾਣੀ ਦੀ ਮਾਰ ਝੱਲਣਗੇ ਤੇ ਗੰਦਗੀ ਨਾਲ਼ ਪੈਦਾ ਹੋਈਆਂ ਬਿਮਾਰੀਆਂ ਦਾ ਸ਼ਿਕਾਰ ਬਣਨਗੇ।

ਸ਼ਹਿਰੋਂ ਕਾਲਜ ਤੋਂ ਪਿੰਡ ਆਉਣ ਸਮੇਂ ਸਫ਼ਾਈ ਦਾ ਮੁੱਦਾ ਉਸ ਦੇ ਦਿਮਾਗ਼ 'ਤੇ ਅਕਸਰ ਭਾਰੂ ਰਹਿੰਦਾ। ਉਹ ਮਹਿਸੂਸ ਕਰਦੀ ਕਿ ਉਸ ਦੇ ਪਿੰਡ ਦੇ ਲੋਕ ਉਂਵ ਤਾਂ ਬੜੇ ਚੰਗੇ ਸੁਭਾਅ ਵਾਲ਼ੇ, ਆਪਣੇ ਪਿੰਡ ਨੂੰ ਪਿਆਰ ਕਰਨ ਵਾਲ਼ੇ ਤੇ ਪੜ੍ਹੇ -ਲਿਖੇ ਵੀ ਹਨ ਪਰ ਸਫ਼ਾਈ ਪੱਖੋਂ ਬੜੇ ਅਵੇਸਲ਼ੇ ਤੇ ਬੇਧਿਆਨੇ ਹਨ। ਉਹ ਆਪਣੇ ਘਰਾਂ ਦਾ ਕੂੜਾ- ਕਰਕਟ ਕਿਸੇ ਥਾਂ- ਟਿਕਾਣੇ ਨਹੀਂ ਲਾਉਂਦੇ ਜਿੱਥੇ ਇਸ ਦਾ ਨਿਪਟਾਰਾ ਉਚਿਤ ਢੰਗ ਨਾਲ਼ ਕੀਤਾ ਜਾ ਸਕਦਾ ਹੋਵੇ। ਇੱਧਰ-ਉੱਧਰ ਸੁੱਟਿਆ ਘਰੇਲੂ ਕੂੜਾ ਹਵਾ ਨਾਲ਼ ਉੱਡ ਕੇ ਨਾਲ਼ੀਆਂ ਵਿੱਚ ਜਾ ਫਸਦਾ ਜੋ ਪਾਣੀ ਦੀ ਨਿਕਾਸੀ 'ਚ ਵੱਡੀ ਰੁਕਾਵਟ ਬਣਦਾ। ਉਸ ਨੂੰ ਪਿੰਡ ਦੇ ਕੂੜੇ-ਕਰਕਟ ਨੂੰ ਢੁਕਵੀਂ ਥਾਂ 'ਤੇ ਸੁਟਣ ਵਾਲ਼ੀ ਜਗ੍ਹਾ ਦੀ ਅਣਹੋਂਦ ਵੀ ਬੜੀ ਸ਼ਿੱਦਤ ਨਾਲ਼ ਰੜਕਦੀ।

ਦਿਲਜੀਤ ਜਦੋਂ ਇਸ ਹਫ਼ਤੇ ਕਾਲਜ ਤੋਂ ਪਿੰਡ ਆਈ ਤਾਂ ਉਸ ਅੰਦਰ ਇੱਕ ਨਵੀਂ ਸੋਚ ਅੰਗੜਾਈ ਲੈ ਰਹੀ ਸੀ। ਦੇਸ 'ਚ ਚੱਲੀ 'ਸੁੱਛ ਭਾਰਤ' ਮੁਹਿੰਮ ਨੇ ਉਸ ਦੇ ਮਨ ਨੂੰ ਟੁੰਬ ਲਿਆ ਸੀ। ਅਖ਼ਬਾਰਾਂ, ਟੈਲੀਵੀਜ਼ਨ ਤੇ ਲੋਕਾਂ ਵਿੱਚ, ਜਿਵੇਂ ਇਸ ਸੰਬੰਧੀ ਇੱਕ ਲਹਿਰ ਹੀ ਚੱਲ ਰਹੀ ਸੀ। ਛੋਟੇ -ਵੱਡੇ ਸ਼ਹਿਰਾਂ ਵਿੱਚ ਤਾਂ ਇਸ ਦੇ ਖ਼ੂਬ ਚਰਚੇ ਸਨ। ਸਾਫ਼-ਸਫ਼ਾਈ ਦੀ ਇਸ ਮੁਹਿੰਮ 'ਚ ਸਾਰੀਆਂ ਜਨਤਿਕ ਥਾਂਵਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਸੀ। ਜਦੋਂ ਦਿਲਜੀਤ ਦਾ ਕਾਲਜ ਇਸ ਨਾਲ਼ ਜੁੜਿਆ ਤਾਂ ਉਹ ਇਸ ਵਿੱਚ ਮੋਹਰੀ ਭੂਮਿਕਾ ਨਿਭਾ ਰਹੀ ਸੀ। ਉਹ ਸੋਚਣ ਲੱਗੀ ਕਿ ਜੇਕਰ ਪੂਰਾ ਦੇਸ ਆਪਣੇ ਆਲ਼ੇ-ਦੁਆਲ਼ੇ ਨੂੰ ਸਾਫ਼ -ਸੁਥਰਾ ਕਰਨ ਵਿੱਚ ਜੁਟਿਆ ਹੋਇਆ ਹੈ ਤਾਂ ਉਸ ਦਾ ਪਿੰਡ ਫਿਰ ਕਿਉਂ ਪਿੱਛੇ ਰਹੇ? ਇਹ ਸੋਚਾਂ ਸੋਚਦੀ ਉਹ ਘਰ ਆ ਗਈ।

ਸਨਿੱਚਰਵਾਰ ਦਾ ਦਿਨ ਸੀ। ਦੂਜੀ ਸਵੇਰ ਐਤਵਾਰ ਦੀ ਸਭ ਨੂੰ ਛੁੱਟੀ ਸੀ। ਇਹ ਗੱਲ ਸ਼ਾਮ ਨੂੰ ਉਸ ਨੇ ਆਪਣੀ ਪਿੰਡ 'ਚ ਰਹਿੰਦੀ ਸਹੇਲੀ 'ਪ੍ਰੀਤ' ਨਾਲ਼ ਵੀ ਫ਼ੋਨ 'ਤੇ ਸਾਂਝੀ ਕੀਤੀ।

ਦੂਜੇ ਦਿਨ ਉਹ ਜਲਦੀ ਹੀ ਉੱਠ ਗਈ। ਨ੍ਹਾ -ਧੋ ਕੇ ਉਸ ਨੇ ਪਸ਼ੂਆਂ ਵਾਲ਼ੇ ਵਾੜੇ ਵਿੱਚੋਂ ਦੋ ਕਹੀਆਂ ਚੁੱਕ ਲਈਆਂ। ਪੂਰੀ ਤਿਆਰੀ ਕਰ ਕੇ ਉਸ ਨੇ ਆਪਣੇ ਪਿਤਾ ਜੀ ਨੂੰ ਕਿਹਾ "ਪਿਤਾ ਜੀ! ਅੱਜ ਦਾ ਦਿਨ ਮੈਂ ਤੁਹਾਡੇ ਅਸ਼ੀਰਵਾਦ ਨਾਲ ਵਿਸ਼ੇਸ਼ ਤੌਰ 'ਤੇ ਆਪਣੇ ਪਿੰਡ ਦੀਆਂ ਨਾਲ਼ੀਆਂ ਨੂੰ ਕੂੜੇ- ਕਰਕਟ ਤੋਂ ਮੁਕਤ ਕਰਨ ਲਈ ਲਾਵਾਂਗੀ।" ਦਿਲਜੀਤ ਦੀ ਗੱਲ ਸੁਣ ਕੇ ਉਸ ਦੇ ਪਿਤਾ ਜੀ ਮੁਸਕਰਾ ਕੇ ਬੋਲੇ, "ਬੇਟਾ ਦਿਲਜੀਤ! ਇਹ ਖਿਆਲ਼ ਤੇਰੇ ਮਨ ਵਿੱਚ ਕਿਵੇਂ ਆ ਗਿਆ ? ਤੂੰ ਇੱਕਲੀ ਹੀ ਇਹ ਸਭ ਕੁਝ ਕਿਵੇਂ ਕਰ ਲਏਂਗੀ?" ਪਿਤਾ ਜੀ ਦੇ

ਸਵਾਲਾਂ ਦੇ ਉੱਤਰ ਵਿੱਚ ਦਿਲਜੀਤ ਨੇ ਕਿਹਾ "ਪਿਤਾ ਜੀ, ਪਿਛਲੇ ਲੰਮੇ ਸਮੇਂ ਤੋਂ ਮੇਰੇ ਮਨ 'ਚ ਇਹ ਗੱਲ ਘਰ ਕਰੀ ਬੈਠੀ ਹੈ ਕਿ ਵੇਖਣ- ਪਰਖਣ ਨੂੰ ਪਿੰਡ ਸਾਡਾ ਬੜਾ ਸੋਹਣਾ ਲੱਗਦੈ ਪਰ ਨਾਲ਼ੀਆਂ ਦੀ ਸਫ਼ਾਈ ਪੱਖੋਂ ਬਹੁਤ ਪਛੜ ਗਿਆ ਹੈ। ਪਿਛਲੇ ਸਾਲ ਵਾਂਗ ਹੀ ਸਾਰੀਆਂ ਨਾਲ਼ੀਆਂ ਤੇ ਬਾਹਰ ਵਾਲ਼ਾ ਨਾਲ਼ਾ ਕੂੜੇ ਨਾਲ਼ ਭਰੇ ਪਏ ਨੇ। ਤੁਹਾਨੂੰ ਤਾਂ ਪਤਾ ਹੀ ਹੈ ਕਿ ਪਿਛਲੀ ਵਾਰ ਬਰਸਾਤ ਦੇ ਪਾਣੀ ਨੇ ਸਭ ਨੂੰ ਕਿੰਨਾ ਪਰੇਸ਼ਾਨ ਕੀਤਾ ਸੀ, ਐਤਕੀਂ ਵੀ ਹਾਲਾਤ ਉਸੇ ਤਰ੍ਹਾਂ ਦੇ ਹੀ ਬਣੇ ਹੋਏ ਨੇ, ਉੱਪਰੋਂ ਬਰਸਾਤ ਵੀ ਸ਼ੁਰੂ ਹੋ ਜਾਣੀ ਹੈ। ਰਹੀ ਗੱਲ ਮੇਰੀ 'ਕੱਲੀ ਦੇ ਇਹ ਕੰਮ ਕਰਨ ਦੀ, ਤੁਸੀਂ ਫ਼ਿਕਰ ਨਾ ਕਰੋ। ਮੇਰੀ ਸਹੇਲੀ ਪ੍ਰੀਤ ਮੇਰੇ ਨਾਲ਼ ਇਸ ਕੰਮ ਵਿੱਚ ਹੱਥ ਵਟਾਏਗੀ। ਮੈਂ ਉਸ ਨਾਲ਼ ਰਾਤ ਸਾਰੀ ਗੱਲ ਕਰ ਲਈ ਹੈ। ਬਾਕੀ, ਆਪਣੇ ਪਿੰਡ ਦੇ ਲੋਕੀਂ ਬੜੇ ਸਹਿਯੋਗੀ ਹਨ। ਬੱਸ, ਕੰਮ ਸ਼ੁਰੂ ਕਰਨ ਦੀ ਦੇਰ ਹੈ; ਵੇਖਿਓ, ਕਿਵੇਂ ਸਾਰੇ ਆ ਰਲ਼ਨਗੇ।" ਦਿਲਜੀਤ ਦੀ ਦਲੇਰੀ ਤੇ ਇਸ ਚੰਗੇਰੀ ਸੋਚ ਨਾਲ਼ ਉਸ ਦੇ ਪਿਤਾ ਜੀ ਦਾ ਹੌਸਲਾ ਵੀ ਵਧ ਗਿਆ। ਉਹਨਾਂ ਖ਼ੁਸ਼ ਹੋ ਕੇ ਕਿਹਾ, "ਸ਼ਾਬਾਸ਼! ਦਿਲਜੀਤ, ਚੱਲ ਫਿਰ ਅੱਜ ਮੈਂ ਵੀ ਤੁਹਾਡੇ ਨਾਲ਼ ਹੀ ਪਿੰਡ ਦੀ ਕਾਇਆਂ-ਕਲਪ ਕਰਨ 'ਚ ਤੁਹਾਡਾ ਪੂਰਾ ਸਾਥ ਦਿਆਂਗਾ।"

ਮਿਥੇ ਸਮੇਂ ਅਨੁਸਾਰ ਦਿਲਜੀਤ ਤੇ ਪ੍ਰੀਤ ਇੱਕਠੀਆਂ ਹੋ ਗਈਆਂ ਤੇ ਇੱਕ-ਇੱਕ ਕਹੀ ਫੜ ਕੇ ਸਫ਼ਾਈ- ਕਾਰਜਾਂ ਵਿੱਚ ਜੁਟ ਗਈਆਂ। ਏਨੇ ਨੂੰ ਦਿਲਜੀਤ ਦੇ ਪਿਤਾ ਜੀ ਵੀ ਆ ਗਏ। ਉਹਨਾਂ ਦਿਲਜੀਤ ਤੇ ਪ੍ਰੀਤ ਵੱਲੋਂ ਨਾਲ਼ੀਆਂ ਦੀ ਸਫ਼ਾਈ ਦੌਰਾਨ ਕੱਢੇ ਕੂੜੇ -ਕਰਕਟ ਨੂੰ ਕਹੀ ਨਾਲ਼ ਇੱਕਠਿਆਂ ਕਰ ਕੇ ਢੇਰੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਦਿਨ ਚੜ੍ਹਦੇ ਤੱਕ ਉਹਨਾਂ ਇੱਕ ਗਲ਼ੀ ਦੇ ਦੋਂਹਾਂ ਪਾਸਿਆਂ ਦੀਆਂ ਨਾਲ਼ੀਆਂ ਨੂੰ ਸੁਥਰਾ ਕਰ ਛੱਡਿਆ ਸੀ।

ਜਦੋਂ ਪਿੰਡ ਦੇ ਲੋਕਾਂ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਹ ਹੈਰਾਨ ਰਹਿ ਗਏ। ਸਾਰੇ ਪਿੰਡ ਵਿੱਚ ਸਫ਼ਾਈ ਸੰਬੰਧੀ ਦਿਲਜੀਤ ਦੇ ਇਸ ਉੱਦਮ ਦੀ ਚਰਚਾ ਛਿੜ ਗਈ ਸੀ। ਇਹ ਸਭ ਦੇਖ ਕੇ ਪਿੰਡ ਦੇ ਨੌਜਵਾਨ ਵੀ ਆਪਣੇ ਘਰਾਂ 'ਚੋਂ ਕਹੀਆਂ ਤੇ ਬੱਠਲ਼ ਆਦਿ ਚੁੱਕ ਲਿਆਏ। ਦੇਖਾ- ਦੇਖੀ ਪਿੰਡ ਦੀਆਂ ਤ੍ਰੀਮਤਾਂ ਤੇ ਮੁਟਿਆਰਾਂ ਵੀ ਪਿੱਛੇ ਨਾ ਰਹੀਆਂ। ਉਹਨਾਂ ਝਾੜੂਆਂ ਨਾਲ਼ ਸਾਰੀਆਂ ਗਲ਼ੀਆਂ ਨੂੰ ਸਾਫ਼ ਕਰਕੇ ਲਿਸ਼ਕਾ ਦਿੱਤਾ। ਦਿਲਜੀਤ ਦੀ ਦੱਸੀ ਸਕੀਮ ਅਨੁਸਾਰ ਨੌਜਵਾਨਾਂ ਨੇ ਇੱਕਠੇ ਹੋਏ ਸਾਰੇ ਕੂੜੇ ਦੇ ਢੇਰਾਂ ਨੂੰ ਇੱਕ ਟ੍ਰਾਲੀ ਵਿੱਚ ਭਰ ਕੇ ਪਿੰਡ ਤੋਂ ਬਾਹਰ ਇੱਕ ਖ਼ਾਲੀ ਟੋਏ ਵਿੱਚ ਲਿਜਾ ਸੁੱਟਿਆ। ਕੁਝ ਗੱਭਰੂ ਦਿਲਜੀਤ ਦੇ ਕਹਿਣ 'ਤੇ ਵੱਡੇ ਨਿਕਾਸੀ ਨਾਲ਼ੇ ਦੀ ਸਫ਼ਾਈ 'ਚ ਜੁਟ ਗਏ। ਕਈ ਮਰਦ-ਔਰਤਾਂ ਨੇ ਪਿੰਡ ਦੀਆਂ ਸਾਂਝੀਆਂ ਥਾਂਵਾਂ ਦੀ ਸਫ਼ਾਈ ਕਰ ਕੇ ਉਹਨਾਂ ਨੂੰ ਚਮਕਾ ਦਿੱਤਾ। ਪਿੰਡ ਦੇ ਬਜ਼ੁਰਗ ਸਭ ਦੀ ਹੌਸਲਾ- ਅਫ਼ਜ਼ਾਈ ਕਰ ਰਹੇ ਸਨ। ਇੰਵ ਲੱਗ ਰਿਹਾ ਸੀ, ਜਿਵੇਂ ਪਿੰਡ ਚ ਅੱਜ ਸ੍ਵਛਤਾ-ਦਿਵਸ ਮਨਾਇਆ ਜਾ ਰਿਹਾ ਹੋਵੇ।

ਦੁਪਹਿਰ ਦੇ ਢਲ਼ਨ ਨਾਲ਼ ਹੀ ਪਿੰਡ ਦੀ ਸਫ਼ਾਈ ਦਾ ਕੰਮ ਵੀ ਮੁਕੰਮਲ ਹੋ ਚੁੱਕਾ ਸੀ। ਪਿੰਡ ਦਾ ਸਰਪੰਚ ਤੇ ਪੰਚਾਇਤ-ਮੈਂਬਰ ਵੀ ਦਿਲਜੀਤ ਵੱਲੋਂ ਚਲਾਈ ਇਸ ਸਫ਼ਾਈ-ਮੁਹਿੰਮ ਵਿੱਚ ਸ਼ਾਮਲ ਹੋ ਗਏ। ਦੂਜੇ ਦਿਨ ਉਹਨਾਂ ਪਿੰਡ 'ਚ ਮੁਨਾਦੀ ਕਰਵਾ ਦਿੱਤੀ ਕਿ ਅੱਜ ਤਕਾਲ਼ਾਂ ਨੂੰ ਇੱਕ ਸਾਂਝਾ ਇੱਕਠ ਪਿੰਡ ਦੀ ਪੰਚਾਇਤ-ਘਰ ਵਿਖੇ ਹੋਵੇਗਾ। ਸਾਰਿਆਂ ਨੂੰ ਉੱਥੇ ਪਹੁੰਚਣ ਦੀ ਅਪੀਲ ਕੀਤੀ ਗਈ। ਸਰਪੰਚ ਸਾਹਿਬ ਨੇ ਇੱਕ ਵਿਸ਼ੇਸ਼ ਸੱਦਾ ਦਿਲਜੀਤ ਦੇ ਘਰ ਵੀ ਭੇਜਿਆ ਤਾਂਜੋ ਉਹ ਇਸ ਇਕੱਠ ਵਿੱਚ ਜ਼ਰੂਰ ਪੁੱਜੇ। ਜਦੋਂ ਦਿਲਜੀਤ ਆਪਣੇ ਮਾਤਾ-ਪਿਤਾ ਜੀ ਨਾਲ਼ ਸ਼ਾਮ ਸਮੇਂ ਪਿੰਡ ਦੇ ਸਾਂਝੇ ਇਕੱਠ ਵਿੱਚ ਪਹੁੰਚੀ ਤਾਂ ਉਹ ਸਾਰਿਆਂ ਦੇ ਧਿਆਨ ਦਾ ਕੇਂਦਰ ਬਣੀ ਹੋਈ ਸੀ। ਸਰਪੰਚ ਸਾਹਿਬ ਨੇ ਦਿਲਜੀਤ ਨੂੰ ਕੋਲ਼ ਸੱਦਿਆ ਅਤੇ ਸਭ ਨੂੰ ਸੰਬੋਧਨ ਕਰਦਿਆਂ ਕਿਹਾ, "ਸੱਚ-ਮੁੱਚ ਅੱਜ

ਦਿਲਜੀਤ ਨੇ ਸਾਡਾ ਸਭ ਦਾ ਦਿਲ ਜਿੱਤ ਲਿਆ ਹੈ। ਸਾਡੀ ਇਸ ਧੀ ਨੇ ਪਿੰਡ ਦੀ ਸਫ਼ਾਈ ਪ੍ਰਤਿ ਪਹਿਲ ਕਰ ਕੇ ਸਾਡੇ ਵਿੱਚ ਸੂਛਤਾ ਦੀ ਇੱਕ ਚੇਤਨਾ ਪੈਦਾ ਕੀਤੀ ਹੈ । ਅਸੀਂ ਆਸ ਕਰਦੇ ਹਾਂ ਕਿ ਇਹ ਚੇਤਨਾ ਸਦਾ ਇਸੇ ਤਰ੍ਹਾਂ ਹੀ ਕਾਇਮ ਰਹੇਗੀ। ਅਸੀਂ ਦਿਲਜੀਤ ਦੀ ਇਸ ਸੋਚ ਤੇ ਹਿੰਮਤ ਦੀ ਦਾਦ ਦਿੰਦੇ ਹਾਂ।" ਸਭ ਨੇ ਜ਼ੋਰਦਾਰ ਤਾੜੀਆਂ ਨਾਲ਼ ਉਹਨਾਂ ਦੇ ਬੋਲਾਂ ਦੀ ਪ੍ਰੋੜ੍ਹਤਾ ਕੀਤੀ। ਜਦੋਂ ਪੰਚਾਇਤ ਵੱਲੋਂ ਦਿਲਜੀਤ ਨੂੰ ਇੱਕ ਸੁੰਦਰ 'ਫੁਲਕਾਰੀ' ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਤਾੜੀਆਂ ਦਾ ਸ਼ੋਰ ਇੱਕ ਵਾਰ ਫੇਰ ਗੂੰਜ ਉੱਠਿਆ। ਇਸ ਮੌਕੇ ਦਿਲਜੀਤ ਨੇ ਕਿਹਾ ਕਿ ਉਹ ਸਫ਼ਾਈ ਦੀ ਇਸ ਮੁਹਿੰਮ 'ਚ ਹਿੱਸਾ ਲੈਣ ਵਾਲ਼ੇ ਸਾਰੇ ਪਿੰਡਵਾਸੀਆਂ ਦੀ ਸ਼ੁਕਰਗੁਜ਼ਾਰ ਹੈ ਤੇ ਸਭ ਦਾ ਧੰਨਵਾਦ ਕਰਦੀ ਹੈ। ਉਸ ਨੇ ਆਪਣੀ ਸਹੇਲੀ ਪ੍ਰੀਤ ਦੀ ਵੀ ਬਾਕਾਇਦਾ ਪ੍ਰਸੰਸਾ ਕੀਤੀ ਤੇ ਸਭ ਨੂੰ ਆਪਣਾ ਆਲ਼ਾ- ਦੁਆਲ਼ਾ ਸਾਫ਼-ਸੁਥਰਾ ਰੱਖਣ ਦੀ ਅਪੀਲ ਕੀਤੀ। ਉਸ ਨੇ ਪਿੰਡ ਦੀ ਪੰਚਾਇਤ ਨੂੰ ਬੇਨਤੀ ਕੀਤੀ ਕਿ ਉਹ ਪਿੰਡ ਦੀ ਹਰ ਗਲ਼ੀ 'ਚ ਇੱਕ-ਇੱਕ ਵੱਡੇ ਕੂੜੇਦਾਨ ਦਾ ਪ੍ਰਬੰਧ ਜ਼ਰੂਰ ਕਰੇ ਤੇ ਇਸ ਨੂੰ ਸਮੇਂ-ਸਮੇਂ 'ਤੇ ਖ਼ਾਲੀ ਕੀਤਾ ਜਾਂਦਾ ਰਹੇ। ਉਸ ਦੀ ਇਸ ਮੰਗ ਨੂੰ ਪੰਚਾਇਤ ਨੇ ਖਿੜੇ ਮੱਥੇ ਮੌਕੇ 'ਤੇ ਹੀ ਪ੍ਰਵਾਨ ਕਰ ਲਿਆ।

ਸਾਰੇ ਪਿੰਡ 'ਚ ਦਿਲਜੀਤ ਦੀ ਇਸ ਸਫ਼ਾਈ-ਮੁਹਿੰਮ ਦੀਆਂ ਹੀ ਗੱਲਾਂ ਹੋ ਰਹੀਆਂ ਸਨ ਜਿਸ ਨਾਲ਼ ਉਸ ਦੇ ਮਾਤਾ- ਪਿਤਾ ਦਾ ਸਿਰ ਮਾਣ ਨਾਲ਼ ਗਿੱਠ ਉੱਚਾ ਹੋ ਗਿਆ।

## ਪਾਠ-ਅਭਿਆਸ

**ਪ੍ਰਸ਼ਨ :1. ਠੀਕ ਉੱਤਰ ਸਾਮ੍ਹਣੇ ਠੀਕ (✓) ਦਾ ਨਿਸ਼ਾਨ ਲਾਓ :**

(ੳ) ਪਿੰਡ ਵਿੱਚ ਘਰ ਕਿਹੋ-ਜਿਹੇ ਬਣੇ ਹੋਏ ਸਨ?

(i) ਕੱਚੇ (ii) ਆਧੁਨਿਕ ਢੰਗ ਦੇ

(iii) ਪੁਰਾਣੇ ਢੰਗ ਦੇ (iv) ਲੱਕੜ ਦੇ

(ਅ) ਬਾਰ੍ਹਵੀਂ ਤੋਂ ਬਾਅਦ ਦਿਲਜੀਤ ਕਿੱਥੇ ਪੜ੍ਹਨ ਲੱਗ ਪਈ?

(i) ਵਿਦੇਸ਼ (ii) ਸ਼ਹਿਰ

(iii) ਪਿੰਡ (iv) ਕਿਤੇ ਵੀ ਨਹੀਂ

(ੲ) ਦਿਲਜੀਤ ਦੀ ਸਹੇਲੀ ਕੌਣ ਸੀ?

(i) ਪ੍ਰੀਤ (ii) ਮਨਮੀਤ

(iii) ਮਨਪ੍ਰੀਤ (iv) ਕੋਈ ਨਹੀਂ

(ਸ) ਨਾਲ਼ੀਆਂ ਵਿੱਚ ਕੀ ਰੁਕਿਆ ਹੋਇਆ ਸੀ?

(i) ਰੇਤ (ii) ਇੱਟਾਂ-ਰੋੜੇ

(iii) ਕੂੜਾ-ਕਰਕਟ (iv) ਬਜਰੀ

(ਹ) ਪੰਚਾਇਤ ਵੱਲੋਂ ਦਿਲਜੀਤ ਨੂੰ ਕਿਵੇਂ ਸਨਮਾਨਿਤ ਕੀਤਾ ਗਿਆ?

(i) ਯਾਦਗਾਰੀ-ਚਿੰਨ੍ਹ ਨਾਲ਼ (ii) ਨਕਦੀ ਨਾਲ਼

(iii) ਕਿਤਾਬਾਂ ਨਾਲ਼ (iv) ਸੁੰਦਰ ਫੁਲਕਾਰੀ ਨਾਲ਼

**ਪ੍ਰਸ਼ਨ: 2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਗਲ਼ੀਆਂ-ਨਾਲ਼ੀਆਂ ਦੀ ਸਫ਼ਾਈ ਪੱਖੋਂ ਕੀ ਹਾਲਤ ਸੀ?

(ਅ) ਪਿੰਡ ਦਾ ਲਾਂਘਾ ਕਿਉਂ ਬੰਦ ਹੋ ਗਿਆ ਸੀ?

(ੲ) ਦਿਲਜੀਤ ਨੇ ਅਗਲੇਰੀ ਪੜ੍ਹਾਈ ਲਈ ਸ਼ਹਿਰ ਦੇ ਕਾਲਜ ਨੂੰ ਕਿਉਂ ਚੁਣਿਆ?

(ਸ) ਦਿਲਜੀਤ ਦੇ ਪਿਤਾ ਜੀ ਕੀ ਕੰਮ ਕਰਦੇ ਸਨ?

(ਹ) ਦਿਲਜੀਤ ਨੇ ਆਪਣੀ ਵਿਉਂਤ ਸਭ ਤੋਂ ਪਹਿਲਾਂ ਕਿਸ ਨਾਲ਼ ਸਾਂਝੀ ਕੀਤੀ?

(ਕ) ਪਿੰਡ ਦੇ ਨੌਜਵਾਨਾਂ 'ਤੇ ਦਿਲਜੀਤ ਦੀ ਸਫ਼ਾਈ-ਮੁਹਿੰਮ ਦਾ ਕੀ ਅਸਰ ਹੋਇਆ?

(ਖ) ਪਿੰਡ ਵਿੱਚ ਕੀ ਮੁਨਾਦੀ ਕੀਤੀ ਗਈ?

(ਗ) ਅੰਤ ਵਿੱਚ ਦਿਲਜੀਤ ਨੇ ਪੰਚਾਇਤ ਨੂੰ ਕੀ ਬੇਨਤੀ ਕੀਤੀ?

**ਪ੍ਰਸਨ:3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਪਿਛਲੀ ਬਰਸਾਤ ਵੇਲ਼ੇ ਪਿੰਡ 'ਚ ਕੀ ਵਾਪਰਿਆ ਸੀ?

(ਅ) ਦਿਲਜੀਤ ਕਿਹੋ-ਜਿਹੀ ਕੁੜੀ ਸੀ?

(ੲ) ਕਿਹੜੀ ਗੱਲ ਦਿਲਜੀਤ ਦੇ ਮਨ ਨੂੰ ਦੁਖੀ ਕਰਦੀ ਸੀ?

(ਸ) ਦਿਲਜੀਤ ਦੀ ਵਿਉਂਤ ਦਾ ਉਸ ਦੇ ਪਿਤਾ ਜੀ 'ਤੇ ਕੀ ਅਸਰ ਹੋਇਆ?

(ਹ) ਪਿੰਡ ਦੀਆਂ ਤ੍ਰੀਮਤਾਂ ਅਤੇ ਮੁਟਿਆਰਾਂ ਨੇ ਦਿਲਜੀਤ ਦਾ ਸਾਥ ਕਿਵੇਂ ਦਿੱਤਾ?

(ਕ) ਸਾਰਿਆਂ ਦੀਆਂ ਜ਼ੋਰਦਾਰ ਤਾੜੀਆਂ ਨੇ ਕਿਹੜੀ ਗੱਲ ਦੀ ਪ੍ਰੋੜ੍ਹਤਾ ਕੀਤੀ?

(ਖ) 'ਪਹਿਲ' ਕਹਾਣੀ ਤੋਂ ਤੁਹਾਨੂੰ ਕੀ ਪ੍ਰੇਰਨਾ ਮਿਲ਼ਦੀ ਹੈ?

**ਪ੍ਰਸ਼ਨ: 4. ਵਾਕਾਂ ਵਿੱਚ ਵਰਤੋ :**

ਖੁੱਲ੍ਹੀਆਂ-ਡੁੱਲ੍ਹੀਆਂ, ਛੋਟੀਆਂ-ਛੋਟੀਆਂ, ਕੂੜਾ-ਕਰਕਟ, ਨਿਕ-ਸੁਕ, ਹੌਸਲਾ-ਅਫ਼ਜ਼ਾਈ, ਹਿੰਮਤ, ਕੰਮ-ਕਾਰ, ਆਲ਼ਾ-ਦੁਆਲਾ, ਸਾਫ਼-ਸੁਥਰਾ

**ਪ੍ਰਸ਼ਨ : 5. ਵਿਰੋਧੀ ਸ਼ਬਦ ਲਿਖੋ :**

ਆਧੁਨਿਕ

ਦੁਰਗੰਧ

ਠੀਕ

ਪਿਆਰ

ਆਪਣਾ

ਸਾਫ਼-ਸੁਥਰਾ

ਮੁਕੰਮਲ

**ਪ੍ਰਸ਼ਨ : 6. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਮੁਸੀਬਤ | | |
| ਨਾਮਵਰ | | |
| ਔਖਾ | | |
| ਤ੍ਰੀਮਤਾਂ | | |
| ਰੁਚੀ | | |
| ਮੁੱਦਾ | | |
| ਨਿਕਾਸੀ | | |

**ਵਿਦਿਆਰਥੀਆਂ ਲਈ :**

ਜੇਕਰ ਦਿਲਜੀਤ ਵਰਗਾ ਕੋਈ ਪਾਤਰ ਤੁਹਾਡੇ ਆਲ਼ੇ-ਦੁਆਲ਼ੇ ਰਹਿੰਦਾ ਹੈ ਤਾਂ ਅਧਿਆਪਕ ਜੀ ਦੀ ਮਦਦ ਨਾਲ਼ ਉਸ ਦੀ ਕਹਾਣੀ ਨੂੰ ਕਲਮਬੱਧ ਕਰਨ ਦੀ ਕੋਸ਼ਸ਼ ਕਰੋ।

ਪਾਠ-24

# ਸਮੇਂ-ਸਮੇਂ ਦੀ ਗੱਲ

"ਪਹੁੰਚਦਾ ਈ ਚਿੱਠੀ ਲਿਖ ਦੇਈਂ, ਮੇਰਾ ਪੁੱਤ! ਆਪਣੀ ਖ਼ਬਰਸਾਰ ਦੀ....।" ਕੰਮ-ਕਾਰ ਦੇ ਸਿਲਸਿਲੇ ਵਿੱਚ ਘਰੋਂ ਦੂਰ ਜਾ ਰਹੇ ਆਪਣੇ ਪੁੱਤਰ ਨੂੰ ਅਲਵਿਦਾ ਕਹਿੰਦਿਆਂ ਮਾਂ ਅਕਸਰ ਇਹ ਸ਼ਬਦ ਕਹਿਣਾ ਕਦੇ ਨਾ ਭੁੱਲਦੀ।

ਇਹ ਉਹ ਸਮਾਂ ਸੀ ਜਦੋਂ ਪਿੰਡਾਂ ਦੇ ਡਾਕਖ਼ਾਨਿਆਂ ਵਿੱਚ ਵਾਹਵਾ ਭੀੜ ਜੁੜਦੀ ਹੁੰਦੀ ਸੀ। ਕਰਿਆਨੇ ਅਤੇ ਹੋਰ ਨਿਕ-ਸੁਕ ਦੀਆਂ ਦੁਕਾਨਾਂ ਵਿੱਚ ਡਾਕਖ਼ਾਨੇ ਦੀਆਂ ਸ਼ਾਖਾਵਾਂ ਹੁੰਦੀਆਂ ਸਨ। ਦੁਕਾਨਾਂ ਭਾਵੇਂ ਸਾਰਾ ਦਿਨ ਖੁੱਲੀਆਂ ਰਹਿੰਦੀਆਂ ਪਰ ਡਾਕਖ਼ਾਨੇ ਦਾ ਕੰਮ ਸਵੇਰੇ ਅਤੇ ਸ਼ਾਮ ਵੇਲ਼ੇ ਹੀ ਚੱਲਦਾ ਸੀ। ਸਵੇਰ ਵੇਲ਼ੇ ਤਾਂ ਜ਼ਰੂਰੀ ਕੰਮ ਵਾਲ਼ੇ ਚੰਦ ਕੁ ਬੰਦੇ ਹੀ ਡਾਕਖ਼ਾਨੇ ਜਾਂਦੇ ਪਰ ਤਕਾਲ਼ਾਂ ਵੇਲ਼ੇ ਡਾਕ ਦੀ ਉਡੀਕ ਕਰਨ ਵਾਲ਼ਿਆਂ ਦਾ ਤਾਂਤਾ ਲੱਗਿਆ ਹੁੰਦਾ।

ਸ਼ਾਮ ਦੀ ਡਾਕ ਉਡੀਕਣ ਵਾਲ਼ਿਆਂ ਵਿੱਚ ਫ਼ੌਜੀਆਂ ਦੇ ਬਜ਼ੁਰਗ ਬਾਪ, ਬੱਚੇ ਅਤੇ ਵਿਦੇਸ਼ਾਂ ਵਿੱਚ ਗਏ ਲੋਕਾਂ ਦੇ ਪਰਿਵਾਰਿਕ ਮੈਂਬਰ ਹੁੰਦੇ। ਸਵੇਰੇ ਦਸ ਕੁ ਵਜੇ ਡਾਕ ਵਾਲ਼ੀ ਥੈਲੀ ਪਿੰਡੋਂ ਨਿਕਲ਼ਦੀ ਅਤੇ ਸ਼ਾਮ ਤਿੰਨ ਕੁ ਵਜੇ ਆਉਂਦੀ। ਸਿਆਲ਼ ਦੇ ਠੰਢੇ ਦਿਨ ਹੋਣ, ਚਾਹੇ ਗਰਮੀਆਂ ਦੀ ਪਿੰਡਾਂ ਲੂੰਹਦੀ ਧੁੱਪ, ਚਿੱਠੀ ਆਉਣ ਦੀ ਆਸ ਨਾਲ਼ ਲੋਕ ਦੋ ਕੁ ਵਜੇ ਡਾਕਖ਼ਾਨੇ ਵਿੱਚ ਜੁੜਨਾ ਸ਼ੁਰੂ ਹੋ ਜਾਂਦੇ।

ਡਾਕ ਆਉਣ ਤੱਕ ਵੱਖ-ਵੱਖ ਵਿਸ਼ਿਆਂ 'ਤੇ ਗੱਲਾਂ ਛਿੜਦੀਆਂ। ਪਿੰਡਾਂ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਤੋਂ ਲੈ ਕੇ ਦੇਸਾਂ-ਵਿਦੇਸ਼ਾਂ ਦੀ ਸਿਆਸਤ ਤੱਕ ਦੀਆਂ ਗੱਲਾਂ ਇੱਥੇ ਹੁੰਦੀਆਂ। ਸਾਬਕਾ ਫ਼ੌਜੀ 1965 ਅਤੇ 1971 ਦੀਆਂ ਲੜਾਈਆਂ ਦਾ ਵਰਨਣ ਇਸ ਪ੍ਰਕਾਰ ਕਰਦੇ ਕਿ ਲੜਾਈ ਦਾ ਦ੍ਰਿਸ਼ ਸਾਮ੍ਹਣੇ ਆ ਜਾਂਦਾ। ਡਾਕ ਆਉਣ ਉਪਰੰਤ ਜਿਨ੍ਹਾਂ ਦੇ ਸੰਬੰਧੀਆਂ ਦੀਆਂ ਚਿੱਠੀਆਂ ਆਉਂਦੀਆਂ, ਉਹਨਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਹਿੰਦਾ। ਬਾਕੀ ਕੱਲ੍ਹ 'ਤੇ ਆਸ ਰੱਖ ਕੇ ਘਰਾਂ ਨੂੰ ਪਰਤ ਜਾਂਦੇ। ਇਹ ਸਿਲਸਿਲਾ ਲਗਾਤਾਰ ਚੱਲਦਾ ਰਹਿੰਦਾ।

ਡਾਕ ਦੀ ਲਿਖਾ-ਪੜ੍ਹੀ ਦਾ ਕੰਮ ਦੁਕਾਨ ਵਾਲ਼ੇ ਲਾਲਾ ਜੀ ਕਰਦੇ ਸਨ। ਤਿੰਨ-ਤਿੰਨ, ਚਾਰ-ਚਾਰ ਪਿੰਡਾਂ ਵਿੱਚ ਚਿੱਠੀਆਂ ਵੰਡਣ ਦੀ ਜ਼ੁੰਮੇਵਾਰੀ ਡਾਕੀਆ ਨਿਭਾਉਂਦਾ ਸੀ। ਪਹਿਲਾਂ-ਪਹਿਲ ਡਾਕ ਵੰਡਣ ਦੇ ਕੰਮ ਲਈ ਡਾਕੀਏ ਪੈਦਲ ਹੀ ਜਾਂਦੇ ਸਨ ਪਰ ਬਾਅਦ ਵਿੱਚ ਸਾਈਕਲਾਂ ਨੇ ਇਹ ਕੰਮ ਸੁਖਾਲ਼ਾ ਬਣਾ ਦਿੱਤਾ। ਲੋਕ ਉਹਨਾਂ ਨੂੰ ਦੁਆ-ਸਲਾਮ ਕਰਨਾ ਨਾ ਭੁੱਲਦੇ। ਲੰਘਦੇ-ਵੜਦਿਆਂ ਨੂੰ ਅਕਸਰ ਚਿੱਠੀਆਂ ਬਾਰੇ ਪੁੱਛਦੇ। ਉਸ ਵੇਲ਼ੇ ਟੈਲੀਫ਼ੂਨ-ਸੁਵਿਧਾ ਦੀ ਅਣਹੋਂਦ ਕਾਰਨ ਆਪਸੀ ਸੰਪਰਕ ਦਾ ਜ਼ਰੀਆ ਸਿਰਫ਼ ਚਿੱਠੀਆਂ ਹੀ ਸਨ। ਚਿੱਠੀ ਨੂੰ ਅੱਧੀ ਮੁਲਾਕਾਤ ਮੰਨਿਆ ਜਾਂਦਾ ਸੀ। ਫ਼ੌਜੀ ਅਤੇ ਨੀਮ-ਫ਼ੌਜੀ ਬਲਾਂ ਵਿੱਚ ਸੇਵਾ ਨਿਭਾ ਰਹੇ ਸੈਨਿਕਾਂ ਦੇ ਪਰਿਵਾਰਾਂ ਲਈ ਚਿੱਠੀ ਦੀ ਕਿੰਨੀ ਅਹਿਮੀਅਤ ਹੁੰਦੀ ਸੀ, ਇਹ ਤਾਂ ਉਹੀ ਜਾਣਦੇ ਸਨ। ਬਾਹਰਲੇ ਮੁਲਕਾਂ ਤੋਂ ਜਦੋਂ ਅਲੱਗ ਪਛਾਣ ਵਾਲ਼ੇ ਵਿਦੇਸ਼ੀ ਲਿਫ਼ਾਫ਼ੇ ਵਾਲ਼ੀ ਚਿੱਠੀ ਆਉਂਦੀ ਤਾਂ ਪੂਰੇ ਪਰਿਵਾਰ ਨੂੰ ਚਾਅ ਚੜ੍ਹ ਜਾਂਦਾ।

ਸਕੂਲਾਂ ਵਿੱਚ ਪੜ੍ਹਦੇ ਬੱਚੇ ਕਈ-ਕਈ ਵਾਰ ਚਿੱਠੀ ਨੂੰ ਪੜ੍ਹਦੇ, ਬਜ਼ੁਰਗਾਂ ਅਤੇ ਬਾਕੀ ਪਰਿਵਾਰਿਕ ਮੈਂਬਰਾਂ ਨੂੰ ਸੁਣਾਉਂਦੇ। ਕਈ ਪੁਰਾਣੇ ਬੰਦਿਆਂ ਨੇ ਹਾਲੇ ਵੀ ਚਿੱਠੀਆਂ ਗਹਿਣਿਆਂ ਵਾਂਗ ਸੰਭਾਲ਼ ਕੇ ਰੱਖੀਆਂ ਹੋਈਆਂ ਹਨ।

ਪਿੰਡਾਂ ਵਿਚਲੇ ਸਾਹਿਤ ਦੇ ਸ਼ੁਕੀਨਾਂ ਲਈ ਡਾਕਖ਼ਾਨੇ ਦੀ ਖ਼ਾਸ ਮਹੱਤਤਾ ਹੁੰਦੀ ਸੀ। ਵੱਖ-ਵੱਖ ਮਾਸਿਕ, ਦੋ-ਮਾਸਿਕ, ਤ੍ਰੈ-ਮਾਸਿਕ ਰਿਸਾਲੇ ਅਤੇ ਹੋਰ ਸਾਹਿਤਿਕ ਸਮਗਰੀ ਡਾਕ ਰਾਹੀਂ ਹੀ ਉਹਨਾਂ ਤੱਕ ਪਹੁੰਚਦੀ ਸੀ। ਡਾਕਖਾਨੇ ਜਾਣਾ ਉਹਨਾਂ ਦਾ ਵੀ ਨਿੱਤ-ਨੇਮ ਹੁੰਦਾ ਸੀ।

ਕਈ ਵਾਰ ਡਾਕੀਏ ਨੂੰ ਪਹੁੰਚਣ 'ਚ ਦੇਰ ਹੋ ਜਾਂਦੀ ਤਾਂ ਸਾਰਿਆਂ ਦੇ ਮੂੰਹੋਂ ਇੱਕੋ ਗੱਲ ਨਿਕਲ਼ਦੀ, "ਅੱਜ ਪਤਾ ਨੀ, ਕੀ ਗੱਲ ਹੋ ਗਈ!" ਕਈ ਵਾਰ ਡਾਕੀਆ ਬਾਹਲ਼ੀ ਦੇਰ ਵੀ ਕਰ ਦਿੰਦਾ ਪਰ ਉਡੀਕਣ ਵਾਲ਼ੇ ਟੱਸ ਤੋਂ ਮੱਸ ਨਾ ਹੁੰਦੇ। ਕਈਆਂ ਨੂੰ ਚਿੱਠੀਆਂ ਤੋਂ ਇਲਾਵਾ ਫ਼ੌਜੀਆਂ ਜਾਂ ਵਿਦੇਸ਼ ਗਏ ਪੁੱਤਾਂ ਦੇ ਪੱਤਰਾਂ ਦੀ ਉਡੀਕ ਵੀ ਹੁੰਦੀ।

ਡਾਕ ਵਾਲ਼ੀ ਥੈਲੀ ਖੁੱਲ੍ਹਣ 'ਤੇ ਸੈਂਕੜੇ ਚਿੱਠੀਆਂ ਦਾ ਢੇਰ ਲੱਗ ਜਾਂਦਾ। ਉਡੀਕ ਕਰ ਰਹੇ ਲੋਕ ਬੜੀ ਉਤਸੁਕਤਾ ਨਾਲ਼ ਦੁਆਲ਼ੇ ਘੇਰਾ ਘੱਤ ਲੈਂਦੇ। ਵੱਖ-ਵੱਖ ਪਿੰਡਾਂ ਦੀ ਡਾਕ ਛਾਂਟੀ ਹੋਣ ਤੱਕ ਉਹ ਸਾਹ ਰੋਕ ਕੇ ਖੜ੍ਹੇ ਰਹਿੰਦੇ। ਜਿਹੜੇ ਲੋਕ ਡਾਕਖ਼ਾਨੇ ਨਾ ਪਹੁੰਚ ਸਕਦੇ, ਉਹ ਰਾਹ-ਵਾਟੇ ਡਾਕੀਏ ਨੂੰ ਚਿੱਠੀ-ਪੱਤਰ ਬਾਰੇ ਪੁੱਛਦੇ। ਬਾਕੀਆਂ ਵਾਂਗ ਡਾਕੀਆ ਉਹਨਾਂ ਲਈ ਵੀ ਇੱਕ ਅਹਿਮ ਵਿਅਕਤੀ ਅਤੇ ਸਤਿਕਾਰ ਦਾ ਪਾਤਰ ਸੀ।

ਪਿੰਡਾਂ ਵਿੱਚ ਪੰਚਾਇਤੀ ਟੈਲੀਫ਼ੂਨ-ਟਾਵਰ ਲਾਏ ਗਏ। ਲੋਕਾਂ ਨੇ ਖ਼ੁਸ਼ੀ ਮਨਾਈ। ਇੱਕ ਪਿੰਡ ਦੀ ਪੰਚਾਇਤ ਦੇ ਇੱਕ ਟੈਲੀਫ਼ੂਨ ਨਾਲ਼ ਕਿੱਥੇ ਗੱਲ ਬਣਨੀ ਸੀ? ਉਹ ਵੀ ਲੰਙ-ਡੰਗ ਚੱਲਦੇ। ਚਿੱਠੀਆਂ ਦਾ ਸਿਲਸਿਲਾ ਚੱਲਦਾ ਰਿਹਾ।

ਕੁਝ ਸਾਲਾਂ ਬਾਅਦ ਸੜਕ ਦੇ ਨਾਲ਼-ਨਾਲ਼ ਡੂੰਘੀਆਂ ਖਾਈਆਂ ਪਿੰਡਾਂ ਵੱਲ ਨੂੰ ਪੁੱਟੀਆਂ ਜਾਣੀਆਂ ਸ਼ੁਰੂ ਹੋਈਆਂ ਜੋ ਕੁਝ ਦਿਨਾਂ ਵਿੱਚ ਹੀ ਪਿੰਡਾਂ ਦੀਆਂ ਫਿਰਨੀਆਂ ਦੁਆਲ਼ੇ ਘੁੰਮਦੀਆਂ ਹੋਈਆਂ ਪਿੰਡ ਵਿੱਚ ਜਾ ਵੜੀਆਂ। ਫਿਰ ਮਹੱਲਿਆਂ ਦੀਆਂ ਗਲ਼ੀਆਂ ਵੱਲ ਨੂੰ ਇਸ ਦੀਆਂ ਸ਼ਾਖਾਵਾਂ ਫੁੱਟ ਪਈਆਂ। ਤਾਰਾਂ ਵਿਛੀਆਂ। ਪਿੰਡਾਂ ਵਿੱਚ ਹੌਲੀ-ਹੌਲੀ ਸ਼ੁਰੂ ਹੋ ਗਈ। ਚਿੱਠੀਆਂ, ਖ਼ਬਰਾਂ ਅਤੇ ਜ਼ਰੂਰੀ ਕਾਗ਼ਜ਼ਾਤ ਦੇਸ-ਵਿਦੇਸ਼ ਤੱਕ ਭੇਜਣ ਲਈ ਫ਼ੈਕਸ ਦੀ ਸਹੂਲਤ ਸ਼ਹਿਰਾਂ ਤੋਂ ਹੁੰਦੀ ਹੋਈ ਛੋਟੇ ਕਸਬਿਆਂ ਤੱਕ ਵੀ ਪਹੁੰਚ ਗਈ। ਪਿੰਡਾਂ ਵਿਚਲੇ ਐੱਸ .ਟੀ .ਡੀ.ਬੂਥਾਂ 'ਤੇ ਲੋਕ ਆਪਣੀ ਵਾਰੀ ਦੀ ਉਡੀਕ ਕਰਨ ਲੱਗੇ।

ਡਾਕ ਵਾਲ਼ੀ ਥੈਲੀ ਵਿੱਚ ਚਿੱਠੀਆਂ ਦੀ ਗਿਣਤੀ ਲਗਾਤਾਰ ਘਟਣ ਲੱਗੀ। ਰਹਿੰਦੀ ਕਸਰ ਮੋਬਾਈਲ ਅਤੇ ਇੰਟਰਨੈੱਟ-ਸੇਵਾ ਨੇ ਕੱਢ ਦਿੱਤੀ। ਬਿਜਲਈ ਚਿੱਠੀਆਂ (ਈ-ਮੇਲ) ਦਾ ਜ਼ਮਾਨਾ ਆ ਗਿਆ। ਸੋਸ਼ਲ - ਮੀਡੀਏ ਨੇ ਤਾਂ ਚਿੱਠੀਆਂ ਵਾਲ਼ੇ ਲੰਮੇ ਸਫ਼ਰ ਨੂੰ ਸਕਿੰਟਾਂ ਵਿੱਚ ਤਬਦੀਲ ਕਰ ਕੇ ਹੋਰ ਵੀ ਨੇੜੇ ਲੈ ਆਂਦਾ ਹੈ। ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ। ਬਦਲਾਅ ਨੂੰ ਕਬੂਲ ਕੇ ਹੀ ਸਮੇਂ ਦੇ ਹਾਣੀ ਬਣਿਆ ਜਾ ਸਕਦਾ ਹੈ।

## ਪਾਠ- ਅਭਿਆਸ

**ਪ੍ਰਸ਼ਨ :1. ਠੀਕ ਉੱਤਰ ਸਾਹਮਣੇ ਸਹੀ (✓) ਦਾ ਨਿਸ਼ਾਨ ਲਾਓ :**

(ੳ) ਡਾਕਖ਼ਾਨੇ ਵਿੱਚ ਡਾਕ ਉਡੀਕਣ ਵਾਲ਼ਿਆਂ ਦਾ ਤਾਂਤਾ ਕਦੋਂ ਲੱਗਦਾ ਸੀ?

(i) ਸਾਰਾ ਦਿਨ (ii) ਦੁਪਹਿਰ ਸਮੇਂ

(iii) ਸਵੇਰੇ-ਸਵੇਰੇ (iv) ਤਕਾਲ਼ਾਂ ਵੇਲ਼ੇ

(ਅ) ਡਾਕ ਉਡੀਕਣ ਵਾਲ਼ੇ ਕਿਹੜੇ-ਕਿਹੜੇ ਵਿਸ਼ਿਆਂ 'ਤੇ ਚਰਚਾ ਕਰਦੇ ਸਨ?

(i) ਪੜ੍ਹਾਈ-ਲਿਖਾਈ ਸੰਬੰਧੀ (ii) ਪਿੰਡਾਂ ਦੇ ਵਿਕਾਸ ਬਾਰੇ

(iii) ਵੱਖ-ਵੱਖ ਵਿਸ਼ਿਆਂ 'ਤੇ (iv) ਸਾਰੇ ਚੁੱਪ ਰਹਿੰਦੇ

(ੲ) ਪਿੰਡਾਂ ਦੇ ਸਾਹਿਤਿਕ ਸ਼ੁਕੀਨਾਂ ਲਈ ਡਾਕਖ਼ਾਨੇ ਦਾ ਕੀ ਮਹੱਤਵ ਹੁੰਦਾ ਸੀ?

(i) ਵਿਹਲਾ ਸਮਾਂ ਬਿਤਾਉਣ ਕਰਕੇ (ii) ਰਿਸਾਲੇ ਅਤੇ ਸਾਹਿਤਿਕ ਸਮਗਰੀ ਕਰਕੇ

(iii) ਗੱਲਾਂ ਸੁਣਨ ਲਈ (iv) ਉਪਰੋਕਤ ਵਿੱਚੋਂ ਕੋਈ ਵੀ ਨਹੀਂ

(ਸ) ਫ਼ੈਕਸ ਰਾਹੀਂ ਕਿਹੜੀ ਸਹੂਲਤ ਪ੍ਰਾਪਤ ਹੁੰਦੀ ਹੈ?

(i) ਗੱਲ-ਬਾਤ ਕੀਤੀ ਜਾ ਸਕਦੀ ਹੈ।

(ii) ਲਿਖਤੀ ਕਾਗ਼ਜ਼ ਭੇਜਿਆ ਜਾ ਸਕਦਾ ਹੈ।

(iii) ਫੋਟੋਆਂ ਭੇਜੀਆਂ ਜਾ ਸਕਦੀਆਂ ਹਨ।

(iv) ਵਿਅਕਤੀ ਸਫ਼ਰ ਕਰ ਸਕਦੇ ਹਨ।

**ਪ੍ਰਸ਼ਨ :2. ਛੋਟੇ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਪਿੰਡਾਂ ਦੇ ਡਾਕਖ਼ਾਨਿਆਂ ਵਿੱਚ ਭੀੜ ਕਿਉਂ ਜੁੜਦੀ ਸੀ?

(ਅ) ਡਾਕਖ਼ਾਨੇ ਦੇ ਕੰਮ-ਕਾਜ ਦਾ ਸਮਾਂ ਕਿਹੜਾ ਹੁੰਦਾ ਸੀ?

(ੲ) ਸ਼ਾਮ ਦੀ ਡਾਕ ਉਡੀਕਣ ਵਾਲ਼ਿਆਂ ਵਿੱਚ ਕੌਣ-ਕੌਣ ਹੁੰਦੇ ਸਨ?

(ਸ) ਪਿੰਡਾਂ ਵਿੱਚ ਡਾਕ ਵੰਡਣ ਦੀ ਜ਼ੁੰਮੇਵਾਰੀ ਕੌਣ ਨਿਭਾਉਂਦਾ ਸੀ?

(ਹ) ਟੈਲੀਫ਼ੂਨ-ਸਹੂਲਤ ਆਉਣ ਨਾਲ਼ ਕੀ ਫ਼ਰਕ ਪਿਆ?

(ਕ) ਟੈਲੀਫ਼ੂਨ ਤੋਂ ਬਾਅਦ ਹੋਰ ਕਿਹੜੀਆਂ ਸਹੂਲਤਾਂ ਆਈਆਂ?

**ਪ੍ਰਸ਼ਨ:3. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :**

(ੳ) ਸ਼ਾਮ ਵੇਲ਼ੇ ਡਾਕਖ਼ਾਨੇ 'ਚ ਕਿਹੜੇ-ਕਿਹੜੇ ਵਿਸ਼ਿਆਂ 'ਤੇ ਚੁੰਝ-ਚਰਚਾ ਹੁੰਦੀ ਸੀ?

(ਅ) ਡਾਕ ਆਉਣ ਵੇਲ਼ੇ ਕਿਹੋ-ਜਿਹਾ ਮਾਹੌਲ ਹੁੰਦਾ ਸੀ?

(ੲ) ਲੋਕ ਡਾਕੀਏ ਦਾ ਸਤਿਕਾਰ ਕਿਵੇਂ ਕਰਦੇ ਸਨ?

(ਸ) ਵਿਦੇਸ਼ ਤੋਂ ਆਈ ਚਿੱਠੀ ਕਾਰਨ ਪਰਿਵਾਰਿਕ ਮਾਹੌਲ ਕਿਹੋ-ਜਿਹਾ ਬਣ ਜਾਂਦਾ ਸੀ?

(ਹ) ਡਾਕੀਏ ਦੀ ਦੇਰੀ ਕਾਰਨ ਲੋਕਾਂ ਦਾ ਕੀ ਪ੍ਰਤਿਕਰਮ ਹੁੰਦਾ ਸੀ?

(ਕ) ਅਜੋਕੇ ਸਮੇਂ ਵਿੱਚ ਚਿੱਠੀਆਂ ਦੀ ਥਾਂ ਕਿਹੜੀ ਸਹੂਲਤ ਨੇ ਲੈ ਲਈ ਹੈ ਅਤੇ ਸੰਚਾਰ ਦੇ ਹੋਰ ਕਿਹੜੇ-ਕਿਹੜੇ ਸਾਧਨ ਪ੍ਰਚਲਿਤ ਹੋ ਗਏ ਹਨ?

**ਪ੍ਰਸ਼ਨ: 4. ਵਾਕਾਂ ਵਿੱਚ ਵਰਤੋ :-**

ਦੂਰ-ਦੁਰਾਡੇ, ਭੀੜ, ਵਰਨਣ, ਸਿਲਸਿਲਾ, ਸੁਖਾਲ਼ਾ, ਸੁਵਿਧਾ, ਨਿੱਤ-ਨੇਮ, ਤਬਦੀਲ

**ਪ੍ਰਸ਼ਨ:5 . ਖਾਲੀ ਥਾਂਵਾਂ ਭਰੋ :-**

(ੳ) 'ਪਹੁੰਚਦਾ ਈ ਚਿੱਠੀ ਲਿਖ ਦਈਂ, ਮੇਰਾ ਪੁੱਤ ! ਆਪਣੀ—————— ਦੀ।"

(ਅ) ਪਿੰਡਾਂ ਦੀਆਂ ਛੋਟੀਆਂ-ਛੋਟੀਆਂ ਸਮੱਸਿਆਵਾਂ ਤੋਂ ਲੈ ਕੇ ਦੇਸਾਂ-ਵਿਦੇਸ਼ਾਂ ਦੀ —————— ਤੱਕ ਦੀਆਂ ਗੱਲਾਂ ਇੱਥੇ ਹੁੰਦੀਆਂ।

(ੲ) ਲੋਕ ਉਹਨਾਂ ਨੂੰ —————— ਕਰਨਾ ਨਾ ਭੁੱਲਦੇ।

(ਸ) ਚਿੱਠੀ ਨੂੰ ————— ਮੰਨਿਆ ਜਾਂਦਾ ਸੀ।

(ਹ) ਮਹੱਲਿਆਂ ਦੀਆਂ ਗਲ਼ੀਆਂ ਵੱਲ ਨੂੰ ਇਸ ਦੀਆਂ —————— ਫੁੱਟ ਪਈਆਂ।

(ਕ) ਪਿੰਡਾਂ ਵਿਚਲੇ ——————— ਬੂਥਾਂ 'ਤੇ ਲੋਕ ਆਪਣੀ ਵਾਰੀ ਦੀ ਉਡੀਕ ਕਰਨ ਲੱਗੇ।

(ਖ) —————— ਦਾ ਜ਼ਮਾਨਾ ਆ ਗਿਆ।

**ਪ੍ਰਸ਼ਨ: 6 . ਵਚਨ ਬਦਲੋ :**

ਸ਼ਾਖਾਵਾਂ

ਸਮੱਸਿਆਵਾਂ

ਰਿਸਾਲੇ

ਥੈਲੀ

ਖਾਈ

ਖ਼ਬਰ

**ਪ੍ਰਸ਼ਨ:7 . ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਉਡੀਕ | | |
| ਸਿਆਲ਼ | | |
| ਸਮੱਸਿਆ | | |
| ਲਗਾਤਾਰ | | |
| ਮੁਲਾਕਾਤ | | |
| ਨਿੱਤ-ਨੇਮ | | |
| ਸਫ਼ਰ | | |
| ਬਦਲਾਅ | | |

**ਅਧਿਆਪਕਾਂ ਲਈ :-**

ਸਮੇਂ ਦੇ ਨਾਲ-ਨਾਲ ਆ ਰਹੀਆਂ ਤਬਦੀਲੀਆਂ ਬਾਰੇ ਵਿਦਿਆਰਥੀਆਂ ਨਾਲ਼ ਜਾਣਕਾਰੀ ਸਾਂਝੀ ਕੀਤੀ ਜਾਵੇ।

ਪਾਠ-25

# ਘਰ ਦਾ ਜਿੰਦਰਾ

ਪਾਤਰ:

ਵਿਸ਼ਵਜੀਤ ਅਤੇ ਗੁਰਸਿਮਰ-ਲੜਕੇ

ਰਿਧਿਮਾ, ਵੰਦਨਾ, ਆਕ੍ਰਿਤੀ, ਸਾਨੀਆ-ਲੜਕੀਆਂ

(ਅੱਧੀ ਛੁੱਟੀ ਦੀ ਘੰਟੀ ਵੱਜਦੀ ਹੈ। ਉਪਰੋਕਤ ਸਾਰੇ ਵਿਦਿਆਰਥੀ ਹੱਥ ਧੋਣ ਉਪਰੰਤ ਆਪੋ-ਆਪਣੇ ਟਿਫ਼ਨ ਖੋਲ੍ਹਦੇ ਹਨ।)

ਵਿਸ਼ਵਜੀਤ : ਰਿਧਿਮਾ, ਅੱਜ ਤੂੰ ਪਰੌਂਠਾ ਨਹੀਂ ਲੈ ਕੇ ਆਈ?

ਰਿਧਿਮਾ : ਮੇਰੇ ਮੰਮੀ ਬਿਮਾਰ ਸਨ। ਉਹਨਾਂ ਤੋਂ ਸਵੇਰੇ ਜਲਦੀ ਉੱਠਿਆ ਨਹੀਂ ਗਿਆ।

ਵੰਦਨਾ : ਅੱਛਾ! ਤਾਂ ਹੀ ਤੂੰ ਟਿਫ਼ਨ ਵਿੱਚ ਬਿਸਕੁਟ ਲੈ ਕੇ ਆਈ ਏਂ!

ਰਿਧਿਮਾ : ਹਾਂ.....।

ਆਕ੍ਰਿਤੀ : ਰਿਧਿਮਾ, ਅਸੀਂ ਤੈਨੂੰ ਥੋੜ੍ਹੀ-ਥੋੜ੍ਹੀ ਰੋਟੀ ਦੇ ਦਿੰਦੇ ਹਾਂ। ਤੈਨੂੰ ਭੁੱਖ ਲੱਗੀ ਹੋਵੇਗੀ।

ਸਾਨੀਆ : ਹਾਂ ਰਿਧਿਮਾ, ਤੂੰ ਤਾਂ ਸਵੇਰੇ ਨਾਸ਼ਤਾ ਵੀ ਨਹੀਂ ਕੀਤਾ ਹੋਣਾ।

ਰਿਧਿਮਾ : ਨਾਸ਼ਤਾ ਤਾਂ ਨਹੀਂ ਕੀਤਾ ਪਰ ਮੈਂ ਦੁੱਧ ਦਾ ਗਲਾਸ ਪੀ ਕੇ ਆਈ ਹਾਂ।

ਗੁਰਸਿਮਰ : ਜਦੋਂ ਮੇਰੇ ਮੰਮੀ ਬਿਮਾਰ ਹੁੰਦੇ ਨੇ, ਮੇਰੇ ਦਾਦੀ ਜੀ ਤਿਆਰ ਕਰ ਦਿੰਦੇ ਹਨ, ਮੇਰਾ ਟਿਫ਼ਨ...। ਉਂਞ ਵੀ ਉਹ ਮੈਨੂੰ ਕਦੇ ਚੂਰੀ ਕੁੱਟ ਕੇ ਦਿੰਦੇ ਨੇ, ਕਦੇ ਗੁਲਗੁਲੇ ਪਕਾ ਦਿੰਦੇ ਨੇ.....। ਸਾਉਣ ਦੇ ਮਹੀਨੇ ਖੀਰ-ਪੂੜੇ ਵੀ ਉਹ ਹੀ ਬਣਾਉਂਦੇ ਹਨ।

ਸਾਨੀਆ : ਮੇਰੇ ਵੀ ਨਾਨੀ ਜੀ ਬਣਾ ਦਿੰਦੇ ਨੇ, ਮੇਰੇ ਲਈ ਪਰੌਂਠੇ ਤੇ ਸਬਜ਼ੀ। ਉਹ ਗੁੜ ਵਾਲ਼ੇ ਮਿੱਠੇ ਚਾਵਲ ਵੀ ਬਹੁਤ ਸੁਆਦ ਬਣਾਉਂਦੇ ਨੇ।

ਆਕ੍ਰਿਤੀ : ਮੇਰੇ ਨਾਨੀ ਜੀ ਵੀ ਆਲੂ ਦੇ ਪਰੌਂਠੇ ਬਹੁਤ ਸੁਆਦ ਬਣਾਉਂਦੇ ਨੇ।

ਵੰਦਨਾ : ਸਾਨੀਆ, ਤੁਹਾਡੇ ਨਾਨੀ ਜੀ ਤੁਹਾਡੇ ਕੋਲ਼ ਹੀ ਰਹਿੰਦੇ ਹਨ?

ਸਾਨੀਆ : ਨਹੀਂ, ਅਸੀਂ ਨਾਨੀ ਜੀ ਕੋਲ਼ ਰਹਿੰਦੇ ਹਾਂ। ਮਾਸੀ ਜੀ ਮੇਰੇ 'ਅਮਰੀਕਾ' ਰਹਿੰਦੇ ਨੇ। ਮਾਮਾ ਜੀ ਕੋਈ ਹੈ ਨਹੀਂ.........।

ਵੰਦਨਾ : ਅੱਛਾ!

ਸਾਨੀਆ : ਮੇਰੇ ਨਾਨਾ-ਨਾਨੀ ਮਾਸੀ ਜੀ ਦੇ ਵਿਆਹ ਤੋਂ ਬਾਅਦ ਬਹੁਤ ਉਦਾਸ ਰਹਿਣ ਲੱਗ ਪਏ ਸਨ। ਨਾਨਾ ਜੀ ਤਾਂ ਇੱਕ ਵਾਰ ਬਹੁਤ ਜ਼ਿਆਦਾ ਬਿਮਾਰ ਹੋ ਗਏ ਸਨ। ਉਹਨਾਂ ਦੀ ਸੰਭਾਲ਼ ਲਈ ਹੀ ਮੇਰੇ ਮੰਮੀ-ਪਾਪਾ ਨੇ ਆਪਣੀ ਬਦਲੀ ਇੱਥੋਂ ਦੀ ਕਰਵਾ ਲਈ ਹੈ।

ਰਿਧਿਮਾ : ਤੁਸੀਂ ਬਹੁਤ ਚੰਗਾ ਕੀਤਾ, ਉਹਨਾਂ ਕੋਲ਼ ਆ ਕੇ।

ਆਕ੍ਰਿਤੀ : ਮਾਂ-ਬਾਪ ਆਪਣੇ ਬੱਚਿਆਂ ਨੂੰ ਕਿੰਨੇ ਲਾਡਾਂ-ਪਿਆਰਾਂ ਨਾਲ਼ ਪਾਲ਼ਦੇ ਨੇ, ਪੜ੍ਹਾਉਂਦੇ ਨੇ ਅਤੇ ਉਹਨਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਦੇ ਨੇ——, ਜਿਵੇਂ

ਸਾਡੇ ਮੰਮੀ-ਪਾਪਾ ਸਾਡੇ ਲਈ ਕਰਦੇ ਨੇ। ਸਾਡੇ ਦਾਦਾ-ਦਾਦੀ ਤੇ ਨਾਨਾ-ਨਾਨੀ ਨੇ ਵੀ ਪਾਪਾ ਮੰਮੀ ਲਈ ਇਵੇਂ ਹੀ ਕੀਤਾ ਹੋਵੇਗਾ....।

ਵਿਸ਼ਵਜੀਤ : ਮਾਪੇ ਆਪਣੇ ਬੱਚਿਆਂ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿੰਦੇ ਨੇ.... ਪਰ ਅੱਜ-ਕੱਲ੍ਹ ਦੇ ਬੱਚੇ ਮਾਪਿਆਂ ਪ੍ਰਤਿ ਆਪਣੀ ਜ਼ੁੰਮੇਵਾਰੀ ਨਹੀਂ ਸਮਝਦੇ।

ਗੁਰਸਿਮਰ : ਅੱਜ ਤਾਂ ਤੁਹਾਡੇ ਸਭ ਉੱਤੇ ਪੰਜਾਬੀ ਵਾਲ਼ੇ ਅਮਿਤੋਜ ਸਰ ਦੇ ਭਾਸ਼ਣ ਦਾ ਅਸਰ ਹੋਇਆ ਲੱਗਦੈ। ਬੜੀਆਂ ਸਿਆਣੀਆਂ -ਸਿਆਣੀਆਂ ਗੱਲਾਂ ਕਰ ਰਹੇ ਹੋ!

ਵੰਦਨਾ : 'ਅਮਿਤੋਜ ਸਰ' ਨੇ ਅੱਜ ਸਵੇਰ ਦੀ ਸਭਾ ਵਿੱਚ 'ਘਰ ਵਿੱਚ ਬਜ਼ੁਰਗਾਂ ਦੀ ਲੋੜ' ਵਿਸ਼ੇ ਉੱਤੇ ਬਹੁਤ ਵਧੀਆ ਭਾਸ਼ਣ ਦਿੱਤਾ ਸੀ।

ਰਿਧਿਮਾ : ਤੁਹਾਨੂੰ ਪਤੈ! 'ਸਰ' ਹਰ ਮਹੀਨੇ ਤਨਖ਼ਾਹ ਲੈਣ ਤੋਂ ਬਾਅਦ ਬਜ਼ੁਰਗਾਂ ਲਈ ਬਣੇ ਬਿਰਧ- ਆਸ਼ਰਮ ਵਿੱਚ ਜਾਂਦੇ ਨੇ। ਲੋੜਵੰਦਾਂ ਨੂੰ ਦਵਾਈ ਆਦਿ ਲੈ ਕੇ ਦਿੰਦੇ ਨੇ— ਨਾਲ਼ੇ ਉਹਨਾਂ ਨਾਲ਼ ਦੁੱਖ-ਸੁੱਖ ਦੀਆਂ ਗੱਲਾਂ ਵੀ ਕਰਦੇ ਨੇ, ਉੱਥੇ ਜਾ ਕੇ....।'

ਸਾਨੀਆ : ਤੈਨੂੰ ਕਿਵੇਂ ਪਤਾ, ਇਹਨਾਂ ਗੱਲਾਂ ਦਾ ?

ਰਿਧਿਮਾ : ਮੈਨੂੰ ਦਸਵੀਂ ਜਮਾਤ ਦੀ ਇੱਕ ਕੁੜੀ ਨੇ ਦੱਸਿਆ ਸੀ। ਅਮਿਤੋਜ ਸਰ ਉਹਨਾਂ ਦੇ ਘਰ ਕੋਲ਼ ਰਹਿੰਦੇ ਨੇ।

ਵਿਸ਼ਵਜੀਤ : ਅੱਜ ਤਾਂ ਮੈਨੂੰ ਆਪਣੇ ਦਾਦਾ-ਦਾਦੀ ਬਹੁਤ ਯਾਦ ਆ ਰਹੇ ਨੇ....।

ਗੁਰਸਿਮਰ : ਉਹ ਕਿੱਥੇ ਰਹਿੰਦੇ ਨੇ?

ਵਿਸ਼ਵਜੀਤ : ਉਹ ਤਾਂ ਪਿੰਡ ਹੀ ਰਹਿੰਦੇ ਨੇ। ਕਦੇ-ਕਦੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਅਸੀਂ ਉੱਥੇ ਜਾਂਦੇ ਹਾਂ ਪਰ ਉੱਥੇ ਗਰਮੀ ਬਹੁਤ ਹੁੰਦੀ ਐ..... ਬਿਜਲੀ ਵੀ ਘੱਟ ਹੀ ਆਉਂਦੀ। ਉੱਥੇ ਰਹਿਣਾ ਬਹੁਤ ਔਖਾ ਹੈ।

ਵੰਦਨਾ : ਤੇਰੇ ਦਾਦਾ-ਦਾਦੀ ਵੀ ਉੱਥੇ ਗਰਮੀ ਵਿੱਚ ਹੀ ਰਹਿੰਦੇ ਨੇ.... ਉਹਨਾਂ ਨੂੰ ਵੀ ਤਾਂ ਔਖਾ ਲੱਗਦਾ ਹੋਊ!

ਵਿਸ਼ਵਜੀਤ : ਮੈਂ ਤਾਂ ਆਪ ਚਾਹੁੰਦਾ ਹਾਂ ਕਿ ਉਹ ਸਾਡੇ ਕੋਲ਼ ਰਹਿਣ। ਸਾਡੇ ਘਰ ਵਿੱਚ ਏ. ਸੀ., ਪੱਖੇ, ਕੂਲਰ ਸਭ ਕੁਝ ਹੈ। ਸ਼ਹਿਰਾਂ ਵਿੱਚ ਤਾਂ ਬਿਜਲੀ ਦੇ ਕੱਟ ਵੀ ਘੱਟ ਹੀ ਲੱਗਦੇ ਨੇ....।"

ਵੰਦਨਾ : ਤੇਰੇ ਪਾਪਾ ਨੂੰ ਅਫ਼ਸਰ ਬਣਾਉਣ ਵਾਲ਼ੇ ਉਹਨਾਂ ਦੇ ਮਾਪੇ ਗਰਮੀ ਵਿੱਚ ਰਹਿੰਦੇ ਨੇ ਤੇ ਤੁਸੀਂ ਸਾਰੇ ਮੌਜਾਂ ਕਰਦੇ ਹੋ। ਇਹਨਾਂ ਸੁੱਖ-ਸਹੂਲਤਾਂ ਉੱਤੇ ਤੇਰੇ ਦਾਦਾ-ਦਾਦੀ ਜੀ ਹੋਰਾਂ ਦਾ ਵੀ ਓਨਾ ਹੀ ਹੱਕ ਹੈ.....। ਮੇਰੇ ਦਾਦੀ ਤੇ ਦਾਦਾ ਜੀ ਤਾਂ ਸਾਡੇ ਨਾਲ਼ ਹੀ ਰਹਿੰਦੇ ਨੇ।

ਆਕ੍ਰਿਤੀ : ਮੇਰੇ ਦਾਦੀ ਜੀ ਹੋਰੀਂ ਵੀ ਸਾਡੇ ਕੋਲ਼ ਹੀ ਰਹਿੰਦੇ ਨੇ। ਜਦੋਂ ਉਹ ਪੁਰਾਣੇ ਸਮੇਂ ਦੀਆਂ ਗੱਲਾਂ ਸੁਣਾਉਂਦੇ ਨੇ ਤਾਂ ਬਹੁਤ ਅਨੰਦ ਆਉਂਦਾ, ਸੁਣ ਕੇ।

ਵੰਦਨਾ : ਮੈਂ ਤਾਂ ਸ਼ਾਮ ਨੂੰ ਆਪਣੇ ਦਾਦੀ ਜੀ ਨਾਲ਼ ਸੈਰ ਕਰਨ ਜਾਂਦੀ ਹਾਂ। ਉਹ ਵੀ ਮੈਨੂੰ ਬਹੁਤ ਗੱਲਾਂ ਸੁਣਾਉਂਦੇ ਨੇ। ਕਹਾਣੀਆਂ ਵੀ ਬਹੁਤ ਯਾਦ ਨੇ ਉਹਨਾਂ ਨੂੰ, ਰੋਜ਼ ਨਵੀਂ ਕਹਾਣੀ ਸੁਣਾਉਂਦੇ ਨੇ, ਮੈਨੂੰ....।

ਰਿਧਿਮਾ : ਮੈਂ ਤਾਂ ਸਕੂਲ ਜਾ ਕੇ ਵੀ ਘਰੇ ਇੱਕਲੀ ਹੀ ਰਹਿੰਦੀ ਹਾਂ। ਮੇਰੇ ਮੰਮੀ -ਪਾਪਾ ਤਾਂ ਸਾਢੇ ਪੰਜ ਵਜੇ ਆਉਂਦੇ ਨੇ, ਡਿਊਟੀ ਤੋਂ।

ਗੁਰਸਿਮਰ : ਤੈਨੂੰ ਔਖਾ ਨਹੀਂ ਲੱਗਦਾ, ਇਕੱਲੇ ਰਹਿਣਾ?

ਰਿਧਿਮਾ : ਬਹੁਤ ਔਖਾ ਲੱਗਦੈ। ਮੈਂ ਤਾਂ ਅੰਦਰੋਂ ਜਿੰਦਰਾ ਲਾ ਲੈਂਦੀ ਹਾਂ, ਮੇਨ-ਗੇਟ ਨੂੰ। ਦਿਨ ਵੇਲ਼ੇ ਤਾਂ ਨੀਂਦ ਵੀ ਨਹੀਂ ਆਉਂਦੀ।

ਗੁਰਸਿਮਰ : ਨਾ ਬਈ, ਮੈਂ ਤਾਂ ਇਕੱਲਾਂ ਨਹੀਂ ਰਹਿ ਸਕਦਾ....।

ਵਿਸ਼ਵਜੀਤ : ਗੁਰਸਿਮਰ ! ਤੁਸੀਂ ਤਾਂ ਭਾਗਾਂ ਵਾਲ਼ੇ ਹੋ....।

ਰਿਧਿਮਾ : (ਹਉਕਾ ਭਰ ਕੇ) ਕਾਸ਼ ! ਮੇਰੇ ਦਾਦਾ-ਦਾਦੀ ਵੀ ਸਾਡੇ ਕੋਲ਼ ਹੀ ਰਹਿੰਦੇ ਹੁੰਦੇ....।

ਵੰਦਨਾ : ਤੁਸੀਂ ਹੁਣ ਲਿਆਓ, ਉਹਨਾਂ ਨੂੰ ਆਪਣੇ ਕੋਲ਼....।

ਰਿਧਿਮਾ : ਸਾਡਾ ਘਰ ਛੋਟਾ ਹੈ, ਨਾ....! ਮੰਮੀ ਕਹਿੰਦੇ ਨੇ ਉਹਨਾਂ ਨੂੰ ਕਿਹੜਾ ਕਮਰਾ ਦੇਵਾਂਗੇ?

ਵੰਦਨਾ : ਤੇਰਾ ਕਮਰਾ ਵੀ ਤਾਂ ਖੁੱਲ੍ਹਾ ਹੈ, ਉੱਥੇ ਹੀ ਰਹਿ ਸਕਦੇ ਨੇ, ਉਹ ਵੀ।

ਰਿਧਿਮਾ : ਹਾਂ, ਇਹ ਤਾਂ ਮੈਂ ਵੀ ਕਿਹਾ ਸੀ, ਇੱਕ ਵਾਰ। ਪਰ ਮੰਮੀ-ਪਾਪਾ ਕਹਿੰਦੇ ਨੇ ਫਿਰ ਤੂੰ ਉਹਨਾਂ ਨਾਲ਼ ਹੀ ਗੱਲਾਂ ਕਰਨ ਲੱਗੀ ਰਿਹਾ ਕਰੇਂਗੀ, ਪੜ੍ਹਨਾ ਵੀ ਨਹੀਂ, ਫਿਰ ਤੂੰ....।

ਆਕ੍ਰਿਤੀ : ਇਹ ਤਾਂ ਗ਼ਲਤ ਗੱਲ ਐ।

ਸਾਨੀਆ : ਹੋਰ ਕੀ ! ਤੇਰੇ ਪਾਪਾ ਨੂੰ ਵੀ ਤਾਂ ਉਹਨਾਂ ਨੇ ਹੀ ਪੜ੍ਹਾਇਆ ਹੈ, ਨਾ !

ਰਿਧਿਮਾ : ਪਰ ਉਹ ਸਮਝਦੇ ਹੀ ਨਹੀਂ, ਮੇਰੀ ਸਮੱਸਿਆ।

ਵਿਸ਼ਵਜੀਤ : ਰਿਧਿਮਾ ਤੇਰਾ ਵੀ ਮੇਰੇ ਵਾਲ਼ਾ ਹੀ ਹਾਲ ਐ। ਮੇਰੇ ਦਾਦੀ ਜੀ ਮੇਰੇ ਤਾਇਆ ਜੀ ਕੋਲ਼ ਰਹਿੰਦੇ ਨੇ, ਪਿੰਡ ਵਿੱਚ। ਤਾਇਆ ਜੀ ਖੇਤੀ-ਬਾੜੀ ਕਰਦੇ ਨੇ ਅਤੇ ਮੱਝਾਂ-ਗਾਂਵਾਂ ਵੀ ਰੱਖਦੇ ਨੇ। ਮੇਰੇ ਦਾਦੀ ਜੀ ਸਾਨੂੰ ਸਿਆਲ਼ਾਂ ਵਿੱਚ ਖੋਏ ਦੀਆਂ ਪਿੰਨੀਆਂ ਤੇ ਗਜਰੇਲਾ ਬਣਾ ਕੇ ਭੇਜਦੇ ਨੇ, ਹਰ ਸਾਲ।

ਗੁਰਸਿਮਰ : ਹਾਂ, ਵਿਸ਼ਵ, ਜਦ ਮੈਂ ਤੇਰੇ ਘਰ ਗਿਆ ਸੀ, ਤੂੰ ਮੈਨੂੰ ਖਾਣ ਲਈ ਦਿੱਤੀਆਂ ਸਨ, ਪਿੰਨੀਆਂ।

ਆਕ੍ਰਿਤੀ : ਸਾਨੂੰ ਵੀ ਖੁਆਈਂ, ਇਸ ਵਾਰ....।'

ਵਿਸ਼ਵਜੀਤ : ਜ਼ਰੂਰ ! ਜ਼ਰੂਰ !!

ਸਾਨੀਆ : ਅੱਜ ਤਾਂ ਖਾਣੇ ਨਾਲ਼ੋਂ ਜਿਆਦਾ ਗੱਲ਼ਾਂ ਨਾਲ਼ ਪੇਟ ਭਰਿਆ, ਆਪਾਂ ਨੇ—।

(ਸਾਰੇ ਹੱਸਦੇ ਹਨ। ਪਰ ਵਿਸ਼ਵਜੀਤ ਅਤੇ ਰਿਧਿਮਾ ਚੁੱਪ ਅਤੇ ਉਦਾਸ ਹਨ)

ਵੰਦਨਾ : ਜਿਨ੍ਹਾਂ ਦੀਆਂ ਮੰਮੀਆਂ ਵੀ ਨੌਕਰੀ ਕਰਦੀਆਂ ਨੇ, ਉਹਨਾਂ ਦੇ ਦਾਦਾ-ਦਾਦੀ ਨੂੰ ਉਹਨਾਂ ਬੱਚਿਆਂ ਕੋਲ਼ ਜ਼ਰੂਰ ਰਹਿਣਾ ਚਾਹੀਦੈ।

ਗੁਰਸਿਮਰ : ਇਹ ਕੀ ਗੱਲ ਹੋਈ, ਭਲਾ?

ਸਾਨੀਆ : ਸਾਰੇ ਮਾਪਿਆਂ ਨੂੰ ਚਾਹੀਦੈ ਕਿ ਉਹ ਆਪਣੇ ਮਾਂ-ਬਾਪ ਨੂੰ ਆਪਣੇ ਨਾਲ਼ ਰੱਖਣ ਅਤੇ ਉਹਨਾਂ ਦੀ ਸੇਵਾ ਕਰਨ।

ਗੁਰਸਿਮਰ : ਹਾਂ, ਇਹ ਠੀਕ ਐ। ਮੇਰੇ ਮੰਮੀ ਨੌਕਰੀ ਨਹੀਂ ਕਰਦੇ। ਮੇਰੇ ਦਾਦਾ-ਦਾਦੀ ਸਾਡੇ ਕੋਲ਼ ਹੀ

ਰਹਿੰਦੇ ਨੇ। ਮੰਮੀ ਤੇ ਦਾਦੀ ਜੀ ਮਿਲ਼ ਕੇ ਘਰ ਦਾ ਸਾਰਾ ਕੰਮ ਕਰ ਲੈਂਦੀਆਂ ਨੇ....। ਜੇ ਕਦੇ ਮੇਰੇ ਭੂਆ ਜੀ ਆਏ ਹੋਣ, ਫਿਰ ਤਾਂ ਰੌਣਕਾਂ ਹੀ ਲੱਗ ਜਾਂਦੀਆਂ ਨੇ....।'

ਰਿਧਿਮਾ : ਮੇਰੀ ਤਾਂ ਕੋਈ ਭੂਆ ਵੀ ਨਹੀਂ....। ਮੇਰਾ ਤਾਂ ਛੋਟਾ ਭਰਾ ਵੀ ਕ੍ਰੈੱਚ (ਬਾਲ ਸੰਭਾਲ਼-ਘਰ) ਵਿੱਚ ਰਹਿੰਦਾ, ਸਾਰਾ ਦਿਨ....।

ਵਿਸ਼ਵਜੀਤ : ਸਾਂਝੇ ਟੱਬਰਾਂ ਦੀ ਤਾਂ ਸ਼ਾਨ ਹੀ ਵੱਖਰੀ ਹੁੰਦੀ ਹੈ। ਨਾ ਘਰ ਨੂੰ ਜਿੰਦਰਾ ਲਾਉਣ ਦੀ ਲੋੜ, ਨਾ ਛੋਟੇ ਬੱਚਿਆਂ ਨੂੰ ਕ੍ਰੈੱਚ ਵਿੱਚ ਛੱਡਣ ਦੀ।

ਰਿਧਿਮਾ : ਮੈਂ ਤਾਂ ਅੱਜ ਘਰ ਜਾ ਕੇ ਪਾਪਾ ਨੂੰ ਕਹਾਂਗੀ, ਬਈ, ਦਾਦਾ-ਦਾਦੀ ਨੂੰ ਲੈ ਕੇ ਆਓ।

ਵਿਸ਼ਵਜੀਤ : ਮੈਂ ਵੀ ਕਹਾਂਗਾ...ਮੈਂ ਤਾਂ ਸਗੋਂ ਆਪ ਹੀ ਜਾਊਂ, ਇਸੇ ਐਤਵਾਰ ਨੂੰ ਮੰਮੀ-ਪਾਪਾ ਨਾਲ਼, ਦਾਦਾ-ਦਾਦੀ ਜੀ ਨੂੰ ਲੈਣ।

ਵੰਦਨਾ : ਇੱਕ ਗੱਲ ਹੋਰ ਸੁਣੋ। ਆਪਾਂ ਸਾਰੇ ਆਪਣੇ ਦਾਦੇ-ਦਾਦੀਆਂ ਨਾਲ਼ ਮਹੀਨੇ ਵਿੱਚ ਇੱਕ ਵਾਰ ਜ਼ਰੂਰ ਪਿਕਨਿਕ 'ਤੇ ਜਾਇਆ ਕਰਾਂਗੇ।

ਸਾਨੀਆ : ਅਸੀਂ ਵੀ ਨਾਨਾ- ਨਾਨੀ ਨੂੰ ਲੈ ਕੇ ਜਾਵਾਂਗੇ, ਪਿਕਨਿਕ 'ਤੇ....।

ਗੁਰਸਿਮਰ : ਨਾਨਾ- ਨਾਨੀ ਵੀ ਜਾਣਗੇ.... ਬੱਲੇ, ਬਈ ਬੱਲੇ, ਹੁਣ ਨਹੀਂ ਰਹਿਣਾ ਅਸੀਂ, ਕੱਲੇ—। (ਅੱਧੀ ਛੁੱਟੀ ਖ਼ਤਮ ਹੋਣ ਦੀ ਘੰਟੀ ਵੱਜਦੀ ਹੈ, ਸਾਰੇ ਹੱਸਦੇ ਹਨ ਅਤੇ ਆਪਣੇ-ਆਪਣੇ ਟਿਫ਼ਨ ਚੁੱਕਦੇ ਹਨ ਤੇ ਚਲੇ ਜਾਂਦੇ ਹਨ।) ਸਟੇਜ ਦੇ ਪਿੱਛਿਓਂ ਅਵਾਜ਼ ਆਉਂਦੀ ਹੈ :-

ਬਜ਼ੁਰਗਾਂ ਦਾ ਸਤਿਕਾਰ ਕਰੋ,
ਕਦੇ ਨਾ ਮੂੰਹੋਂ ਬੋਲੋ ਮੰਦਾ।
ਬਜ਼ੁਰਗ ਤਾਂ ਘਰ ਦਾ ਜਿੰਦਰਾ ਹੁੰਦੇ,
ਸਮਝੋ ਨਾ ਤੁਸੀਂ ਗਲ਼ ਦਾ ਫੰਧਾ।
ਫ਼ਰਜ਼ਾਂ ਤੋਂ ਨਾ ਪੱਲਾ ਛੁਡਾਓ।
ਜਨਮ-ਦਾਤਿਆਂ ਦੀ ਕਰ ਸੇਵਾ,
ਖ਼ੁਸ਼ੀਆਂ ਅਤੇ ਅਸੀਸਾਂ ਪਾਓ।
ਪਦਾਰਥਵਾਦੀ ਰੁਚੀਆਂ ਛੱਡ ਕੇ,
ਸਾਰੇ ਸਰਵਣ ਪੁੱਤ ਬਣ ਜਾਓ।

## ਪਾਠ-ਅਭਿਆਸ

### ਪ੍ਰਸ਼ਨ-1. ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ :

(ੳ) ਰਿਧਿਮਾ ਟਿਫ਼ਨ ਵਿੱਚ ਬਿਸਕੁਟ ਕਿਉਂ ਲੈ ਕੇ ਆਈ ਸੀ?

(ਅ) ਗੁਰਸਿਮਰ ਦੇ ਦਾਦੀ ਜੀ ਉਸ ਨੂੰ ਖਾਣ ਲਈ ਕੀ-ਕੀ ਬਣਾ ਕੇ ਦਿੰਦੇ ਹਨ?

(ੲ) ਸਾਨੀਆ ਦੇ ਮੰਮੀ-ਪਾਪਾ ਨੇ ਬਦਲੀ ਕਿਉਂ ਕਰਵਾਈ ਸੀ?

(ਸ) ਅਧਿਆਪਕ ਅਮਿਤੋਜ ਜੀ ਨੇ ਸਵੇਰ ਦੀ ਸਭਾ ਵਿੱਚ ਕਿਸ ਵਿਸ਼ੇ 'ਤੇ ਭਾਸ਼ਣ ਦਿੱਤਾ?

(ਹ) ਵਿਸ਼ਵਜੀਤ ਕੀ ਚਾਹੁੰਦਾ ਹੈ?

(ਕ) ਸਾਂਝੇ ਟੱਬਰਾਂ ਦੀ ਵੱਖਰੀ ਸ਼ਾਨ ਕਿਉਂ ਹੁੰਦੀ ਹੈ?

ਖ) ਇਸ ਇਕਾਂਗੀ ਵਿੱਚ ਘਰ ਦਾ ਜਿੰਦਰਾ ਕਿਨ੍ਹਾਂ ਨੂੰ ਕਿਹਾ ਗਿਆ ਹੈ?

**ਪ੍ਰਸ਼ਨ-2. ਵਾਕਾਂ ਵਿੱਚ ਵਰਤੋ :**

ਖੀਰ-ਪੂੜੇ, ਸੁਆਦ, ਸੰਭਾਲ਼, ਜ਼ੁੰਮੇਵਾਰੀ, ਸਮੱਸਿਆ, ਰੌਣਕ, ਕ੍ਰੈੱਚ,

**ਪ੍ਰਸ਼ਨ-3. ਖ਼ਾਲੀ ਥਾਂਵਾਂ ਭਰੋ :**

(ੳ) ਸਾਉਣ ਦੇ ਮਹੀਨੇ———— ਵੀ ਉਹ ਹੀ ਬਣਾਉਂਦੇ ਹਨ।

(ਅ) ਨਾਨਾ ਜੀ ਤਾਂ ਇੱਕ ਵਾਰ ਬਹੁਤ ਜ਼ਿਆਦਾ ———— ਹੋ ਗਏ ਸਨ।

(ੲ) ਅੱਜ ਤਾਂ ਮੈਨੂੰ ਆਪਣੇ —————— ਬਹੁਤ ਯਾਦ ਆ ਰਹੇ ਨੇ।

(ਸ) ——— ਦੀ ਤਾਂ ਸ਼ਾਨ ਹੀ ਵੱਖਰੀ ਹੁੰਦੀ ਹੈ।

(ਹ) ਸਾਰੇ ਮਾਪਿਆਂ ਨੂੰ ਚਾਹੀਦੈ ਕਿ ਉਹ ਆਪਣੇ ———— ਨੂੰ ਆਪਣੇ ਨਾਲ਼ ਰੱਖਣ ਅਤੇ ਉਹਨਾਂ ਦੀ ਸੇਵਾ ਕਰਨ।

**ਪ੍ਰਸ਼ਨ-4. ਹੇਠ ਲਿਖੇ ਸ਼ਬਦਾਂ ਨੂੰ ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੋ :**

| ਪੰਜਾਬੀ | ਹਿੰਦੀ | ਅੰਗਰੇਜ਼ੀ |
|---|---|---|
| ਭੁੱਖ | | |
| ਅੱਧੀ ਛੁੱਟੀ | | |
| ਸੁਆਦ | | |
| ਵਿਆਹ | | |
| ਬਜ਼ੁਰਗ | | |
| ਸਹੂਲਤਾਂ | | |
| ਸਮੱਸਿਆ | | |

**ਪ੍ਰਸ਼ਨ-5. ਸਹੀ ਮਿਲਾਣ ਕਰੋ :**

| | |
|---|---|
| ਭੂਆ | ਨਾਨਾ |
| ਮੰਮੀ | ਮਾਸੜ |
| ਨਾਨੀ | ਦਾਦਾ |
| ਦਾਦੀ | ਫੁੱਫੜ |
| ਮਾਸੀ | ਪਾਪਾ |

**ਅਧਿਆਪਕਾਂ ਲਈ :**

ਵਿਦਿਆਰਥੀਆਂ ਵਿੱਚੋਂ ਵੱਖ-ਵੱਖ ਪਾਤਰ ਚੁਣ ਕੇ ਜਮਾਤ ਵਿੱਚ ਇਹ ਇਕਾਂਗੀ ਖਿਡਾਓ।